# ਮੁੱਢਲੇ ਸ਼ਬਦ

ਬੋਲਦੇ ਅੱਖਰ ਅਵਤਾਰ ਸਿੰਘ 'ਦੀਪਕ' ਸੁਨਾਮੀ ਦੇ ਪੰਜ ਜ਼ਬਾਨਾਂ (ਪੰਜਾਬੀ, ਹਿੰਦੀ, ਹਰਿਆਣਵੀ, ਉਰਦੂ ਅਤੇ ਅੰਗਰੇਜ਼ੀ) ਵਿਚ ਪਿਛਲੀ ਅੱਧੀ ਸਦੀ ਦੌਰਾਨ ਲਿਖੇ ਗੀਤਾਂ, ਕਵਿਤਾਵਾਂ, ਨਜ਼ਮਾਂ, ਗ਼ਜ਼ਲਾਂ ਅਥਵਾ ਸ਼ਾਇਰੀ ਦਾ ਸੰਗ੍ਰਹਿ ਹੈ। ਇਸ ਰੰਗਾ-ਰੰਗ ਦੀ ਸ਼ਾਇਰੀ ਦਾ ਇੰਕ ਆਪਣਾ ਮਿਜ਼ਜਾਜ ਹੈ; ਇਨ੍ਹਾਂ ਵੰਨ-ਸੁਵੰਨੀਆਂ ਕਵਿਤਾਵਾਂ ਦੀ ਆਪਣੀ ਵਿਲੱਖਣਤਾ ਹੈ; ਇਨ੍ਹਾਂ ਭਾਂਤ ਭਾਂਤ ਦੇ ਗੀਤਾਂ ਅਤੇ ਗ਼ਜ਼ਲਾਂ ਦੀ ਆਪਣੀ ਤਾਸੀਰ ਹੈ; ਅਤੇ ਇਨ੍ਹਾਂ ਸਾਰੀਆਂ ਰਚਨਾਵਾਂ ਦੀ ਖ਼ੂਬਸੂਰਤੀ ਇਹ ਹੈ ਕਿ ਇਨ੍ਹਾਂ ਵਿਚਲਾ ਇੱਕ ਇੱਕ ਅੱਖਰ ਅਜਿਹੇ ਅਨੂਠੇ ਢੰਗ ਨਾਲ ਬੋਲਦਾ ਹੈ ਕਿ ਇਨ੍ਹਾਂ ਵਿਚੋਂ ਕਵੀ ਦੀ ਬਹੁ-ਪੱਖੀ ਸ਼ਖ਼ਸੀਅਤ ਅਤੇ ਉਸਦੀ ਜ਼ਿੰਦਗੀ ਦੇ ਕਈ ਪੱਖ ਪਾਠਕਾਂ-ਸਰੋਤਿਆਂ ਨੂੰ ਕੀਲ ਲੈਂਦੇ ਹਨ।

ਸਹਿਜ-ਸਪਾਵਿਕਤਾ ਇਨ੍ਹਾਂ ਰਚਨਾਵਾਂ ਦੀ ਮੀਰੀ ਗੁਣ ਹੈ। 'ਦੀਪਕ' ਸੁਨਾਮੀ ਨੇ ਕਵੀ ਬਣਨ ਲਈ ਕੋਈ ਉਚੇਚ ਨਹੀਂ ਕੀਤਾ; ਕੋਈ ਜਦੋ-ਜਹਿਦ ਨਹੀਂ ਕੀਤੀ; ਨਾ ਹੀ ਕਿਸੇ ਹੰਢੇ-ਵਰਤੇ ਸ਼ਾਇਰ ਨੂੰ ਉਸਤਾਦ ਧਾਰਿਆ ਹੈ। ਸਗੋਂ ਕਿਸੇ ਇਲਾਹੀ ਆਵੇਸ਼ ਵਾਂਗ ਸ਼ਬਦ ਆਪ ਮੁਹਾਰੇ ਕਵੀ ਦੇ ਦਿਮਾਗ਼ 'ਚ ਉਤਰਦੇ ਹਨ; ਕਾਨੀ ਦੀ ਨੋਕ ਰਾਹੀਂ ਕਾਗ਼ਜ਼ ਉਪਰ ਅੱਖਰਾਂ ਦਾ ਰੂਪ ਧਾਰਦੇ ਹਨ। ਇਨ੍ਹਾਂ ਅੱਖਰਾਂ ਵਿਚ ਜਿੰਦ-ਜਾਨ ਹੈ; ਭਾਵ ਹਨ; ਇਹ ਨੱਚਦੇ, ਗਾਉਂਦੇ ਅਤੇ ਗੁਣਗੁਣਾਉਂਦੇ ਹਨ ਅਤੇ ਅੱਖਰਾਂ ਦੀ ਇਹ ਰੀਤ ਪੰਜ ਦਹਾਕਿਆਂ ਤੋਂ ਜਾਰੀ ਹੈ। ਇਨ੍ਹਾਂ ਨੇ ਕਈ ਬਹਾਰਾਂ ਹੰਢਾਈਆਂ ਹਨ। ਕਈ ਵਾਰ ਕੁੱਝ ਸੰਗੀਤ-ਪ੍ਰੇਮੀਆਂ ਨੂੰ ਟੁੰਬਿਆ ਹੈ। ਸਾਜ਼ਾਂ ਦੀ ਝਣਕਾਰ ਅਤੇ ਗੀਤਕਾਰ ਦੀ ਆਵਾਜ਼ ਨਾਲ ਆਕਾਸ਼ ਬਾਣੀ ਜਲੰਧਰ ਦੁਆਰਾ ਸੰਗੀਤ-ਪ੍ਰੇਮੀਆਂ ਨੂੰ ਲੰਮੇ ਸਮੇਂ ਤੋਂ ਆਨੰਦ ਦੇਂਦੇ ਆ ਰਹੇ ਹਨ।

ਅਵਤਾਰ ਦੀਪਕ ਦਾ ਪ੍ਰੇਰਣਾ-ਸ਼ਰੋਤ ਉਸ ਦਾ ਵੱਡਾ ਭਾਈ ਗੁਰਬਚਨ ਸਿੰਘ 'ਦੀਪਕ' ਪੀ ਹੈ। ਗੁਰਬਚਨ ਸਿੰਘ 'ਦੀਪਕ' ਇਕ ਵਧੀਆ ਗੀਤ ਲੇਖਕ ਅਤੇ ਗਵੱਈਆ ਸੀ। ਉਹ ਪੰਜਾਬ ਦੇ ਖੇਤੀ-ਬਾੜੀ ਮਹਿਕਮੇ ਵਿਚ ਇੱਕ ਵੱਡਾ ਅਫਸਰ ਸੀ। ਬਦਕਿਸਮਤੀ ਨਾਲ ਉਸ ਦਾ ਗੀਤ-ਸੰਗ੍ਰਹਿ **ਮੁਟਿਆਰ ਪੰਜਾਬ ਦੀ** ਲਾਹੌਰ ਬੁਕ ਸ਼ਾਪ ਦੀ ਸ਼ੈਲਫ ਉੱਪਰ ਸਿਉਂਕ ਦੀ ਖ਼ੁਰਾਕ ਬਣ ਕੇ ਰਹਿ ਗਿਆ। ਗੁਰਬਚਨ ਦੀਪਕ ਨੇ ਜਿਹੜੀ ਲੋਅ ਜਗਾਈ ਉਸ ਨੇ ਹੀ ਵਿਕਸਤ ਹੋ ਕੇ **ਬੋਲਦੇ ਅੱਖਰ** ਦੀ ਸ਼ਕਲ ਇਖਤਿਆਰ ਕੀਤੀ ਹੈ। ਭਰ ਜਵਾਨੀ ਵਿੱਚ ਇਕ ਕਾਰ ਹਾਦਸੇ ਵਿਚ ਗੁਰਬਚਨ ਦੀਪਕ ਦੀ ਹੋਈ ਅਚਾਨਕ ਮੌਤ, ਜਿੱਥੇ ਪੰਜਾਬੀ ਕਾਵਿ-ਜਗਤ ਲਈ ਬਹੁਤ ਵੱਡਾ ਦੁਖਾਂਤ ਹੈ, ਉੱਥੇ ਇਸ ਅਸਹਿ ਸਦਮੇ ਨੇ

ਅਵਤਾਰ ਦੀਪਕ ਨੂੰ ਇਕ ਹੋਣਹਾਰ ਕਵੀ ਤੇ ਗੀਤ ਲੇਖਕ ਬਣਾਉਣ ਵਿਚ ਕਾਫੀ ਹਿੱਸਾ ਪਾਇਆ ਹੈ।

ਅਵਤਾਰ ਦੀਪਕ ਦੇ ਦਾਦਾ, ਕੈਪਟਨ ਰਾਮ ਸਿੰਘ, ਜੋ ਮੂਲ ਰੂਪ ਵਿਚ ਸੁਨਾਮ (ਰਿਆਸਤ ਪਟਿਆਲਾ) ਦੇ ਵਾਸੀ ਸਨ, ਨੂੰ ਚੱਕ ਨੰਬਰ 128 ਜਨੂਬੀ, ਜ਼ਿਲ੍ਹਾ ਸਰਗੋਧਾ (ਪਾਕਿਸਤਾਨ) ਵਿਚ ਪੰਜ ਮੁਰੱਬੇ ਜ਼ਮੀਨ ਮਿਲੀ ਸੀ। ਉਸਦੇ ਤਿੰਨ ਪੁਤਰਾਂ ਵਿਚੋਂ ਅਵਤਾਰ ਸਿੰਘ ਦੀਪਕ ਦਾ ਜਨਮ ਸ. ਤਾਰਾ ਸਿੰਘ ਦੇ ਘਰ ਬਾਰ ਦੇ ਇਸੇ ਪਿੰਡ ਵਿਚ ਹੋਇਆ। ਪ੍ਰਾਇਮਰੀ ਤੱਕ ਦੀ ਮੁੱਢਲੀ ਸਿੱਖਿਆ, ਖਾਨੇਵਾਲ (ਪਾਕਿਸਤਾਨ) ਤੋਂ ਹਾਸਲ ਕੀਤੀ, ਕੁੱਝ ਵਰ੍ਹੇ ਫਿਰੋਜ਼ਪੁਰ ਵਿਚ ਪੜ੍ਹਾਈ ਕੀਤੀ; ਮੈਟ੍ਰਿਕ ਕਲਾਸ ਹਾਈ ਸਕੂਲ ਮੋਗਾ ਤੋਂ ਪਾਸ ਕੀਤੀ। ਉਹ ਲਾਹੌਰ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕੀਲ ਬਣਨਾ ਚਾਹੁੰਦਾ ਸੀ, ਪਰੰਤੂ ਆਪਣੀ ਹੋਣ ਵਾਲੀ ਜੀਵਨ-ਸਾਥਨ ਦੇ ਪਿਤਾ ਦੀ ਮਨਸ਼ਾ ਤੇ ਫੁਲ ਚੜ੍ਹਾਉਂਦੇ ਹੋਇਆਂ ਖੇਤੀਬਾੜੀ ਵਿਸ਼ੇ ਵਿੱਚ ਬੀ.ਐਸ. ਸੀ. ਦੀ ਡਿਗਰੀ ਹਾਸਲ ਕਰਕੇ 195● ਵਿਚ ਪੰਜਾਬ ਖੇਤੀਬਾੜੀ ਮਹਿਕਮੇ ਵਿਚ ਬਤੌਰ ਇੰਨਸਪੈਕਟਰ ਜੁਆਇਨ ਕਰਕੇ, ਸਮੇਂ ਸਮੇਂ ਕਈ ਜ਼ਿੰਮੇਵਾਰੀਆਂ ਨਿਭਾਉਂਦੇ ਹੋਇਆਂ 1988 ਵਿਚ ਡਾਇਰੈਕਟਰ ਮਾਰਕੀਟਿੰਗ ਵਜੋਂ ਸੇਵਾ-ਮੁਕਤ ਹੋਕੇ ਚੰਡੀਗੜ੍ਹ ਵਿਖੇ ਰਿਹਾਇਸ਼ ਲੈ ਆਂਦੀ। 1947 ਈ. ਦੇ ਬਟਵਾਰੇ ਤੋਂ ਪਿਛੇ ਪਰਿਵਾਰ ਇਕ ਵਾਰ ਫੇਰ ਆਪਣੇ ਜੱਦੀ ਟਿਕਾਣੇ ਸੁਨਾਮ ਦਾ ਵਾਸੀ ਬਣ ਗਿਆ।

ਅਵਤਾਰ ਸਿੰਘ ਦੀਪਕ ਪਾਸ ਮੌਜੂਦ ਬੰਸਾਵਲੀ-ਨਾਮੇ ਤੋਂ ਪਤਾ ਲੱਗਦਾ ਹੈ ਕਿ ਦੀਪਕ ਪਰਿਵਾਰ ਦਾ ਸੰਬੰਧ ਸ਼ਹੀਦ ਭਾਈ ਮਨੀ ਸਿੰਘ (ਸ਼੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਹੈੱਡ ਗ੍ਰੰਥੀ) ਅਤੇ ਭਾਈ ਸੁੱਖਾ ਸਿੰਘ ਨਾਲ ਜਾ ਮਿਲਦਾ ਹੈ। ਸ. ਉੱਧਮ ਸਿੰਘ ਦੀ ਸ਼ਹੀਦੀ ਨੇ ਵੀ ਸੁਨਾਮ ਦੀ ਕੀਰਤੀ ਨੂੰ ਚਾਰ ਚੰਨ ਲਾਏ ਹਨ। ਅਵਤਾਰ ਸਿੰਘ ਦੀਪਕ ਜੋ ਪਿਛਲੇ ਦਸ ਸਾਲਾਂ ਤੋਂ "ਚੰਡੀਗੜ੍ਹੀਆ" ਬਣ ਚੁਕਿਆ ਹੈ ਨੇ "ਦੀਪਕ ਸੁਨਾਮੀ" ਦੇ ਨਾਂ ਨਾਲ ਜਾਣੇ ਜਾਣ ਦੀ ਇੱਛਾ ਪ੍ਰਗਟ ਕਰਕੇ ਪਰਿਵਾਰਕ ਵਿਰਸੇ ਦੀ ਸ਼ੋਭਾ ਵੀ ਵਧਾਈ ਹੈ ਅਤੇ ਸੁਨਾਮ ਨੂੰ ਇਸ ਨਾਲ ਹੋਰ ਵਡਿਆਈ ਮਿਲੀ ਹੈ। ਕਿਉਂ ਜੋ ਸੁਨਾਮ ਦੇ ਤਿੰਨ ਹੋਣਹਾਰ ਸਪੂਤਾਂ: ਗੁਰਬਚਨ ਸਿੰਘ ਦੀਪਕ, ਅਵਤਾਰ ਸਿੰਘ ਦੀਪਕ ਅਤੇ ਮਨੋਹਰ ਦੀਪਕ ਨੇ ਪੰਜਾਬ ਅਤੇ ਪੰਜਾਬੀਅਤ ਨੂੰ ਸਮਾਜਕ ਤੇ ਸਭਿਆਚਾਰਕ ਪੱਖਾਂ ਤੋਂ ਪ੍ਰਫੁਲਿਤ ਕਰਨ ਵਿਚ ਵੱਡਾ ਯੋਗਦਾਨ ਪਾਇਆ ਹੈ।

1947 ਵਿਚ ਜਦ ਸਿੱਖ ਕਿਸਾਨਾਂ ਨੂੰ ਪਾਕਿਸਤਾਨ ਵਿਚ ਆਪਣੀਆਂ ਹਰੀਆਂ ਭਰੀਆਂ ਤੇ ਉਪਜਾਊ ਜ਼ਮੀਨਾਂ ਛੱਡਣ ਲਈ ਮਜਬੂਰ ਹੋਣਾ ਪਿਆ ਤਾਂ ਭਾਰਤ ਅਤੇ ਵਿਸ਼ੇਸ਼ ਕਰਕੇ

ਪੰਜਾਬ ਵਿਚ ਅੰਨ ਦਾ ਬਹੁਤ ਭਾਰੀ ਸੰਕਟ ਸੀ। ਗੁਰਬਚਨ ਸਿੰਘ ਦੀਪਕ ਅਤੇ ਅਵਤਾਰ ਸਿੰਘ ਦੀਪਕ ਨੇ ਪੰਜਾਬ ਦੇ ਖੇਤੀਬਾੜੀ ਵਿਭਾਗ ਵਿਚ ਨੌਕਰੀ ਦੌਰਾਨ ਦੇਸ਼ ਵਿਚ ਹਰੀ ਕ੍ਰਾਂਤੀ ਲਿਆਉਣ ਲਈ ਅਹਿਮ ਰੌਲ ਅਦਾ ਕੀਤਾ ਹੈ। ਜਦ ਅਵਤਾਰ ਸਿੰਘ ਦੀਪਕ ਦੀ ਨਿਯੁਕਤੀ ਜਲੰਧਰ ਵਿਖੇ ਫਾਰਮ ਰੇਡੀਓ ਅਫਸਰ ਵਜੋਂ ਹੋਈ ਤਾਂ ਪੰਜਾਬ ਦੇ ਕਿਸਾਨਾਂ ਨੂੰ ਜਿੱਥੇ ਇੱਕ ਪਾਸੇ ਖੇਤੀਬਾੜੀ ਦੇ ਨਵੇਂ ਸਾਧਨਾਂ ਦੀ ਵਰਤੋਂ ਬਾਰੇ ਟ੍ਰੇਨਿੰਗ ਦਿੱਤੀ ਜਾ ਰਹੀ ਸੀ, ਓਥੇ ਅਕਾਸ਼ ਬਾਣੀ ਦੇ ਮਾਧਿਅਮ ਰਾਹੀਂ ਵਿਗਿਆਨਕ ਨੀਹਾਂ ਉੱਪਰ ਨਵੀਂ ਤੇ ਢੁਕਵੀਂ ਜਾਣਕਾਰੀ ਦੇ ਕੇ ਖੇਤੀ ਵਿਚ ਦਿਨ ਦੂਣੀ ਅਤੇ ਰਾਤ ਚਾਰ ਗੁਣੀ ਤਰੱਕੀ ਹੋਈ। ਇਸੇ ਦੌਰਾਨ ਅਵਤਾਰ ਦੀਪਕ ਨੂੰ 1969 ਵਿਚ ਭਾਰਤ ਸਰਕਾਰ ਵੱਲੋਂ ਆਸਟ੍ਰੇਲੀਅਨ ਬਰਾਡ-ਕਾਸਟਿੰਗ ਕਮਿਸ਼ਨ ਸਿਡਨੀ ਤੋਂ ਇੰਟਰਨੈਸ਼ਨਲ ਡਿਪਲੋਮਾ ਇਨ ਫਾਰਮ ਬਰਾਡ-ਕਾਸਟਿੰਗ ਹਾਸਲ ਕੀਤਾ। ਆਪਣੀ ਸਰਵਿਸ ਦੌਰਾਨ ਵਿੱਚ ਸਾਰੇ ਭਾਰਤ ਵਿਚੋਂ ਯਾਰਾਂ ਅਫਸਰਾਂ ਦੇ ਡੈਲੀਗੇਸ਼ਨ ਦਾ ਮੁਖੀ ਬਣਾ ਕੇ ਜਨੂਬੀ ਕੋਰੀਆ ਤੇ ਫਿਲਪਾਈਨ ਦੇ ਦੌਰੇ ਲਈ ਭੇਜਿਆ ਗਿਆ। ਇਸ ਤਰ੍ਹਾਂ ਪੰਜਾਬ ਵਿਚ ਖੇਤੀਬਾੜੀ ਦੀ ਟ੍ਰੇਨਿੰਗ, ਰੇਡੀਓ ਰਾਹੀਂ "ਖੇਤ ਖਲਵਾੜ" ਪ੍ਰੋਗਰਾਮ ਅਧੀਨ 'ਉੱਨਤ ਖੇਤੀ' ਅਤੇ 'ਚਾਨਣ ਰਿਸ਼ਮਾਂ' ਨਾਵਾਂ ਹੇਠ ਪੰਜਾਬ ਦੇ ਪਿੰਡਾਂ ਵਿਚ ਜਾਗ੍ਰਤੀ ਪੈਦਾ ਕੀਤੀ। ਪੇਂਡੂ ਲੋਕਾਂ ਨੂੰ ਮੁੱਖ ਰੱਖ ਕੇ ਲਿਖੇ ਗਏ ਅਤੇ ਰੇਡੀਓ ਜਲੰਧਰ ਤੋਂ ਗਾਏ ਗਏ ਅਵਤਾਰ ਸਿੰਘ ਦੀਪਕ ਦੇ ਗੀਤ ਅੱਜ ਵੀ ਲੋਕਾਂ ਨੂੰ ਖਿੱਚ ਪਾਉਂਦੇ ਹਨ। 'ਦੀਪਕ' ਦੀ ਸ਼ਾਇਰੀ ਵਿੱਚੋਂ ਪੰਜਾਬ ਦੇ ਲੋਕ ਜੀਵਨ ਦੇ ਕਈ ਪੱਖ ਉਘੱੜ ਕੇ ਸਾਹਮਣੇ ਆਉਂਦੇ ਹਨ।

ਪੰਜਾਬ ਵਿਚ ਹਰੀ ਕ੍ਰਾਂਤੀ ਜਾਂ ਖੇਤੀ ਇਨਕਲਾਬ ਤੋਂ ਛੁੱਟ ਤਿੰਨ ਦੀਪਕ ਭਰਾਵਾਂ ਦੀ ਪੰਜਾਬ ਨੂੰ ਸਭ ਤੋਂ ਵੱਡੀ ਦੇਣ ਸਭਿਆਚਾਰਕ ਖੇਤਰ, ਵਿਸ਼ੇਸ਼ ਕਰਕੇ ਭੰਗੜੇ ਦੇ ਪਿੜ ਵਿਚ ਹੈ। ਪੰਜਾਬ ਦੀ ਭੂਗੋਲਿਕ ਸਥਿਤੀ ਅਜਿਹੀ ਹੈ ਕਿ ਇਹ ਆਦਿ-ਕਾਲ ਤੋਂ ਜੰਗਾਂ, ਯੁੱਧਾਂ ਦਾ ਅਖਾੜਾ ਰਿਹਾ ਹੈ। ਅਜਿਹੇ ਇਤਿਹਾਸਕ ਕਾਰਨਾਂ ਕਰਕੇ ਪੰਜਾਬ ਕਲਾਸੀਕਲ ਕਲਾਵਾਂ ਵਿਚ ਵਿਸ਼ੇਸ਼ ਥਾਂ ਨਹੀਂ ਬਣਾ ਸਕਿਆ। ਪਰੰਤੂ, ਲੋਕ ਨਾਚਾਂ : ਭੰਗੜਾ, ਗਿੱਧਾ, ਸੱਮੀ, ਝੁੱਮਰ, ਕਿਕਲੀ ਆਦਿ ਵਿਚ ਪੰਜਾਬ ਨੇ ਆਪਣੀ ਵਿਲੱਖਣਤਾ ਕਾਇਮ ਰਖੀ ਹੈ। ਆਦਿ-ਕਾਲੀਨ ਮਨੁੱਖ ਨੇ ਕੁਦਰਤੀ ਸ਼ਕਤੀਆਂ ਦੀ ਨਕਲ ਕਰਨ, ਦੇਵੀ ਦੇਵਤਿਆਂ ਨੂੰ ਰੀਝਾਉਣ ਅਤੇ ਲੋਕ ਜੀਵਨ ਦੇ ਅਨੇਕਾਂ ਅਵਸਰਾਂ ਦੇ ਮੌਕੇ ਤੇ ਲੋਕ ਨਾਚਾਂ ਦਾ ਪ੍ਰਯੋਗ ਕੀਤਾ। ਜਿਸ ਕਾਰਨ ਲੋਕ ਨਾਚਾਂ ਦਾ ਕੁਦਰਤ ਅਤੇ ਲੋਕਾਂ ਨਾਲ ਬੜਾ ਡੂੰਘਾ ਤੇ ਨੇੜਲਾ ਸੰਬੰਧ ਬਣ ਗਿਆ। ਵੈਸੇ ਵੀ ਲੋਕ ਨਾਚ ਲੋਕ ਸਮੂਹ ਦੀ ਖੁਸ਼ੀ ਦਾ ਸਰੀਰਕ ਹਰਕਤਾਂ ਰਾਹੀਂ ਸਹਿਜ ਸੁਭਾਅ ਅਤੇ ਆਪ-ਮੁਹਾਰਾ ਪ੍ਰਗਟਾਵਾ ਹਨ। ਪੰਜਾਬ ਦੇ ਲੋਕ ਨਾਚਾਂ ਨੂੰ ਪ੍ਰਾਚੀਨ ਕਾਲ ਤੋਂ ਚਲੇ ਆ ਰਹੇ ਪੰਜਾਬੀਆਂ ਦੇ ਅਹਿਸਾਸਾਂ ਦਾ ਠੀਕ ਤੌਰ ਤੇ ਤਰਜਮਾਨ ਮੰਨਿਆ ਜਾ ਸਕਦਾ ਹੈ। ਅਸਲ ਵਿਚ ਪੰਜਾਬ ਦਾ ਭੰਗੜਾ, ਗਿੱਧਾ ਅਤੇ ਹੋਰ ਲੋਕ ਨਾਚ

ਪ੍ਰਕਿਰਤੀ ਨ੍ਰਿਤ ਹਨ, ਜਿਹੜੇ ਸਾਨੂੰ ਵਿਰਸੇ ਵਿਚ ਮਿਲੇ ਹਨ ਅਤੇ ਇਕ ਤੋਂ ਦੂਜੀ ਤੇ ਫਿਰ ਕਈ ਪੀੜ੍ਹੀਆਂ ਰਾਹੀਂ ਸਾਡੇ ਤੱਕ ਪੁੱਜੇ ਹਨ। ਇਨ੍ਹਾਂ ਨਾਚਾਂ ਨੇ ਪੰਜਾਬੀਆਂ ਦੇ ਪੰਜਾਬੀ-ਪੁਣੇ ਨੂੰ ਲੋਪ ਨਹੀਂ ਹੋਣ ਦਿੱਤਾ। ਇਹ ਪੰਜਾਬੀਆਂ ਦੀ ਸ਼ਨਾਖਤ ਅਤੇ ਪੰਜਾਬੀ ਸਭਿਆਚਾਰ ਦੀ ਪਛਾਣ ਦਾ ਅਟੁੱਟ ਅੰਗ ਹਨ।

ਇਤਿਹਾਸਕ, ਸਮਾਜਕ ਅਤੇ ਸਭਿਆਚਾਰਕ ਹਾਲਾਤ ਦੀ ਬਦਲੀ ਕਾਰਣ ਲੋਕ ਕਲਾਵਾਂ ਦੇ ਪ੍ਰਗਟਾਵੇ ਵਿਚ ਤਬਦੀਲੀ ਵਾਪਰਦੀ ਹੈ। ਇਕ ਸਮਾਂ ਸੀ ਕਿ ਭੰਗੜੇ ਵਿਚ ਕੋਈ ਅਦਾਕਾਰਾ (ਲੜਕੀ) ਭਾਗ ਨਹੀਂ ਸੀ ਲੈ ਸਕਦੀ; ਗਿੱਧਾ ਆਮ ਤੌਰ ਤੇ ਮੁੰਡੇ ਘਰਾਂ ਦੀਆਂ ਛੱਤਾਂ ਉੱਪਰ ਚੜ੍ਹ ਕੇ ਚੋਰੀ ਛਿਪੇ ਵੇਖਦੇ ਸਨ। ਹੁਣ ਭੰਗੜੇ ਵਿਚ ਕੁੜੀਆਂ ਵੀ ਨੱਚਦੀਆਂ ਹਨ ਅਤੇ ਗਿੱਧੇ ਵਿਚ ਮੁੰਡੇ ਬੋਲੀਆਂ ਤੇ ਗਿੱਧਾ ਪਾਉਂਦੇ ਦਿਸ ਆਉਂਦੇ ਹਨ।

ਦੀਪਕ ਭਰਾਵਾਂ ਦੀ ਤ੍ਰਿਕੜੀ (ਗੁਰਬਚਨ ਸਿੰਘ ਦੀਪਕ, ਅਵਤਾਰ ਸਿੰਘ ਦੀਪਕ ਅਤੇ ਮਨੋਹਰ ਦੀਪਕ) ਨੇ ਭੰਗੜੇ ਨੂੰ 13 ਅਪ੍ਰੈਲ 1949 ਵਿਸਾਖੀ ਵਾਲੇ ਦਿਨ ਸੁਨਾਮ ਤੋਂ ਆਰੰਭ ਕਰਕੇ ਪਿਛਲੇ ਪੰਜ ਦਹਾਕਿਆਂ ਵਿਚ ਕੇਵਲ ਪੰਜਾਬ ਹੀ ਨਹੀਂ ਸਗੋਂ ਭਾਰਤ ਦੇ ਕੌਨੇ ਕੌਨੇ ਤੱਕ ਪਹੁੰਚਾਇਆ ਹੈ। ਲੋੜ ਅਨੁਸਾਰ ਭੰਗੜੇ ਦੇ ਕਿਰਦਾਰ ਬਦਲੇ ਹਨ; ਢੋਲੀ ਤਬਦੀਲ ਹੁੰਦੇ ਰਹੇ ਹਨ; ਬੋਲੀਆਂ ਵਿਚ ਵਾਧਾ ਹੁੰਦਾ ਰਿਹਾ ਹੈ, ਪਰ ਭੰਗੜੇ ਦੀ ਮੂਲ ਭਾਵਨਾ ਵਿਚ ਪਰਿਵਰਤਨ ਨਹੀਂ ਆਇਆ। ਭੰਗੜੇ ਦੇ ਖੇਤਰ ਵਿਚ ਦੀਪਕ ਭਰਾਵਾਂ ਦੀ ਦੇਣ ਸੰਬੰਧੀ **ਬੋਲਦੇ ਅੱਖਰ** ਦੀ ਅੰਤਿਕਾ ਵਿਚ ਅਵਤਾਰ ਸਿੰਘ ਦੀਪਕ ਨੇ ਸੰਖੇਪ ਰੂਪ ਵਿਚ ਜ਼ਿਕਰ ਕੀਤਾ ਹੈ। ਨਿਰਸੰਦੇਹ! ਦੀਪਕ ਬ੍ਰਦਰਜ਼ ਨੇ ਬੜੀ ਮਿਹਨਤ, ਹਿੰਮਤ ਤੇ ਇਕਸਾਰ ਲਗਨ ਨਾਲ ਪੰਜਾਬ ਦੇ ਲੋਕ ਜੀਵਨ ਨਾਲ ਸੰਯੁਕਤ ਇਸ ਕਲਾ ਨੂੰ ਪ੍ਰਫੁਲਿਤ ਕਰਨ ਵਿਚ ਸ਼ਲਾਘਾਯੋਗ ਹਿੱਸਾ ਪਾਇਆ ਹੈ। ਮਨੋਹਰ ਦੀਪਕ ਨੂੰ ਇਸ ਗੱਲ ਦੀ ਵਡਿਆਈ ਵੀ ਜਾਂਦੀ ਹੈ ਕਿ ਪੰਜਾਬੀ ਦੀ ਕੋਈ ਵੀ ਪਿਕਚਰ ਭੰਗੜੇ ਬਿਨਾਂ ਅਧੂਰੀ ਸਮਝੀ ਜਾਂਦੀ ਹੈ। ਹਿੰਦੀ ਫਿਲਮਾਂ ਵਿਚ ਵੀ ਇਸ ਦੀ ਵਰਤੋਂ ਪੱਧਦੀ ਜਾ ਰਹੀ ਹੈ। ਦੀਪਕ ਭਰਾਵਾਂ ਨੇ ਆਪਣੇ ਬਚਪਨ ਪਿੰਡਾਂ ਵਿਚ ਗੁਜ਼ਾਰਿਆ। ਪੰਜਾਬ ਦੇ ਲੋਕ ਜੀਵਨ ਨਾਲੋਂ ਨਾਤਾ ਨਹੀਂ ਤੋੜਿਆ ਅਤੇ ਭੰਗੜੇ ਰਾਹੀਂ ਪੰਜਾਬੀਆਂ ਦੇ ਜੀਵਨ ਦੀ ਤਰਜਮਾਨੀ ਕਰਦੇ ਰਹੇ ਹਨ।

**ਬੋਲਦੇ ਅੱਖਰ** ਪੁਸਤਕ ਨੂੰ ਪੰਜ ਭਾਗਾਂ ਵਿਚ ਵੰਡਿਆ ਗਿਆ ਹੈ। ਆਦਿਕਾ ਅਥਵਾ ਮੁੱਢਲੇ ਭਾਗ ਵਿਚ ਅਵਤਾਰ ਸਿੰਘ 'ਦੀਪਕ' ਸੁਨਾਮੀ ਦੀ ਹਯਾਤੀ, ਸ਼ਖਸੀਅਤ ਦੇ ਵੱਖ-ਵੱਖ ਪੱਖਾਂ ਅਤੇ ਰਚਨਾ ਸੰਬੰਧੀ ਸੰਖੇਪ ਜਾਣਕਾਰੀ ਦਰਜ ਹੈ। ਅੰਤਿਕਾ ਅਥਵਾ ਛੇਵਾਂ ਭਾਗ ਦੀਪਕ ਭਾਰਾਵਾਂ ਦੀ ਪੰਜਾਬ ਦੇ ਲੋਕ ਨਾਚ 'ਭੰਗੜੇ' ਪ੍ਰਤਿ ਦੇਣ ਨਾਲ ਸੰਬੰਧਿਤ ਹੈ।

ਬਾਕੀ ਪੰਜ ਭਾਗਾਂ ਵਿਚ ਅਵਤਾਰ ਸਿੰਘ 'ਦੀਪਕ' ਸੁਨਾਮੀ ਦੀ ਕਾਵਿ ਰਚਨਾ ਦਰਜ ਹੈ। ਪੰਜ ਜ਼ਬਾਨਾਂ ਵਿਚ ਦਰਜ ਇਹ ਸ਼ਾਇਰੀ ਪੰਜਾਬ ਵਿਚ ਸਮੇਂ ਸਮੇਂ ਪ੍ਰਚਲਿਤ ਪੰਜ ਜ਼ਬਾਨਾਂ ਦੀ ਨੁਮਾਇੰਦਗੀ ਕਰਦੀ ਹੈ।

ਪੰਜਾਬੀ, ਪੰਜਾਬ ਦੀ ਸਥਾਨਕ ਬੋਲੀ ਹੈ; ਪੰਜਾਬੀਆਂ ਦੀ ਮਾਤ-ਭਾਸ਼ਾ ਹੈ ਅਤੇ ਇਸ ਵੇਲੇ ਪੰਜਾਬੀ ਦੀ ਸਰਕਾਰੀ ਜ਼ਬਾਨ ਵੀ ਹੈ ਅਤੇ ਮੁੱਢਲੀ ਸਿੱਖਿਆ ਦਾ ਮਾਧਿਅਮ ਵੀ। **ਬੋਲਦੇ ਅੱਖਰ** ਪੁਸਤਕ ਦਾ ਵਡੇਰਾ ਭਾਗ ਪੰਜਾਬੀ ਵਿਚ ਹੈ। ਸੱਠਵਿਆਂ ਤੱਕ ਹਰਿਆਣਾ ਪ੍ਰਾਂਤ ਵੀ ਪੰਜਾਬ ਦਾ ਹਿੱਸਾ ਸੀ। ਉਰਦੂ ਅਤੇ ਅੰਗਰੇਜ਼ੀ ਬ੍ਰਿਟਿਸ਼ ਰਾਜ ਸਮੇਂ ਪੰਜਾਬ ਦੀਆਂ ਸਰਕਾਰੀ ਜ਼ੁਬਾਨਾਂ ਰਹੀਆਂ ਹਨ ਅਤੇ ਤਾਲੀਮ ਦਾ ਜ਼ਰੀਆ ਵੀ। ਹਿੰਦੀ ਭਾਰਤ ਦੀ ਕੌਮੀ ਜ਼ਬਾਨ ਹੈ ਅਤੇ ਇੰਗਲਿਸ਼ ਦਾ ਸਾਰੀ ਦੁਨੀਆਂ ਵਿਚ ਬੋਲਬਾਲਾ ਹੈ। ਅਵਤਾਰ ਸਿੰਘ ਦੀਪਕ ਨੇ ਪੰਜਾਬ ਵਿਚ ਪ੍ਰਚਲਿਤ ਇਨ੍ਹਾਂ ਸਾਰੀਆਂ ਬੋਲੀਆਂ ਨੂੰ ਆਪਣੀ ਕਾਵਿ-ਸ੍ਰਿਜਣਾ ਦਾ ਮਾਧਿਅਮ ਬਣਾਇਆ ਹੈ। ਕਵੀ ਨੂੰ ਇਨ੍ਹਾਂ ਸਾਰੀਆਂ ਜ਼ਬਾਨਾਂ ਉਪਰ ਪੂਰੀ ਤਰ੍ਹਾਂ ਅਬੂਰ ਹਾਸਲ ਹੈ। ਇਨ੍ਹਾਂ ਰਚਨਾਵਾਂ ਦੀ ਖ਼ੂਬਸੂਰਤੀ ਇਹ ਹੈ ਕਿ ਵੱਖ-ਵੱਖ ਬੋਲੀਆਂ ਦੇ ਅੱਖਰਾਂ ਵਿਚੋਂ ਪੰਜਾਬ ਬੋਲਦਾ ਹੈ। ਇਹ ਪੰਜਾਬ ਤੇ ਪੰਜਾਬੀਅਤ ਦੀ ਨੁਮਾਇੰਦਗੀ ਕਰਦੀਆਂ ਹਨ। ਇਨ੍ਹਾਂ ਰਚਨਾਵਾਂ ਵਿਚ ਪੰਜਾਬ ਦੀ ਮਿੱਟੀ ਦੀ ਸੁਗੰਧ ਹੈ; ਸਰ੍ਹੋਂ ਦੇ ਬਸੰਤੀ ਫੁੱਲਾਂ ਦੀ ਤਾਜ਼ਗੀ ਹੈ; ਇਨ੍ਹਾਂ ਵਿਚਲਾ ਹੁਸਨ ਬਾਰ ਦੇ ਟਿੱਬਿਆਂ ਉੱਪਰ ਟਹਿਲ ਰਹੀ ਚੀਚ-ਵਹੁਟੀ ਨਾਲ ਮੇਲ ਖਾਂਦਾ ਹੈ; ਮਲ੍ਹਿਆਂ ਦੇ ਬੇਰਾਂ ਅਤੇ ਪੀਲੂਆਂ ਦਾ ਸੁਆਦ ਹੈ। ਜਿਵੇਂ ਪਿੰਡਾਂ ਦੇ ਲੋਕ ਘਰ ਵਿਚ ਗੁੜ-ਸ਼ੱਕਰ ਦੀ ਵਰਤੋਂ ਲਈ ਕਾਠਾ ਕਮਾਦ ਅਤੇ ਤਾਜ਼ਾ ਆਟੇ ਲਈ ਘੋਨੀ ਕਣਕ ਬੀਜ ਲੈਂਦੇ ਸਨ, ਦੀਪਕ ਦੀਆਂ ਕਵਿਤਾਵਾਂ ਵਿਚ ਵੀ ਅਜਿਹੀ ਤਾਜ਼ਗੀ ਹੈ ਅਤੇ ਇਨ੍ਹਾਂ ਦੀ ਬੋਲੀ ਦੀ ਸਾਦਗੀ ਵਿਚ ਸੁੰਦਰਤਾ ਹੈ। ਇਸ ਪੁਸਤਕ ਦੀਆਂ ਕਵਿਤਾਵਾਂ ਜਾਂ ਗੀਤਾਂ ਵਿਚੋਂ ਪੰਜਾਬ ਦੇ ਪੰਛੀਆਂ ਦੇ ਬੋਲ ਸੁਣਾਈ ਦੇਂਦੇ ਹਨ; ਫਸਲਾਂ ਅਤੇ ਰੁੱਖਾਂ ਦੇ ਆਪਮੁਹਾਰੇ ਸੰਗੀਤ ਦੀ ਧੁਨੀ ਗੂੰਜਦੀ ਲੱਭਦੀ ਹੈ। ਭਾਦੋਂ ਦੀ ਹੁੰਮਸ ਪਿਛੋਂ ਜਿਵੇਂ ਖੁੰਬਾਂ ਆਪਣੇ ਆਪ ਉੱਗ ਪੈਂਦੀਆਂ ਹਨ, ਦੀਪਕ ਦੀ ਕਵਿਤਾ ਵੀ ਕਿਸੇ ਅਜਿਹੇ ਆਵੇਸ਼ ਦੀ ਉੱਪਜ ਹੈ। ਇਨ੍ਹਾਂ ਕਵਿਤਾਵਾਂ, ਗਜ਼ਲਾਂ ਅਤੇ ਗੀਤਾਂ ਵਿਚ ਉਪਲਬੱਧ ਲੋਕ ਗੀਤਾਂ ਦੇ ਵਜ਼ਨ, ਇਨ੍ਹਾਂ ਨੂੰ ਲੋਕ ਜੀਵਨ ਨਾਲ ਜੋੜਦੇ ਹਨ। ਇਹ ਸ਼ਾਇਰੀ ਲੋਕ ਸੰਗੀਤ ਅਤੇ ਲੋਕ ਧੁਨਾਂ ਦੇ ਬਹੁਤ ਨੇੜੇ ਹੈ।

ਆਪਣੀ ਜੀਵਨ-ਦੌੜ ਵਿਚ ਮਨੁੱਖ ਯਾਦਾਂ ਦੇ ਛਿੱਕੂ ਨਾਲ ਨਾਲ ਚੁੱਕੀ ਫਿਰਦੇ ਹਨ। 'ਦੀਪਕ' ਸੁਨਾਮੀ ਦੀ ਯਾਦ ਪਟਾਰੀ ਵਿਚਲੇ ਜਜ਼ਬਿਆਂ, ਅਧੂਰੇ ਅਰਮਾਨਾਂ ਅਤੇ ਅਪੂਰਨ ਖ਼ਾਹਿਸ਼ਾਂ ਨੇ **ਬੋਲਦੇ ਅੱਖਰ** ਦਾ ਰੂਪ ਧਾਰਿਆ ਹੈ। ਆਦਿਕਾ ਵਿਚ "ਕੁੱਝ ਆਪਣੇ ਵੱਲੋਂ" ਸਿਰਲੇਖ ਹੇਠ ਵੀ ਜੀਵਨ ਦੇ ਅਨੁਭਵ ਪਾਠਕਾਂ ਨਾਲ ਸਾਂਝੇ ਕਰਨ ਦੀ ਕੋਸ਼ਿਸ਼ ਕੀਤੀ ਹੈ।

ਅਵਤਾਰ ਸਿੰਘ 'ਦੀਪਕ' ਸੁਨਾਮੀ ਦੀ ਸ਼ਖਸੀਅਤ ਦੇ ਜਿਹੜੇ ਪੱਖ ਉੱਘੜ ਕੇ ਸਾਹਮਣੇ ਆਏ ਹਨ ਉਨ੍ਹਾਂ ਵਿਚੋਂ ਪਤਾ ਲੱਗਾ ਹੈ ਕਿ ਉਸ ਨੂੰ ਪੰਜਾਬ ਦੀ ਮਿੱਟੀ ਨਾਲ ਮੋਹ ਹੈ। ਇੱਕ ਸਰਦੇ ਪੁੱਜਦੇ ਪਰਿਵਾਰ ਦਾ ਜੰਮਪਲ ਹੋਣ ਦੇ ਬਾਵਜੂਦ ਵੀ ਉਸ ਦਾ ਲਗਾਉ ਪੰਜਾਬ ਦੇ ਪੱਖੀਵਾਸ ਕਬੀਲਿਆਂ : ਸ੍ਰੈਂਸੀਆਂ, ਬਾਜ਼ੀਗਰਾਂ, ਸ਼ਿਕਲੀਗਰਾਂ ਨਾਲ ਰਿਹਾ ਹੈ। ਕਿਸੇ ਅਮੀਰ ਦੀ ਕੋਠੀ ਵਿਚ ਵੈੱਲਵੈੱਟ ਦੀ ਰਜ਼ਾਈ ਨਾਲੋਂ ਟੱਪਰੀਵਾਸ ਦੀ ਝੁੱਗੀ ਵਿਚ ਧੂਣੀ ਸੇਕਦਿਆਂ ਰਾਤ ਗੁਜ਼ਾਰ ਕੇ ਉਸ ਨੂੰ ਵਧੇਰੇ ਨਿੱਘ ਮਿਲਦੀ ਹੈ। ਮਿਹਨਤੀ ਕਾਮੇ, ਓਡ, ਗੁੱਜਰ ਆਦਿ ਉਹਦੇ ਮਿੱਤਰ ਹਨ। ਉਹ ਬਹੁਤ ਹੀ ਮਿਲਾਪੜਾ ਇਨਸਾਨ ਹੈ। ਗ਼ਰੀਬਾਂ ਦਾ ਹਿਮਾਇਤੀ, ਲੋੜਵੰਦਾਂ ਦਾ ਦਰਦੀ ਅਤੇ ਇਸ ਦੇ ਟਾਕਰੇ ਉਹ ਆਕੜ-ਬਾਜ਼ਾਂ, ਮਗ਼ਰੂਰ ਅਤੇ ਖ਼ੁਦਗਰਜ਼ਾਂ ਦਾ ਵਿਰੋਧੀ ਹੈ। ਉਹ ਇਕ ਈਮਾਨਦਾਰ ਤੇ ਕਾਮਯਾਬ ਪ੍ਰਬੰਧਕ ਰਿਹਾ ਹੈ ਅਤੇ ਅਫਸਰੀ ਦੀ ਚਿੱਟੀ ਚਾਦਰ ਨੂੰ ਦਾਗ਼ੀ ਹੋਣ ਤੋਂ ਬਚਾਈ ਰੱਖਿਆ ਹੈ। ਇਹੀ ਉਸ ਦੀ ਜ਼ਿੰਦਗੀ ਦੀ ਸ਼ੋਭਾ ਹੈ:

ਫਰਿਸ਼ਤੇ ਸੇ ਬਿਹਤਰ ਹੈ ਇਨਸਾਨ ਬਣਨਾ
ਮਗਰ ਇਸ ਮੇਂ ਲਗਤੀ ਹੈ ਮਿਹਨਤ ਜ਼ਿਆਦਾ।

**ਬੋਲਦੇ ਅੱਖਰ** ਦੀਆਂ ਰਚਨਾਵਾਂ ਅਤੇ ਲੇਖਕ ਦੀ ਸ਼ਖਸੀਅਤ ਵਿਚ ਇਕਸੁਰਤਾ ਹੈ। ਬੋਲਦੇ ਅੱਖਰਾਂ ਦੇ ਰੂਪ ਵਿਚ ਪੰਜਾਬੀਆਂ ਨੂੰ ਪੰਜ-ਰੰਗਾਂ ਤੁਹਫਾ ਦੇਣ ਲਈ ਉਹ ਸਾਡੀ ਵਧਾਈ ਦਾ ਹੱਕਦਾਰ ਹੈ।

2427, ਸੈਕਟਰ 64 ਕਰਨੈਲ ਸਿੰਘ ਬਿੰਦ (ਡਾ.)
ਮੁਹਾਲੀ ਸਾਬਕਾ ਪ੍ਰੋ.ਤੇ ਰਜਿਸਟਰਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ

# ਦੀਪਕ ਸੁਨਾਮੀ

ਆਮ ਵਰਗਾ ਨਹੀ
ਤਮਾਮ ਵਰਗਾ ਨਹੀ

ਆਪਣੇ ਨਾਮ ਵਰਗਾ ਹੀ ਹੈ ਸੁਨਾਮ ਕਸਬੇ ਦਾ ਅਵਤਾਰ ਸਿੰਘ ਦੀਪਕ ਸੁਨਾਮੀ। ਉਸਦਾ ਮੂੰਹ ਮੁਹਾਂਦਰਾ, ਡੀਲ ਡੌਲ, ਬੋਲਚਾਲ, ਚਾਲ ਢਾਲ ਸਹਿਜੇ ਕਿਤੇ ਕਿਸੇ ਹੋਰ ਨਾਲ ਮੇਲ ਨਹੀਂ ਖਾਂਦੇ। ਉਹ ਬੋਲ ਰਿਹਾ ਹੋਵੇ, ਗੱਲ ਕਰ ਰਿਹਾ ਹੋਵੇ ਤਾਂ ਤੁਹਾਨੂੰ ਕੰਨ ਖੋਲ੍ਹਣ ਦੀ ਲੋੜ ਨਹੀਂ। ਉਸਦੀ ਆਵਾਜ਼ ਬੂਹੇ ਭੰਨ ਕੰਨਾਂ ਨੂੰ ਪਾਰ ਕਰਕੇ ਸੁਰ ਤੁਹਾਡੇ ਦਿਲ ਦੀ ਦਹਿਲੀਜ਼ ਟੱਪ ਜਾਂਦੀ ਹੈ। ਜਦੋਂ ਵੀ ਗੱਲ ਕਰਦਾ ਹੈ, ਕਰਦਾ ਹੈ ਤੋਪੇ ਤੋੜ, ਧੂ ਕੇ ਬਾਹਰ ਨਹੀਂ ਕੱਢਦਾ। ਉਹ ਤਾਂ ਆਪਣੇ ਸੱਚ ਦੇ ਜ਼ੋਰ ਨਾਲ ਧੁਰ ਅੰਦਰੋਂ ਗੱਜ ਵੱਜ ਕੇ ਆਪੇ ਹੀ ਬਾਹਰ ਛਾਲਾਂ ਮਾਰਦੀ ਹੈ ਇਸ ਸੁਨਾਮੀ ਦੇ ਮੁਖਾਰਬਿੰਦ ਵਿਚੋਂ ਫਟਾਫਟ ਬੋਲ ਉੱਠਦੀ ਹੈ।

ਅੱਜ ਤੋਂ 69 ਸਾਲ ਪਹਿਲੋਂ ਭਾਦੋਂ ਦੀ ਸੰਗਰਾਂਦ ਨੂੰ ਅਵਤਾਰ ਸਿੰਘ ਸੁਨਾਮੀ ਦਾ ਸੁਨਾਮ ਵਿਚ ਨਹੀਂ ਸਰਗੋਧੇ ਜ਼ਿਲੇ ਦੇ ਚੱਕ ਨੰ: 128 ਜਨੂਬੀ ਜਿਹੜਾ ਅੱਜਕਲ ਪਾਕਿਸਤਾਨੀ ਪੰਜਾਬ ਵਿੱਚ ਪੈਂਦਾ ਹੈ ਪ੍ਰਸਿੱਧ ਇਤਿਹਾਸਕ ਮਹਾਂਪੁਰਸ਼ ਕਪਤਾਨ ਰਾਮ ਸਿੰਘ ਦੇ ਦੂਜੇ ਪੋਤੇ ਦੇ ਰੂਪ ਵਿਚ ਜਨਮ ਹੋਇਆ ਸੀ। ਵੱਡੇ ਭਰਾ ਦਾ ਨਾਂ ਸੀ ਗੁਰਬਚਨ ਸਿੰਘ ਜਿਹੜਾ ਵੱਡਾ ਹੋ ਕੇ ਕਵੀ ਅਤੇ ਗਾਇਕ ਵਜੋਂ ਗੁਰਬਚਨ ਸਿੰਘ ਦੀਪਕ ਦੇ ਨਾਂ ਨਾਲ ਪ੍ਰਸਿੱਧ ਹੋਇਆ। ਉਸਦਾ ਤਖ਼ੱਲਸ 'ਦੀਪਕ' ਹੋਣ ਕਰਕੇ ਵੱਡੇ ਹੋਣ ਤੇ ਅਵਤਾਰ ਦੇ ਨਾਂ ਨੂੰ 'ਦੀਪਕ' ਦਾ ਕਾਵਿਨਾਮਾ ਉਸ ਨੂੰ ਵੱਡੇ ਵੀਰ ਦੇ ਵਿਰਸੇ ਵਜੋਂ ਪ੍ਰਾਪਤ ਹੋਇਆ ਤੇ ਛੋਟਾ ਤੇ ਤੀਜਾ ਫਿਲਮੀ ਭਰਾ ਮਨੋਹਰ ਸਿੰਘ ਵੀ ਐਕਟਰ ਹੋਣ ਦੇ ਨਾਤੇ ਮਨੋਹਰ ਦੀਪਕ ਹੋ ਗਿਆ। ਇਹ ਤਿੰਨੇ ਵੀਰੇ ਵੀ ਆਪਣੀ ਆਪਣੀ ਥਾਂ ਜੁਦੀਆਂ ਜੁਦੀਆਂ ਵਿਸ਼ੇਸ਼ਤਾਈਆਂ ਦੇ ਧਾਰਨੀ ਹੋਏ। ਤਿੰਨੋਂ ਇੱਕ ਦੂਜੇ ਨਾਲ ਸ਼ਕਲ, ਮੁਹਾਂਦਰੇ, ਰੰਗਰੂਪ ਤੇ ਸੁਭਾਅ ਕਰਕੇ ਮਿਲਦੇ ਨਹੀਂ ਸਨ। ਤਿੰਨੋਂ ਕਵੀ ਗਾਇਕ, ਭੰਗੜੇ ਦੇ ਮੋਢੀ ਦੀਪਕ ਬਰਦਰਜ਼ ਦੇ ਨਾਂ ਨਾਲ ਭਾਰਤ, ਪੰਜਾਬ ਤੇ ਦੁਨੀਆ 'ਚ ਮਸ਼ਹੂਰ ਹੋਏ ਹਨ।

ਮੇਰਾ ਆਪਣਾ ਵੀ ਤਾਂ ਇਹਨਾਂ ਦੀਪਕ ਭਰਾਵਾਂ ਨਾਲ ਬੜਾ ਨੇੜੇ ਦਾ ਰਿਸ਼ਤਾ ਹੈ। ਇਹਨਾਂ ਦੇ ਮਾਤਾ ਜਸਵੰਤ ਕੌਰ ਜੀ, ਪਿੰਡ ਰਾਣੀਪੁਰ ਦੇ, ਮੇਰੀ ਭੂਆ ਹੀ ਤਾਂ ਲਗਦੇ ਸੀ। ਮੈਨੂੰ ਖੁਦ ਨੂੰ ਬੜਾ ਹੀ ਮਾਣ ਹੈ ਕਿ ਮੇਰੇ ਇਹ ਤਿੰਨੋਂ ਭੂਆ ਦੇ ਪੁੱਤ ਭਰਾ ਆਪਣੀ ਆਪਣੀ ਥਾਂ ਬੜੇ ਹੀ ਗੁਣਵਾਨ ਵਿਅਕਤੀ ਸਿੱਧ ਹੋਏ। ਗੁਰਬਚਨ ਦੀਪਕ (ਹੁਣ ਹੈ ਨਹੀਂ) ਆਪਣੇ

ਸਮੇਂ ਦੀ ਸਿਰਮੌਰ ਕਵੀ ਸੀ, ਜਦ ਤਰੱਨਮ ਵਿਚ ਕਵਿਤਾ ਪੇਸ਼ ਕਰਦਾ ਸੀ ਤਾਂ ਸਰੋਤਿਆਂ ਨੂੰ ਕੀਲ ਲੈਂਦਾ ਸੀ। ਸਭ ਤੋਂ ਛੋਟੇ ਮਨੋਹਰ ਨੇ ਭਾਰਤੀ ਪੰਜਾਬ ਵਿਚ ਭੰਗੜੇ ਨਾਚ ਦੇ ਪਿੜ ਵਿਚ ਮਧੀਆਲਾ ਕੰਮ ਕੀਤਾ। ਅਵਤਾਰ ਦੀਪਕ ਨੇ ਲੋਕ ਗਾਇਕੀ ਅਤੇ ਨਾਚ ਨਿਰਤ ਦੇ ਮੈਦਾਨ ਵਿੱਚ ਧਮਾਲਾ ਪਾ ਛੱਡੀਆਂ ਤੇ ਫੇਰ ਕਵਿਤਾ ਰਚਣ ਵਿਚ ਨਵੀਆਂ ਪਿਰਤਾਂ ਵੀ ਪਾਈਆਂ ਸਨ।

ਮੈਂ ਜਦੋਂ ਵੀ ਕਦੇ ਇਹਨਾਂ ਦੀ ਦੀ ਗਲ ਕਰਦਾ ਹਾਂ, ਬੜਾ ਹੁੱਬ ਕੇ ਕਰਦਾ ਹਾਂ। ਅਵਤਾਰ ਸਿੰਘ ਦੀਪਕ ਸੁਨਾਮ ਦਾ ਹੋਣ ਕਰਕੇ ਸੁਨਾਮੀ ਤਾਂ ਹੈ ਹੀ, ਨਾਲ ਦੀ ਨਾਲ ਉਹ ਜਗਮਗ ਕਰਦਾ, ਅਹਿਸਾਸਾਂ ਦੀਆਂ ਲਾਟਾਂ ਛੱਡਦੀ ਬੱਤੀ ਵਾਲਾ ਦੀਪਕ ਵੀ ਹੈ। ਉਸਦੀ ਬੱਤੀ ਦਿਨ ਨੂੰ ਵੀ ਬਾਹਰ ਵਗਦੀ ਜ਼ਿੰਦਗੀ ਦੀ ਗਰਮ-ਸਰਦ ਹਵਾ ਵਿਚ ਅਠਕੇਲੀਆਂ ਕਰਦੀ ਹੈ, ਜਗਦੀ ਹੈ, ਬੁਝਦੀ ਬਿਲਕੁਲ ਨਹੀਂ, ਬੜ੍ਹਕਾਂ ਤੇ ਬੜ੍ਹਕਾਂ ਮਾਰਦੀ ਹੈ। ਇਸੇ ਅਵਤਾਰ ਸਿੰਘ ਸੁਨਾਮੀ ਦੀ ਦੀਪਕ ਬੱਤੀ ਨੇ ਪਿਛਲੇ 5● ਸਾਲਾਂ ਵਿਚ ਕਈ ਸਾਰੇ ਰਸਲੀਣ ਬੋਲ ਉਚਾਰੇ ਹਨ ਜਿਨ੍ਹਾਂ ਦੇ ਜੋੜਾਂ ਤੋੜਾਂ ਨੇ ਕਵਿਤਾਵਾਂ ਦਾ ਰੂਪ ਧਾਰਨ ਕਰ ਲਿਆ ਹੈ ਜਿਨ੍ਹਾਂ ਨੂੰ ਅੱਖਰਬੱਧ ਕੀਤਾ ਜਾਂਦਾ ਰਿਹਾ। ਇਹ ਅੱਖਰ ਇਕ ਤਰ੍ਹਾਂ ਨਾਲ ਗੱਲਾਂ ਕਰਦਿਆਂ, ਕਹਿੰਦਿਆਂ ਹੀ ਜੰਮੇ-ਬੜਾ ਕੁਝ ਬੋਲ ਰਹੇ ਹਨ ਹੁਣ ਵੀ। ਜ਼ਬਾਨ ਇਹਨਾਂ ਦੀ ਪੰਜਾਬੀ ਤੋਂ ਇਲਾਵਾ ਹਿੰਦੀ ਵੀ ਹੈ ਉਰਦੂ ਵੀ ਹੈ, ਹਰਿਆਣਵੀ ਵੀ ਹੈ - ਏਥੋਂ ਤੱਕ ਕਿ ਉਹ ਅੰਗਰੇਜ਼ੀ ਤੱਕ ਵੀ ਬੋਲ ਲੈਂਦੇ ਹਨ।

ਅਵਤਾਰ ਸਿੰਘ ਦੀਪਕ ਸੁਨਾਮੀ ਨਾਲ ਜ਼ਿੰਦਗੀ ਨੇ ਕਿਹੋ ਜਿਹਾ ਸਲੂਕ ਕੀਤਾ? ਦੋਸਤਾਂ ਮਿੱਤਰਾਂ, ਸਾਕਾਂ ਸੰਬੰਧੀਆਂ, ਜਾਣੂਆਂ ਪਛਾਣੂਆਂ ਨਾਲ ਕਿਵੇਂ ਗੁਜ਼ਰੀ, ਵਫਾਦਾਰੀਆਂ ਤੇ ਗੱਦਾਰੀਆਂ, ਵਸਾਹੀਆਂ ਤੇ ਬੇ-ਵਸਾਹੀਆਂ ਨਾਲ ਵਾਹ ਪੈਣ ਦੀ ਹਡਬੀਤੀ ਤੋਂ ਉਪਜੇ ਮਨ ਦੇ ਸੂਹੇ ਤਿੱਖੇ, ਸ਼ਿੱਦਤਾਂ ਭਰੇ ਮਨੋਭਾਵਾਂ ਦੁਆਰਾ ਉਸ ਦੇ ਹਿਰਦੇ ਦੀਪਕ ਨਾਲ ਹੋਏ ਵਤੀਰੇ ਨਾਲ ਵਾਪਰਿਆ ਸਲੂਕ ਕਿਵੇਂ ਵਾਪਰਿਆ? ਏਦਾਂ ਦਾ ਕਾਫੀ ਕੁੱਝ ਮੱਲੋਮਲੀ ਕਾਵਿ-ਬੱਧ ਹੁੰਦਾ ਗਿਆ, ਹੁੰਦਾ ਰਿਹਾ। ਦੀਪਕ ਦੀ ਇਸ ਲਗਾਤਾਰ ਜਗਦੀ (ਦਿਲ-ਬਤ) ਨੇ ਅੱਖਰਾਂ ਵਿਚ ਉਤਾਰ ਛੱਡਿਆ ਹੈ। ਅੱਖਰਬੱਧ ਕੀਤੇ ਦੀਪਕ ਦੀ ਦਿਲ-ਬਤੀ ਦੇ ਇਹ ਬੋਲ ਚੁੱਪ ਵੱਟੀ ਨਹੀਂ ਸੀ ਰਹਿ ਸਕਦੇ। ਉਹ ਬੋਲਦੇ ਹਨ, ਉੱਚੀ ਉੱਚੀ ਬੋਲਦੇ ਹਨ। ਇਹਨਾਂ ਬੋਲਾਂ ਦੀ ਸੁਰ ਵਧੇਰੇ ਕਰਕੇ ਉਦਾਸ ਹੈ, ਗ਼ਮਗੀਨ ਹੈ; ਨਾਲ ਹੀ ਪਿਆਰ, ਸਤਿਕਾਰ, ਇਤਬਾਰ, ਇਕਰਾਰ, ਰੁੱਤਾਂ, ਤਿਓਹਾਰਾਂ, ਭਗਤੀ, ਗਿਆਨ, ਦੇਸ਼ ਉਸਾਰੂ, ਖੇਤਾਂ, ਫੁੱਲਾਂ, ਨਿਰਮਲ ਸੋਮਿਆਂ, ਹਵਾਵਾਂ, ਬਹਾਰਾਂ ਦੇ ਰੰਗਾਂ ਨਾਲ ਬਸੰਤ, ਮੇਘ ਮਲਹਾਰ ਅਲਾਪਦੀ ਹੈ।

## ਅਜਿਹਾ ਕਿਸ ਲਈ?

ਇਸ ਅਪਾਰ ਸੰਸਾਰ ਵਿਚ ਆਉਣ ਵਾਲਿਆਂ ਦੀ ਹੋਣੀ ਹੀ ਕੁਝ ਅਜਿਹੀ ਹੈ। ਸਭਨਾਂ ਦਾ ਵਾਹ ਹਰ ਪ੍ਰਕਾਰ ਦੇ ਦੁੱਖਾਂ ਸੁੱਖਾਂ ਨਾਲ ਪੈਂਦਾ ਹੈ। ਦੇਖਣ ਵਿਚ ਇਹੋ ਆਇਆ ਹੈ ਕਿ ਇਹ ਜਜ਼ਬਾਤੀ ਬੰਦਾ ਜੇਕਰ ਦਿਲ ਦਾ ਖੋਟਾ ਨਾ ਹੋਵੇ, ਸੁੱਚਾ ਸੱਚਾ ਹੋਵੇ ਤਾਂ ਉਸ ਦਾ ਪੈਰ ਪੈਰ ਤੇ ਸੁਆਗਤਕਰਤਾ ਦੁੱਖਾਂ ਸੁੱਖਾਂ ਵਿਚੋਂ ਦੁੱਖਾਂ ਦੀ ਗਿਣਤੀ ਅਤੇ ਸ਼ਿੱਦਤ ਬਹੁਤ ਵਧ ਜਾਂਦੀ ਹੈ।

ਅਜਿਹਾ ਪੁਰਖ ਜਿਨ੍ਹਾਂ ਨੂੰ ਆਪਣਾ ਸਮਝਦਾ ਹੈ ਉਹ ਪਰਾਏ ਹੋ ਨਿਬੜਦੇ ਹਨ। ਜਿਨ੍ਹਾਂ ਤੇ ਉਹ ਇਤਬਾਰ ਕਰਦਾ ਹੈ, ਉਹ ਧੋਖਾ ਦੇ ਜਾਂਦੇ ਹਨ। ਜਿਨ੍ਹਾਂ ਲਈ ਉਹ ਦਿਲ ਵਿਛਾਉਂਦਾ ਹੈ ਉਹ ਉਸ ਨੂੰ ਕੰਡਿਆਂ ਉਤੇ ਪਾ ਦਿੰਦੇ ਹਨ। ਦੀਪਕ ਸੁਨਾਮੀ ਨੂੰ ਕਈ ਵਾਰ, ਕਈ ਥਾਈਂ ਦੋਸਤੀ ਨੇ ਪਿਠ ਦਿਖਾਈ, ਦੁਸ਼ਮਣੀ ਨਾਲ ਵਾਹ ਪਿਆ। ਜਿਸ ਨੂੰ ਪਿਆਰ ਕੀਤਾ ਉਸ ਨੇ ਤ੍ਰਿਸਕਾਰ ਦਿੱਤਾ। ਸੱਚ ਨੂੰ ਫਿਟਕਾਰ ਪਈ। ਬਹੁਤ ਕੁਛ ਏਦਾਂ ਦਾ ਹੋਇਆ। ਦੀਪਕ ਦਾ ਦਿਲ ਕੁਝ ਜ਼ਿਆਦਾ ਹੀ ਮਲੂਕ ਹੈ। ਉਹ ਸੱਟਾਂ ਖਾ ਖਾ ਸਹਿੰਦੜ ਹੋ ਗਿਆ ਲਗਦਾ ਹੈ। ਪਰ ਸਿਰ ਚੁੱਕ ਕੇ ਜੀਣ ਦੇ ਜਨੂਨ ਨੇ ਉਸ ਨੂੰ ਡੋਲਣ ਨਹੀਂ ਦਿੱਤਾ।

ਜਦ ਕਦੇ ਵੀ ਦਿਲ ਤੇ ਸੱਟ ਵੱਜੀ ਦੀਪਕ ਨੇ ਮਿੰਟ ਨਹੀਂ ਲਾਇਆ ਕਲਮ ਫੜੀ ਅਤੇ ਆਪਣੇ ਦਿਲ ਦੀ ਕਹੀ ਕਾਗ਼ਜ਼ ਤੇ ਅੰਕਿਤ ਕਰ ਦਿੱਤੀ। ਬਿਨਾਂ ਜ਼ੋਰ ਲਾਇਆਂ ਆਪਣੇ ਆਪ, ਖੁਦ-ਬ-ਖੁਦ ਸਭ ਕੁਝ ਕਾਵਿ ਬੱਧ ਹੀ ਤਾਂ ਹੋ ਗਿਆ। ਅੱਖਰ ਨਾਲ ਅੱਖਰ ਜੁੜਿਆ, ਸਤਰਾਂ ਬਣਦੀਆਂ ਗਈਆਂ ਦਿਲ ਦਾ ਉਛਾਲ ਕਵਿਤਾ ਦਾ ਰੂਪ ਧਾਰਨ ਕਰ ਗਿਆ। ਉਸ ਦੇ ਏਸ ਤਰ੍ਹਾ ਲਿਖੇ ਅੱਖਰ ਬੜਾ ਕੁਝ ਬੋਲਦੇ ਹਨ। ਬੜੀਆਂ ਗੱਲਾਂ ਕਰਦੇ ਤੇ ਸੁਣਾਉਂਦੇ ਹਨ। ਬਸ ਸੁਣਨ ਵਾਲੇ ਕੰਨਾਂ ਤੇ ਸੋਚਣ ਵਾਲੇ ਦਿਮਾਗਾਂ ਦੀ ਲੋੜ ਹੈ। ਛਪ ਰਹੀ ਕਿਤਾਬ ਦਾ ਨਾਂ ਇਸੇ ਕਰਕੇ ਰੱਖਿਆ ਗਿਆ ਹੈ **ਬੋਲਦੇ ਅੱਖਰ**। ਇਹ ਅੱਖਰ ਕਵਿਤਾਵਾਂ ਵਿਚ ਬੋਲਦੇ ਹਨ। ਕਵਿਤਾਵਾਂ ਅਜਿਹੀਆਂ ਬੋਲਦੇ ਹਨ ਜਿਹੜੀਆਂ ਕਿਸੇ ਪਹਿਲੇ ਹੋ ਚੁੱਕੇ ਕਵੀ ਦਰਬਾਰੀ ਜਾਂ ਮਜਲਸੀ ਕਹਿੰਦੇ ਕਹਾਉਂਦੇ ਕਵੀ ਦੀ ਨਕਲ ਨਹੀਂ ਮਾਰਦੀਆਂ। ਸਾਡਾ ਦੀਪਕ ਸੁਨਾਮੀ ਜਿਵੇਂ ਕਿ ਉਹ ਸ਼ਖਸੀਅਤ ਕਰਕੇ ਨਿਖੜਵਾਂ, ਅਨੋਖਾ ਤੇ ਬਿਲਕੁਲ ਵਖਰਾ ਹੈ, ਐਨ ਇਵੇਂ ਹੀ ਉਸ ਦੀ ਕਾਵਿ-ਕਿਰਤ ਆਪਣੀ ਹੀ ਅਲਹਿਦਾ ਭਾਂਤ ਦੀ ਹੈ। ਕਵੀ ਦੇ ਤੌਰ ਤੇ ਉਸ ਨੇ ਨਾ ਕਿਸੇ ਪ੍ਰੋ: ਮੋਹਣ ਸਿੰਘ ਨਾ ਕਿਸੇ ਧਨੀ ਰਾਮ ਚਾਤ੍ਰਿਕ ਜਾਂ ਫੇਰ ਕਿਸੇ ਭਾਈ ਵੀਰ ਸਿੰਘ ਜਾਂ ਵਿਧਾਤਾ ਸਿੰਘ ਤੀਰ ਜਾਂ ਕਿਸੇ ਹੋਰ ਦੀ ਰੀਸ ਨਹੀਂ ਮਾਰੀ। ਉਸ ਨੇ ਜਦੋਂ ਵੀ ਆਪਣੀ ਦਿਲ ਤੇ ਬੀਤੀ ਗੱਲ ਕਰਨੀ ਹੁੰਦੀ ਸੀ, ਉਸ ਨੂੰ ਕਹਿਣ ਲਈ ਉਸ ਨੂੰ ਕਿਸੇ ਵੱਡੇ ਵਡੇਰੇ ਜਾਂ ਐਵੇਂ ਐਰੇ ਗੈਰੇ ਨੱਥੂ ਖੈਰੇ ਦੀ ਪੂਛ ਫੜਨ ਦੀ ਲੋੜ ਨਹੀਂ ਸੀ ਪੈਂਦੀ। ਉਸ ਨੇ ਜੋ ਕਹਿਣਾ ਹੁੰਦਾ ਉਹ ਆਪਣੇ ਅੱਖਰਾਂ,

ਆਪਣੇ ਸ਼ਬਦਾਂ ਆਪਣੀਆਂ ਵਿਉਂਤਾਂ ਵਿਚ ਲੋੜ ਅਨੁਸਾਰ ਲੰਮੀਆਂ ਛੋਟੀਆਂ ਤੁਕਾਂ ਤੇ ਤਰਜ਼ਾਂ ਵਿੱਚ ਮੂਰਤੀਮਾਨ ਕੀਤੀ ਹੈ। **ਬੋਲਦੇ-ਅੱਖਰ** ਕਿਤਿਓਂ ਫੋਲ ਕੇ ਦੇਖ ਲਓ: 'ਪਰਦੇਸ ਵੇ ਸਜਨਾ' 'ਰੂਪ ਰਸੀਲਾ' ਜਾਂ 'ਕੰਗਣ ਲੈ ਲੈਣੇ' ਪੜ੍ਹ ਲਓ, 'ਭਾਦੋਂ ਰੁੱਤੇ ਜੰਮਿਆ ਰੁੱਖ' ਦੇਖ ਲਓ, ਨਿਗਾਹ ਮਾਰੋ 'ਰਾਤ ਮੱਸਿਆ ਦੀ' ਤੇ ਜਾਂ ਫੇਰ ਏਸ ਸੰਗ੍ਰਹਿ ਦੀ ਕਿਸੇ ਵੀ ਹੋਰ ਰਚਨਾ ਤੇ ਤੁਹਾਨੂੰ ਉਸ ਵਿਚ ਬੋਲ ਰਿਹਾ ਹੋਰ ਕੋਈ ਨਹੀਂ, ਸਾਫ਼ ਤੇ ਸਿੱਧਾ ਅਵਤਾਰ ਦੀਪਕ ਸੁਨਾਮੀ ਸੁਣੇਗਾ ਤੇ ਕਿਸੇ ਹੋਰ ਦੀ ਲੈ ਤਰਜ ਬਿਲਕੁਲ ਨਹੀਂ ਦਿੱਸੇਗੀ।

ਤਾਂ ਫੇਰ ਅਵਤਾਰ ਸਿੰਘ ਦੀਪਕ ਸੁਨਾਮੀ ਦਾ ਏਸ ਮੁਆਮਲੇ ਵਿਚ ਕੋਈ ਗੁਰੂ ਪੀਰ ਹੋਇਆ ਹੀ ਨਹੀਂ, ਉਸ ਨੇ ਧਾਰਨ ਕੀਤਾ ਹੀ ਨਹੀਂ। ਉਸ ਨੂੰ ਲੋੜ ਹੀ ਨਹੀਂ ਪਈ, ਕਿਸੇ ਉਸਤਾਦ ਆਦਿ ਦੀ। ਗਾਲਬ ਜਾਂ ਇਕਬਾਲ ਵਾਂਗ ਉਸ ਨੇ ਕਿਸੇ ਨੂੰ ਉਸਤਾਦ ਨਹੀਂ ਬਣਾਇਆ। ਉਹ ਖ਼ੁਦ ਆਪਣਾ ਉਸਤਾਦ ਹੈ। ਜਿਵੇਂ ਕਿ ਦੁਨੀਆਂ ਦੇ ਕਾਵਿ ਖੇਤਰ ਵਿਚ ਵਾਪਰਦਾ ਰਿਹਾ ਹੈ ਜੇਕਰ ਕੋਈ ਬੰਦਾ ਰੂਹ ਕਰਕੇ ਧੁਰ ਅੰਦਰੋਂ ਕਵੀ ਹੈ ਤਾਂ ਉਸ ਨੂੰ ਕਿਸੇ ਬਾਹਰਲੇ ਸਿਖਿਆਦਾਇਕ ਦੀ ਲੋੜ ਨਹੀਂ ਹੁੰਦੀ।

ਉਪਰੋਕਤ ਸ਼ਬਦਾਂ ਨਾਲ ਮੈਂ ਅਵਤਾਰ ਸਿੰਘ ਦੀਪਕ ਸੁਨਾਮੀ ਦੀ ਕਾਵਿ-ਰਚਨਾ **ਬੋਲਦੇ ਅੱਖਰ** ਜਿਸ ਵਿਚ ਪੰਜ ਵੱਖ ਵੱਖ ਜ਼ਬਾਨਾਂ ਵਿਚ ਕਾਵਿ-ਸਿਰਜਣਾ ਕੀਤੀ ਗਈ ਹੈ, ਦਾ ਸੁਆਗਤ ਕਰਦਾ ਹਾਂ ਅਤੇ ਦੀਪਕ ਸੁਨਾਮੀ ਨੂੰ ਇਸ ਪੁਸਤਕ ਦੇ ਪ੍ਰਕਾਸ਼ਣ ਤੇ ਵਧਾਈ ਦੇਂਦਾ ਹਾਂ।

35, ਸੈਕਟਰ 9-ਏ
ਚੰਡੀਗੜ੍ਹ

ਗੁਰਚਰਨ ਸਿੰਘ (ਡਾ.)
ਪ੍ਰੋਫੈਸਰ ਤੇ ਸਾਬਕਾ ਮੀਤ ਪ੍ਰਧਾਨ
ਪੰਜਾਬ ਸਕੂਲ ਸਿੱਖਿਆ ਬੋਰਡ

# ਕੁੱਝ ਆਪਣੇ ਵੱਲੋਂ

ਮੇਰਾ ਜਨਮ ਚੱਕ ਨੰਬਰ 128 ਐਸ.ਬੀ. ਜ਼ਿਲ੍ਹਾ ਸਰਗੋਧਾ ਪਾਕਿਸਤਾਨ ਵਿੱਚ ਹੋਇਆ। ਇਸ ਪਿੰਡ ਵਿਚ ਪੁੱਜਣ ਲਈ ਸਿੱਖਾਂ ਵਾਲੀ ਜਾਂ ਅਲਦਾਨੇਂ ਸਟੇਸ਼ਨਾਂ ਤੋਂ ਉੱਤਰ ਕੇ ਦੋਨੋਂ ਪਾਸਿਉਂ ਚਾਰ ਪੰਜ ਮੀਲ ਤੁਰਨਾ ਪੈਂਦਾ। ਕੱਚੀਆਂ ਸੜਕਾਂ, ਧੂੜ-ਗੁਬਾਰ, ਘਰ ਪਹੁੰਚਣ ਤੋਂ ਪਹਿਲੋਂ ਹੀ ਪਰਾਹੁਣਿਆਂ ਨੂੰ ਬੇ-ਪਹਿਚਾਣ ਕਰ ਦਿੰਦੀਆਂ।

ਪਿੰਡ ਦੇ ਚੜ੍ਹਦੇ ਪਾਸੇ ਇੱਕ ਵੱਡੇ ਇਹਾਤੇ ਵਿੱਚ ਉੱਸਰੇ ਹੋਏ ਕੱਚੇ ਤੇ ਪੱਕੇ ਮਕਾਨ, ਖੁਲ੍ਹੇ ਦਲਾਨ, ਡੰਗਰਾਂ ਦੇ ਕੋਠੇ ਤੇ ਲੰਬੀਆਂ ਖੁਰਲੀਆਂ ਜਿੱਥੇ ਸਿਰ ਸੁੱਟੀ ਨੀਲੀ ਬਾਰ ਦੀਆਂ ਸੁਨੱਖੀਆਂ ਮੱਝਾਂ, ਲਵੇਰੀਆਂ ਤੇ ੋੜੀਆਂ ਗੁਤਾਵਾ, ਪੱਠੇ ਤੇ ਦਾਣਾ ਖਾਣ ਵਿੱਚ ਮਗਨ ਦਿਸਦੀਆਂ। ਸ਼ਾਮ ਪੈਂਦੀ ਤਾਂ ਕੱਟੇ-ਵੱਛੇ ਅਰਾਟ ਪਾਉਂਦੇ ਤੇ ਦੁੱਧ ਚੋਣ ਦੀ ਘੰਟੀ ਵੱਜ ਜਾਂਦੀ। ਬਾਲਟੀਆਂ ਭਰ ਭਰ ਕੇ ਦੁੱਧ ਕਾੜ੍ਹਨੀਆਂ ਵਿੱਚ ਗਰਮ ਕਰਕੇ ਜਮਾਉਣ ਦੀ ਤਿਆਰੀ ਹੋ ਜਾਂਦੀ ।

ਪਾਣੀ ਪੀਣ ਲਈ ਲੰਮੀ ਚੌੜੀ ਡਿੱਗੀ ਸੀ, ਇਹਾਤੇ ਤੋਂ ਬਾਹਰ, ਜਿਸ ਵਿੱਚ ਪਾਣੀ ਪਹਾੜਾਂ ਤੋਂ ਦਰਿਆਵਾਂ ਰਾਹੀਂ, ਤੇ ਨਹਿਰਾਂ ਵਿੱਚ ਲਹਿਰਾਂ ਮਾਰਦਾ ਹੋਇਆ ਇਕੱਠਾ ਕੀਤਾ ਜਾਂਦਾ। ਇਹ ਪਾਣੀ ਉਸ ਤਪਦੇ ਇਲਾਕੇ ਦੀ, ਜ਼ਿੰਦਗੀ ਲਈ ਸਭ ਤੋਂ ਬਹੁਮੁੱਲੀ ਦਾਤ, ਪਸ਼ੂ-ਪੰਛੀ ਤੇ ਇਨਸਾਨ ਰਲ ਕੇ ਪੀਂਦੇ ਤੇ ਕਹਿੰਦੇ, ਆਓ, ਰਲ ਮਿਲ ਪੀਏ ਅੰਮ੍ਰਿਤ।

ਘੁੱਗੀਆਂ, ਗੱਟਾਰਾਂ, ਕਬੂਤਰ, ਡਿੱਘੀ ਦੇ ਕੰਢਿਆਂ ਤੇ ਪਾਣੀ ਵਿੱਚ ਖੰਭ ਖਿਲਾਰ ਕੇ ਕਲੋਲਾਂ ਕਰਦੇ ਤੇ ਨਹਾਉਂਦੇ ਤੇ ਚੁੱਭੀਆਂ ਲਾ ਲਾ ਕੇ ਸਿਰ ਚੁੱਕ ਚੁੱਕ ਚੁੰਝਾਂ ਨਾਲ ਘੁੱਟ ਘੁੱਟ ਕਰਕੇ ਪਾਣੀ ਪੀ ਕੇ, ਖੰਭ ਮਾਰਦੇ ਉੱਡ ਜਾਂਦੇ। ਕੜਕਦੀ ਧੁੱਪ, ਕਹਿਰ ਦੀ ਗਰਮੀ, ਵਾਵਿਰੋਲੇ, ਤੂਫਾਨ ਇਸ ਇਲਾਕੇ ਦੇ ਜਾਬਰ ਲੋਕਾਂ ਦਾ ਸੀ, ਸਭ ਤੋਂ ਸਸਤਾ ਮੇਵਾ। ਕੁਦਰਤ ਨੇ ਨੀਲੇ ਅਸਮਾਨ ਥੱਲੇ ਲਿਸ਼ਕਦੀ ਲਾਲ ਧਰਤੀ ਨੂੰ ਸੁੰਦਰ ਬਨਾਉਣ ਲਈ, ਕਿੱਕਰਾਂ, ਪੀਲੂ, ਕਰੀਰਾਂ ਤੇ ਜੰਡਾਂ ਨਾਲ ਸਜਾਇਆ ਹੋਇਆ ਸੀ ਤੇ ਇਸ ਧਰਤੀ ਦਾ ਬਾਦਸ਼ਾਹ ਸੀ ਜੰਡ ਜਿਸਦੀ ਤਿੱਤਰ ਖੰਭੀ ਛਾਂ ਥੱਲੇ, ਬੱਕੀ ਬੰਨ੍ਹਕੇ ਮਿਰਜ਼ਾ ਤਰਕਸ਼ ਟਾਹਣੀ ਤੇ ਟੰਗ ਕੇ, ਸਾਹਿਬਾਂ ਦੇ ਮਲੂਕ ਪੱਟਾਂ ਦਾ ਸਰਾਹਣਾ ਲੈ ਕੇ ਸੌਂਦਾ ਸੀ ਕੜਕਦੀ ਧੁੱਪ ਵਿੱਚ; ਨਿਆਣੇ ਇਕੱਠੇ ਹੋ ਘਰਾਂ ਤੋਂ ਬਾਹਰ ਖੇਤਾਂ ਵਿੱਚ ਪੀਲੂ ਖਾ ਕੇ ਗੁੱਲੀ ਡੰਡਾ ਖੇਡਦੇ। ਤੇ ਕਰੀਰਾਂ ਤੋਂ ਡੇਲੇ ਤੋੜ ਘਰ ਲਿਆਉਂਦੇ। ਪੰਜਾਬ ਦੇ ਇਸ ਹਿੱਸੇ ਵਿੱਚ ਜੰਗਲ ਸਾਫ ਕਰਕੇ ਧਰਤੀ ਨੂੰ ਉਪਜਾਊ ਬਨਾਉਣ ਲਈ ਪੂਰਬੀ ਪੰਜਾਬ ਚ ਵੱਸਦੇ ਸਿੱਖਾਂ ਨੇ

ਵੱਡਾ ਹੀਲਾ ਕੀਤਾ ਤੇ ਅੰਗਰੇਜ਼ਾਂ ਨੇ ਨਵੀਆਂ ਨਹਿਰਾਂ ਪੁੱਟੀਆਂ ਤਾਂ ਜੋ ਧਰਤੀ ਦੀ ਤਪਦੀ ਹਿੱਕ ਨੂੰ ਠੰਡਾ ਕਰਕੇ ਇਸ ਵਿਚੋਂ ਜੀਵਨ ਸ਼ਕਤੀ ਪੈਦਾ ਕੀਤੀ ਜਾਵੇ। ਕਣਕ, ਕਮਾਦ, ਕਪਾਹ, ਸਰ੍ਹੋਂ, ਤੋਰੀਆ ਏਥੋਂ ਦੇ ਕਿਸਾਨਾਂ ਰੱਜ ਕੇ ਪੈਦਾ ਕੀਤੇ। ਨਵੀਂ ਮੁਟਿਆਰ ਉਪਜਾਊ ਧਰਤੀ, ਨਵੀਂ ਖੇਤੀ ਦੇ ਢੰਗਾਂ ਨੇ ਸਿੱਖ ਪੰਜਾਬੀਆਂ ਨੂੰ ਨਵੀਂ ਉਤਸ਼ਾਹ ਭਰੀ ਜ਼ਿੰਦਗੀ ਦੀ ਲੀਹੇ ਪਾ ਦਿੱਤਾ।

ਮੇਰੇ ਬਾਬਾ ਜੀ ਕਪਤਾਨ ਰਾਮ ਸਿੰਘ ਭੀ ਸੁਨਾਮ ਤੋਂ ਇਸ ਪਿੰਡ ਵਿੱਚ ਪੰਜ ਮੁਰੱਬਿਆਂ ਨੂੰ ਆਬਾਦ ਕਰਨ ਦੀ ਇੱਛਾ ਨਾਲ ਇਥੇ 1947 ਤੱਕ ਆਪਣੇ ਪਰਿਵਾਰ ਦੇ ਨਾਲ ਵੱਸਦੇ ਰਹੇ।

ਪਹਿਲੀ ਭਾਦੋਂ 193● ਦੀ ਗਰਮ ਸ਼ਾਮ, ਸੱਤ ਵਜੇ ਹੋਣਗੇ। ਜਦੋਂ ਅਸਾਂ ਸ. ਤਾਰਾ ਸਿੰਘ, !

ਖੱਬਿਓਂ ਜੀਵਨ ਪ੍ਰਕਾਸ਼ ਸਿੰਘ ਦੀਪਕ, ਅਵਤਾਰ ਸਿੰਘ ਦੀਪਕ ਸੁਨਾਮੀ, ਸੂਰਜ ਪ੍ਰਕਾਸ਼ ਸਿੰਘ ਦੀਪਕ, ਖੱਬਿਓਂ ਬੈਠੇ ਬਲਵਿੰਦਰ ਦੀਪਕ, ਭਗਵੰਤ ਦੀਪਕ, ਮਧੁਪ੍ਰੀਤ ਦੀਪਕ।

ਖੱਬਿਓਂ ਕਵਿਤਾ ਦੀਪਕ, ਅਰੁਣਇੰਦਰ ਸਿੰਘ ਦੀਪਕ

ਪੁੱਤਰ ਸ. ਰਾਮ ਸਿੰਘ ਸੁਨਾਮੀ ਦੇ ਘਰ ਅਵਤਾਰ ਧਾਰਿਆ। ਮੇਰੀ ਮਾਂ ਜਸਵੰਤ ਕੌਰ ਖੁਸ਼ ਸੀ ਜਿਸ ਨੇ ਸੱਤਾਂ ਸਾਲਾਂ ਬਾਅਦ ਭਾਦੋਂ ਰੁੱਤੇ ਇੱਕ ਹੋਰ ਪੁੱਤਰ ਦੇ ਰੂਪ ਵਿਚ ਸ਼ਹੀਦਾਂ ਦੇ ਖਾਨਦਾਨ ਦੇ ਬੂਟੇ ਤੇ ਇਕ ਨਵੀਂ ਟੈਹਣੀ ਲਾ ਦਿੱਤੀ। ਉਹ ਖਾਨਦਾਨ ਜਿਸ ਦੇ ਬੂਟੇ ਨੂੰ ਭਾਈ ਮਨੀ ਸਿੰਘ ਤੇ ਬਾਬਾ ਸੁੱਖਾ ਸਿੰਘ ਸ਼ਹੀਦਾਂ ਨੇ ਆਪਣੇ ਖੂਨ ਨਾਲ ਸਿੰਜਿਆ ਸੀ। ਕਹਿੰਦੇ ਨੇ ਕਿ ਮੇਰੇ ਇਸ ਸਰਿਸ਼ਟੀ 'ਚ ਆਉਣ ਦੇ ਕੁਝ ਹਫ਼ਤਿਆਂ ਪਿੱਛੋਂ ਹੀ ਮੇਰੇ ਮਾਂ, ਬਾਪ ਮੈਨੂੰ ਆਪਣੇ ਪਰਿਵਾਰ ਦੇ ਹੋਰ ਬੱਚਿਆਂ ਦੋ ਭੈਣਾਂ ਤੇ ਇੱਕ ਭਰਾ ਨਾਲ ਬੂੜੇ ਵਾਲ ਫ਼ਾਰਮ ਤੇ ਲੈ ਆਏ। ਮੇਰਾ ਛੋਟਾ ਭਰਾ, ਮਨੋਹਰ ਦੀਪਕ ਮੇਰੇ ਪਿੱਛੇ ਹੀ ਸਵਾ ਸਾਲ ਪਿਛੋਂ ਇੱਕ ਨਵੀਂ ਟਾਹਣੀ ਬਣ ਕੇ ਪੁੰਗਰ ਆਇਆ ਤੇ ਮੇਰੇ ਕੋਲੋਂ ਮੇਰੀ ਮਾਂ ਦੀ ਨਿੱਘੀ ਗੋਦ ਤੇ ਦੁੱਧ ਖੋਹ ਲਿਆ।

ਮੇਰੀ ਵੱਡੀ ਭੈਣ ਮੁਹਿੰਦਰ ਕੌਰ ਨੇ ਮੈਨੂੰ ਪਾਲਿਆ ਤੇ ਬੱਕਰੀ ਦੇ ਦੁੱਧ ਨਾਲ ਵੱਡਾ ਕੀਤਾ। ਪੰਜ ਸਾਲ ਦਾ ਸਾਂ, ਮੈਨੂੰ ਯਾਦ ਹੈ ਕਿ ਅਸੀਂ ਜਦੋਂ ਸੁਨਾਮ ਆਏ ਤਾਂ ਸਰਕਾਰੀ ਸਕੂਲ ਵਿੱਚ ਕੱਚੀ ਪਹਿਲੀ ਦਾ ਵਿਦਿਆਰਥੀ ਬਣਾ ਦਿੱਤਾ। ਮਾਸਟਰ ਮਾਘੀ ਰਾਮ ਬੜਾ ਜ਼ਾਲਮ ਉਸਤਾਦ ਸੀ। ਡੰਡੇ ਮਾਰ ਮਾਰ ਕੇ ਤੇ ਲੱਤਾਂ ਥੱਲਿਉ ਕੰਨ ਫੜਾ ਕੇ ਖੂਨ ਦਾ ਦੌਰਾ ਠੀਕ ਕਰ ਦਿੰਦਾ ਸੀ।

ਇਕ ਸਾਲ ਦੀ ਮਾਰ ਕੁੱਟ ਤੋਂ ਪਿੱਛੋਂ ਅਸੀਂ ਖਾਨੇਵਾਲ (ਪਾਕਿਸਤਾਨ) ਆ ਗਏ ਤੇ ਨਵੇਂ ਸਿਰਿਉਂ ਕੱਚੀ ਪਹਿਲੀ ਤੋਂ ਸ਼ੁਰੂ ਕਰਕੇ ਪੰਜਵੀ ਤੱਕ ਉੱਥੇ ਹੀ ਰਹੇ। ਅੱਛੀ ਸਿਹਤ ਤੇ ਪੜ੍ਹਾਈ ਵਿੱਚ ਚੰਗਾ ਹੋਣ ਕਾਰਨ ਪੰਜਵੀ ਜਮਾਤ ਤੱਕ ਮਨੀਟਰ ਰਿਹਾ। ਦੋ ਸਾਲ ਫਿਰੋਜ਼ਪੁਰ ਰਹਿਣ ਉਪਰੰਤ 1945 ਮਾਰਚ 'ਚ ਮੋਗੇ ਦੇ ਖਾਲਸਾ ਸਕੂਲ ਤੋਂ ਦਸਵੀਂ ਪਾਸ ਕਰਕੇ ਜ਼ਿੰਦਗੀ ਦਾ ਪਹਿਲਾਂ ਅੱਲੜ੍ਹ ਪੜਾਉ ਪਾਰ ਕਰਕੇ ਕਾਲਜ ਦੀ ਤਿਆਰੀ ਹੋਣ ਲੱਗੀ।

ਮੈਨੂੰ ਯਾਦ ਹੈ, 1944 ਮਈ ਵਿਚ ਜਦੋਂ ਮੈਂ ਨੌਂਵੀਂ ਜਮਾਤ ਪਾਸ ਕੀਤੀ ਅਸੀਂ ਤਿੰਨੋਂ ਭਰਾ ਸਾਈਕਲ ਤੇ ਚੜ੍ਹਕੇ ਮੋਗੇ ਰੇਲਵੇ ਸਟੇਸ਼ਨ ਤੇ ਗਏ। ਪੰਜ ਵਜੇ ਸ਼ਾਮ ਫਿਰੋਜ਼ਪੁਰ ਵਲੋਂ ਦੂਰ ਲਾਇਨਾਂ ਵਿਚੋਂ ਧੂਆਂ ਦਿਸਿਆ। ਸੱਤ ਡੱਬਿਆਂ ਦੀ ਗੱਡੀ ਨੂੰ ਇਕ ਇੰਜਨ ਧੂਈ ਆ ਰਿਹਾ ਸੀ। ਦੇਖਦੇ ਹੀ ਦੇਖਦੇ ਗੱਡੀ ਪਲੇਟ ਫਾਰਮ ਤੇ ਰੁਕ ਗਈ ਤੇ ਇਕ ਇੰਟਰ ਕਲਾਸ ਦੇ ਡੱਬੇ ਵਿਚੋਂ ਇਕ ਸਰਦਾਰ ਜੀ ਤੇ ਉਨ੍ਹਾਂ ਦੀ ਪਤਨੀ ਦੋ ਝੋਲਿਆਂ ਸਮੇਤ ਉਤਰ ਆਏ।

ਵੱਡੇ ਭਾਈ ਸਾਹਿਬ ਨੇ ਮੱਥਾ ਟੇਕਿਆ ਤੇ ਸਾਨੂੰ ਭੀ ਪੈਰੀਂ ਪੈਣ ਲਈ ਕਿਹਾ। ਮੱਥਾ ਟੇਕਣ ਦੇ ਸਮੇਂ ਬਜ਼ੁਰਗਾਂ ਨੇ ਕਿਹਾ ਕੀ ਇਹ ਹੈ ਉਹ ਮੁੰਡਾ? ਅਸੀਂ ਦੋਵੇਂ ਛੋਟੇ ਭਰਾ ਸਿਰ ਚੁੱਕ ਕੇ

ਵੇਖਣ ਲੱਗ ਪਏ ਕਿ ਕਿਸ ਬਾਰੇ ਕਿਹਾ ਹੈ। ਟਾਂਗੇ ਦੀ ਪਿਛਲੀ ਸੀਟ ਤੇ ਬੈਠਿਆਂ ਮੈਨੂੰ ਸਾਈਕਲ ਦੇ ਅਗਲੇ ਡੰਡੇ ਤੇ ਬੈਠੇ ਨੂੰ ਗੌਰ ਨਾਲ ਵੇਖਦੇ ਹੋਏ ਇਉਂ ਜਾਪਣ ਲੱਗਾ ਕਿ ਜ਼ਰੂਰ ਕੋਈ ਗੱਲ ਹੈ।

ਗੋਬਿੰਦਗੜ੍ਹ ਬਸਤੀ ਮੋਗੇ ਸ਼ਹਿਰ ਤੋਂ ਬਾਹਰ ਫਿਰੋਜ਼ਪੁਰ, ਲੁਧਿਆਣੇ ਸੜਕ ਤੇ ਕੋਈ ਦੋ ਸੌ ਘਰਾਂ ਦੀ ਵਸੋਂ ਸੀ। ਹਿੰਦੂ, ਮੁਸਲਮਾਨ, ਸਿੱਖ, ਤਿੰਨੋਂ ਕੌਮਾਂ ਬੜੇ ਪਿਆਰ ਨਾਲ ਰਹਿੰਦੀਆਂ ਸੀ। ਸਾਡਾ ਘਰ ਸਬਤੀ ਦੀ ਮਸੀਤ ਨਾਲ ਲਗਦਾ ਸੀ ਤੇ ਜਦੋਂ ਹਰ ਰੋਜ਼ ਸ਼ਾਮ ਨੂੰ ਮੁਸਲਮਾਨ ਨਮਾਜ਼ ਪੜ੍ਹਨ ਲਈ ਆਉਂਦੇ ਤਾਂ ਅਸੀਂ ਕੋਠੇ ਤੇ ਬੈਠ ਕੇ ਦੇਖਦੇ। ਅੰਨ੍ਹਾ ਮੌਲਵੀ ਫਤੇਹ-ਅਲੀ ਬੜੀ ਸੁਰੀਲੀ ਆਵਾਜ਼ ਵਿਚ ਬਾਂਗ ਦਿੰਦਾ ਤੇ ਸਾਰੇ ਮੁਸਲਮਾਨ ਨਮਾਜ਼ ਪੜ੍ਹਦੇ ਉੱਠਦੇ ਬਹਿੰਦੇ। ਕੰਨਾਂ ਤੇ ਹੱਥ ਰੱਖਦੇ ਤੇ ਖੱਬੇ ਸੱਜੇ ਵੇਖਦੇ, ਅੱਲਾ ਹੂ ਅਕਬਰ ਕਰਦੇ ਘਰਾਂ ਨੂੰ ਚਲੇ ਜਾਂਦੇ।

ਖੱਬਿਓਂ ਇਬਾਦਤ ਦੀਪਕ, ਅਮਿਤਇੰਦਰ ਦੀਪਕ
ਖਬਿਓਂ ਮਧੁਪ੍ਰੀਤ ਦੀਪਕ, ਸੂਰਜ ਪ੍ਰਕਾਸ਼ ਸਿੰਘ ਦੀਪਕ

ਟਾਂਗਾ ਮਸੀਤ ਦੇ ਵੱਡੇ ਦਰਵਾਜੇ ਨਾਲ ਨਿੰਮ ਦੇ ਦਰੱਖਤ ਥੱਲੇ ਰੁਕ ਗਿਆ। ਘੋੜਾ ਪਸੀਨੋ ਪਸੀਨੇ ਹੋ ਰਿਹਾ ਸੀ। ਟਾਂਗੇ ਵਾਲੇ ਨੂੰ ਅੱਠ ਆਨੇ ਦੇ ਕੇ ਭਾਈ ਸਾਹਿਬ ਮਹਿਮਾਨਾਂ ਨੂੰ ਘਰ ਵੱਲ ਲੈ ਆਏ। ਅਸੀਂ ਵੀ ਸਾਈਕਲ ਖੜ੍ਹਾ ਕਰਕੇ ਆ ਰਹੇ ਸੀ, ਜਦੋਂ ਮੇਰੀ ਮਾਂ ਤੇ ਬਾਪੂ ਜੀ ਪ੍ਰਾਹੁਣਿਆਂ ਨੂੰ ਮਿਲ ਕੇ ਅੰਦਰ ਲੈ ਆਏ।

ਸਾਡਾ ਘਰ ਬਹੁਤ ਵੱਡਾ ਸੀ। ਇਕ ਹਿੱਸੇ ਵਿੱਚ ਇਕ ਕਤਾਰ ਵਿੱਚ ਬੈਠਕ, ਛੋਟਾ ਕਮਰਾ ਵੱਡਾ ਹਾਲ, ਫਿਰ ਦੋ ਕਮਰੇ ਤੇ ਰਸੋਈ, ਬੜਾ ਵੱਡਾ ਵਿਹੜਾ ਤੇ ਅੱਗੇ ਦੀਵਾਰ। ਪਿਛਲਾ ਹਿੱਸਾ ਡੰਗਰਾਂ ਵਾਸਤੇ ਸੀ, ਦੋ ਮੱਝਾਂ ਹਰ ਵੇਲੇ ਦੁੱਧ ਦਿੰਦੀਆਂ; ਕੁੱਤੇ, ਕੁਕੱੜੀਆਂ ਦੀ ਰੌਣਕ ਲੱਗੀ ਰਹਿੰਦੀ। ਅਗਲੇ ਵਿਹੜੇ ਵਿੱਚ ਤੂਤਾਂ ਦੇ ਦੋ ਵੱਡੇ ਦਰੱਖਤ ਸਨ ਤੇ ਪਾਣੀ ਦਾ ਨਲਕਾ, ਗੁਸਲਖਾਨਾ ਤੇ ਨਾਲ ਲਗਦੀਆਂ ਖੌੜੀਆਂ। ਬਰਾਂਡੇ ਦੇ ਸਾਹਮਣੇ ਖੁਲ੍ਹੇ ਵਿਹੜੇ ਵਿਚ ਕੁਰਸੀਆਂ ਤੇ ਬੈਠੇ ਪ੍ਰਾਹੁਣੇ ਠੰਢਾ ਸ਼ਰਬਤ ਪੀ ਰਹੇ ਸੀ ਤੇ ਅਸੀਂ ਵੀ ਆਪਣੀ ਵਾਰੀ ਦੀ ਉਡੀਕ ਵਿਚ ਬੁੱਲ੍ਹਾਂ ਤੇ ਜੀਭ ਫੇਰਦੇ ਕਦੀ ਇੱਧਰ ਤੇ ਕਦੀ ਉੱਧਰ ਨਿਕਲ ਜਾਂਦੇ। ਮੇਜ਼ ਤੇ ਬਰਫੀ, ਗੁਲਾਬ ਜਾਮਨ ਤੇ ਲੱਡੂ ਪਏ ਸੀ। ਪਰ ਅਜੇ ਮਾਤਾ ਜਸਵੰਤ ਕੌਰ ਨੇ ਹਰੀ ਝੰਡੀ ਨਹੀ ਸੀ ਦਿਖਾਈ। ਫਿਰ ਇੱਕ ਇਸ਼ਾਰਾ ਹੋਇਆ ਤੇ ਨੌਕਰ ਪਲੇਟਾਂ ਚੁੱਕ ਕੇ ਰਸੋਈ ਵੱਲ ਤੁਰ ਪਿਆ। ਅਸੀਂ ਪਹਿਲੋਂ ਹੀ ਪਹੁੰਚੇ ਹੋਏ ਸੀ ਅੰਦਰ। ਅਗਲੀ ਸਵੇਰੇ ਪਲੇਟਾਂ ਵਿਚ ਚੂਰ ਭੂਰ ਤੋਂ ਸਿਵਾ ਕੁਛ ਵੀ ਨਾ ਲੱਭਿਆ।

ਸਾਰਾ ਦਿਨ ਵੱਡੇ ਕਮਰੇ ਵਿਚ ਘੁਸਰ, ਮੁਸਰ ਹੁੰਦੀ ਰਹੀ ਤੇ ਅਸੀਂ ਦੋਨੋ ਭਰਾ ਬਾਰੀਆਂ ਚੋਂ ਝਾਤੀਆਂ ਮਾਰਕੇ ਦੇਖ ਲੈਂਦੇ ਕਿ ਕੀ ਹੋ ਰਿਹਾ ਹੈ। ਸ਼ਾਮੀ ਚਾਰ ਵਜੇ ਟਾਂਗਾ ਫਿਰ ਆ ਕੇ ਬਾਹਰ ਰੁਕ ਗਿਆ ਤੇ ਮੈਨੂੰ ਘੋੜੇ ਦੇ ਨੇੜਿਓਂ ਇਸ਼ਾਰਾ ਕਰਕੇ ਮਾਂ ਨੇ ਬੁਲਾਇਆ।

ਬਜ਼ੁਰਗਾਂ ਨੇ ਇੱਕ ਰੁਪਈਆ ਮੇਰੇ ਹੱਥ ਤੇ ਰੱਖਕੇ ਸਿਰ ਤੇ ਪਿਆਰ ਦਿੱਤਾ ਤੇ ਟਾਂਗੇ ਵਿਚ ਜਾ ਚੜ੍ਹੇ। ਮਗਰੋਂ ਪਤਾ ਲੱਗਾ ਕਿ ਉਹ ਕਾਕੇ ਨੂੰ (ਮੈਨੂੰ) ਦੇਖਣ ਆਏ ਸੀ। ਪਹਿਲੀ ਵਾਰੀ ਮੈਂ ਵੀ ਕਿਸੇ ਗਿਣਤੀ ਵਿੱਚ ਆਇਆ। ਵੱਡੇ ਭਾਈ ਸਾਹਿਬ ਦੀ ਸ਼ਾਦੀ 1943 ਮਾਰਚ ਵਿਚ ਹੀ ਹੋ ਗਈ ਸੀ, ਜਦੋਂ ਅਸੀਂ ਫਿਰੋਜ਼ਪੁਰ ਫ਼ਾਰਮ ਵਿਚ ਸੀ। ਮੈਂ ਅੱਠਵੀਂ ਵਿੱਚ ਪੜ੍ਹਦਾ ਸੀ ਤੇ ਭਾਈ ਸਾਹਿਬ ਲਾਇਲਪੁਰ ਐਗਰੀਕਲਚਰਲ ਕਾਲਜ ’ਚ। ਦੂਜੇ ਮੁੰਡੇ ਦੀ ਵੀ ਕਿਸਮਤ ਜਾਗਣ ਲੱਗੀ। ਲੜਕੀ ਦੇ ਪਿਤਾ ਜੀ ਡਾਇਰੈਕਟਰ ਖੇਤੀਬਾੜੀ ਪੰਜਾਬ, ਲਾਹੌਰ ਦੇ ਦਫ਼ਤਰ ਵਿਚ ਕੰਮ ਕਰਦੇ ਸੀ ਤੇ ਚਾਹੁੰਦੇ ਸੀ ਕਿ ਵਿਆਹ ਤਾਂ ਹੀ ਹੋ ਸਕੇਗਾ ਜੇ ਕਾਕਾ ਵੀ ਲਾਇਲਪੁਰ ਕਾਲਜ ਵਿਚ ਪੜ੍ਹੇਗਾ। 3 ਮਈ, 1945 ਇਕ ਗਰਮ ਸ਼ਾਮ ਮੋਗੇ ਤੋਂ ਬਸ ਵਿਚ ਬੈਠ ਕੇ ਲਾਹੌਰ ਵਿਚ ਦੀ ਲਾਇਲਪੁਰ ਐਗਰੀਕਲਚਰਲ ਕਾਲਜ ਵਿਚ। ਲਾਇਲਪੁਰ ਚੰਗਾ ਨਹੀਂ ਸੀ ਲਗਦਾ। ਲਾਹੌਰ ਬਹੁਤ ਸੁੰਦਰ ਸੀ। ਘਰ ਦੇ ਨੇੜੇ ਤੇ ਨਾਲੇ

ਉਥੇ ਤਾਂ ਇੱਕ ਦਿਲ ਦੀ ਸਾਂਝ ਵੀ ਸੀ। ਭਾਵੇਂ ਵੇਖਿਆ ਨਹੀਂ ਸੀ, ਪਰ ਫਿਰ ਵੀ ਕਿਉਂ ਇੱਕ ਖਿੱਚ ਜਿਹੀ ਪੈਂਦੀ ਸੀ ਜਦੋਂ ਲਾਹੌਰ ਵਿਚ ਦੀ ਲੰਘ ਕੇ ਮੋਗੇ ਛੁੱਟੀਆਂ ਕੱਟਣ ਲਈ ਆਉਂਦਾ। ਅਜੇ ਵੀ ਸੋਚਦਾ ਹਾਂ। ਅਸਲ ਵਿੱਚ ਮੈਂ ਬੀ.ਏ., ਐਲ.ਐਲ. ਬੀ. ਕਰਨਾ ਚਾਹੁੰਦਾ ਸੀ ਤੇ ਇਸ ਲਈ ਲਾਹੌਰ ਸਭ ਤੋਂ ਅੱਛੀ ਜਗ੍ਹਾ ਸੀ।

ਕਿਸੇ ਨੇ ਨਾ ਸੁਣੀ ਤੇ ਮੈਨੂੰ ਲਾਇਲਪੁਰ ਹੀ ਰਹਿਣਾ ਪਿਆ। ਮਾਂ ਬਾਪ ਤੋਂ ਦੂਰ ਨਵੀਂ ਜਗ੍ਹਾ, ਨਵਾਂ ਮਾਹੌਲ ਹੋਸਟਲ ਦੀਆਂ ਰੋਟੀਆਂ ਤੇ ਬੇਲੀ ਰਾਮ ਦੇ ਰਾਜਮਾਂਹ ਖਾਣੇ ਪਏ। ਸ਼ਾਮ ਨੂੰ ਖੇਡਣਾਂ ਤੇ ਰਾਤ ਨੂੰ ਪੜ੍ਹਾਈ ਨੂੰ ਘੋਟੇ ਲਾਉਂਦੇ ਹੋਏ ਇਕ ਸਾਲ ਤੇ ਦੋ ਮਹੀਨੇ

ਖੱਬਿਓਂ ਨਤਾਸ਼ਾ ਸਿੰਘ, ਵਿਕਰਮਾ ਅਜੀਤ ਸਿੰਘ
ਥੱਲਿਓਂ ਨੀਰੂ ਸਿੱਧੂ ਤੇ ਅਜੀਤ ਸਿੱਧੂ

ਲੰਘ ਗਏ ਤੇ ਮੈਂ ਹੁਣ ਐਫ਼.ਐਸ.ਸੀ. ਵਿੱਚ ਸੈਕੰਡ ਈਅਰ ਦਾ ਵਿਦਿਆਰਥੀ ਸਾਂ। ਪਹਿਲੇ ਸਾਲ ਅੱਛੇ ਨੰਬਰ ਲੈ ਕੇ ਪਾਸ ਹੋਣ ਕਰਕੇ ਘਰੋਂ ਸ਼ਾਬਾਸ ਮਿਲੀ।

ਭਾਈ ਸਾਹਿਬ ਦੀ ਬੀ.ਐਸ.ਸੀ. ਫਾਈਨਲ ਈਅਰ ਵਿੱਚ ਕੰਪਾਰਟਮੈਂਟ ਆ ਗਈ ਸੀ। ਇਮਤਿਹਾਨ ਦੇਣ ਲਈ ਭਾਈ ਸਾਹਿਬ ਫਿਰ ਜੂਨ 1947 ਵਿੱਚ ਲਾਇਲਪੁਰ ਆ ਗਏ ਤੇ ਮੈਨੂੰ ਗਰਮੀਆਂ ਦੀਆਂ ਛੁੱਟੀਆਂ ਵਿਚ ਵੀ ਕਾਲਜ ਵਿਚ ਹੀ ਰਹਿਣਾ ਪਿਆ ਕਿਉਂਕਿ ਭਾਈ ਸਾਹਿਬ ਮੇਰੇ ਹੀ ਮਹਿਮਾਨ ਸਨ। ਮੁਲਕ ਦੀ ਵੰਡ ਦਾ ਸ਼ੋਰ ਪੂਰੇ ਜ਼ੋਰਾਂ ਤੇ ਸੀ। ਜਲਸੇ ਜਲੂਸ ਹਰ ਰੋਜ਼ ਨਿਕਲਦੇ ਤੇ ਸ਼ੋਰ ਸ਼ਰਾਬਾ ਰਹਿੰਦਾ।

1947 ਦਾ ਸਾਲ ਭੈੜਾ ਹੀ ਨਿਕਲਿਆ ਤੇ ਮਾਰਚ, 1947 ਵਿਚ ਗੜਬੜ ਵਧੇਰੇ ਵਧ ਗਈ। ਕਾਲਜ ਖੁਲ੍ਹੇ ਸੀ ਪਰ ਪੜ੍ਹਾਈ ਵਿਚ ਮੁੰਡਿਆਂ ਦੀ ਰੁਚੀ ਨਹੀਂ ਸੀ। ਭਾਈ ਸਾਹਿਬ ਦਾ ਵੀ ਆਖਰੀ ਇਮਤਿਹਾਨ ਆ ਗਿਆ ਤੇ 3 ਅਗਸਤ, 1947 ਨੂੰ ਅਸੀਂ ਦੋਨੋ ਭਾਈ ਗੱਡੀ ਚੜ੍ਹਕੇ ਖੂਨ ਖਰਾਬੇ ਵਿਚ ਦੀ ਮੋਗੇ ਆ ਗਏ।

13 ਅਗਸਤ, 1947 ਲਾਹੌਰ ਦੀ ਧੜਕਨ (ਮੇਰੀ ਮੰਗੇਤਰ) ਦਿੱਲੀ, ਤੋਂ ਫਿਰਦੀ ਡੱਗਸ਼ਈ ਤੇ ਬਾਅਦ ਵਿਚ ਸ਼ਿਮਲੇ ਆ ਗਈ ਘਰ ਬਾਰ ਛੱਡਕੇ। ਮੈਨੂੰ ਵੀ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਬੀ.ਐਸ.ਸੀ. ਪੂਰੀ ਕਰਨ ਲਈ ਜਾਣਾ ਪਿਆ ਤੇ 1949 ਜੂਨ ਵਿਚ ਪੜ੍ਹਾਈ ਦਾ ਦੂਜਾ ਪੜਾਅ ਪੂਰਾ ਕਰਕੇ ਸੁਨਾਮ ਆ ਗਿਆ। ਸਾਰਾ ਸਾਲ ਵਿਹਲੇ ਮੌਜਾਂ ਮਾਰਕੇ 5 ਮਾਰਚ, 195● ਨੂੰ ਛੋਕਰੀ ਤੇ 5 ਅਪ੍ਰੈਲ, 195● ਨੂੰ ਨੌਰਕੀ ਮਿਲ ਗਈ।

ਭਾਈ ਸਾਹਿਬ ਬਹੁਤ ਸੁਨੱਖੇ, ਉੱਚ ਕੋਟੀ ਦੇ ਕਵੀ ਤੇ ਲਿਖਾਰੀ ਸਨ। ਮੈਨੂੰ ਯਾਦ ਹੈ ਕਿ ਜਦੋਂ ਮੈਂ 1945 ਚ ਕਾਲਜ ਵਿਚ ਦਾਖਲ ਹੋਇਆ ਤਾਂ ਭਾਈ ਸਾਹਿਬ ਬੀ.ਐਸ.ਸੀ. ਫਾਈਨਲ ਵਿਚ ਪੜ੍ਹਦੇ ਸਨ। ਜਦੋਂ ਮੈਂ ਹੁਣ ਪਿਛੋਕੜ ਵੱਲ ਝਾਤੀ ਮਾਰਦਾ ਹਾਂ ਤਾਂ ਦੇਖਦਾ ਹਾਂ ਕਿ ਕਿਸ ਤਰ੍ਹਾਂ ਸ਼ਾਮ ਨੂੰ ਕਮਰੇ ਵਿੱਚ ਦੋਸਤਾਂ ਦੀਆਂ ਟੋਲੀਆਂ ਦੀਆਂ ਟੋਲੀਆਂ ਆਉਂਦੀਆਂ। ਹਰ ਰੋਜ਼ ਸ਼ਾਮ ਰੇਲ ਬਜ਼ਾਰ ਵਿਚ ਇਕ ਬਜ਼ਾਜ ਦੋਸਤ ਦੀ ਦੁਕਾਨ ਦੇ ਕੋਠੇ ਉਤੇ ਮਹਿਫਿਲ ਲੱਗਦੀ ਰਾਤ ਦੇ ਸੰਨਾਟਿਆਂ ਵਿੱਚ ਹਰਮੋਨੀਅਮ ਤੇ ਉੱਚੀ ਲਯ ਵਿਚ ਗੀਤਾਂ ਦੀ ਆਵਾਜ਼ ਆਸੇ ਪਾਸੇ ਦੇ ਮੁਹੱਲਿਆਂ ਵਿਚ ਸੌਂ ਰਹੀਆਂ ਸੋਹਲ ਜਾਨਾਂ ਲਈ ਤੂਫ਼ਾਨ ਖੜ੍ਹਾ ਕਰ ਦਿੰਦੀ। ਅਗਲੇ। ਦਿਨ ਡਾਕੀਆ ਰੰਗ ਬਰੰਗੀਆਂ ਚਿੱਠੀਆਂ ਦੇ ਜਾਂਦਾ ਤੇ ਮੈਂ ਸਾਂਭ ਕੇ ਰੱਖ ਲੈਂਦਾ।

ਕਵੀ ਦੇ ਰੂਪ ਵਿਚ ਭਾਈ ਸਾਹਿਬ ਪਹਿਲੋਂ ਦਿਲਗੀਰ ਤੇ ਪਿਛੋਂ ਗੁਰਬਚਨ ਸਿੰਘ ਦੀਪਕ ਦੇ ਨਾਂ ਨਾਲ ਪ੍ਰਸਿੱਧ ਹੋਏ। ਪੰਜਾਬੀ, ਉਰਦੂ, ਹਿੰਦੀ ਤਿੰਨ ਜ਼ੁਬਾਨਾਂ ਵਿਚ ਲਿਖਣ ਵਾਲਾ ਕਵੀ ਭਾਰਤ ਦੀ ਇਸ ਧਰਤੀ ਤੇ ਪੰਜਾਬੀ ਸਾਹਿਤ ਦਾ ਇਕ ਅਨਮੋਲ ਸਿਤਾਰਾ ਬਣ ਕੇ ਚਮਕਿਆ। ਆਜ਼ਾਦੀ ਤੋਂ ਬਾਅਦ ਪੰਜਾਬ ਨੂੰ ਨਵੇਂ ਸਿਰਿਓਂ ਆਪਣੀ ਖੋਏ ਹੋਏ ਸਭਿਆਚਾਰਕ ਵਿਰਸੇ ਨੂੰ ਭੰਗੜੇ ਦਾ ਰੂਪ ਦੇ ਕੇ ਇੰਟਰਨੈਸ਼ਲ ਪੱਧਰ ਤੇ ਉਜਾਗਰ ਕੀਤਾ।

ਅਸੀਂ ਤਿੰਨੋਂ ਭਰਾ ਗੁਰਬਚਨ ਸਿੰਘ ਦੀਪਕ, ਅਵਤਾਰ ਸਿੰਘ ਦੀਪਕ, ਫਿਲਮੀ ਸਿਤਾਰਾ ਮਨੋਹਰ ਦੀਪਕ ਭਾਰਤ ਵਿਚ ਦੀਪਕ ਬ੍ਰਦਰਜ਼ ਦੇ ਨਾਉਂ ਨਾਲ ਪ੍ਰਸਿੱਧ ਹੋਏ। ਸ. ਗੁਰਬਚਨ ਸਿੰਘ ਦੀਪਕ, ਆਪਣੀ ਮੁਟਿਆਰ ਪੰਜਾਬ ਦੀ ਪੁਸਤਕ ਛਾਪ ਕੇ ਡਿਪਟੀ ਡਾਇਰੈਕਟਰ ਖੇਤੀਬਾੜੀ ਪੰਜਾਬ ਦੇ ਅਹੁੱਦੇ ਤੇ ਕੰਮ ਕਰਦੇ ਹੋਏ ਅਚਾਨਕ ਇਕ ਕਾਰ ਹਾਦਸੇ ਵਿਚ ਚੱਲ ਬਸੇ। 4 ਫਰਵਰੀ, 1968 ਇਕ ਭਿਆਨਕ ਰਾਤ ਨੂੰ, ਜਦੋਂ ਮੈਨੂੰ ਆਕਾਸ਼ਬਾਣੀ ਜਲੰਧਰ ਤੇ ਮਿਲਣ ਆਉਂਦੇ ਹੋਏ ਉਹਨਾਂ ਦੀ ਸਦੀਵੀ ਮੌਤ ਹੋਈ ਤਾਂ ਇਕ ਫਾਇਲ ਜੋ ਉਹਨਾਂ ਦੇ ਮ੍ਰਿਤਕ ਸਰੀਰ ਦੇ ਪਾਸ ਮਿਲੀ ਤੇ ਇਕ ਆਖਰੀ ਸ਼ੇਅਰ ਸੀਃ

ਯਿਹ ਦੀਪਕ ਕਿਸੀ ਕੇ ਨਹੀਂ ਕਾਮ ਆਇਆ
ਯੂੰਹੀ ਜਲ ਗਯਾ ਮਹਿਜ਼ ਇਤਨਾ ਹੀ ਗ਼ਮ ਹੈ।

ਪਰ ਇਹ ਦੀਪਕ ਬੁਝਣ ਤੋਂ ਪਹਿਲੋਂ, ਦੋ ਦੀਪਕ ਬਾਲ ਚੁੱਕਾ ਸੀ।

ਮੇਰਾ ਛੋਟਾ ਭਰਾ ਮਨੋਹਰ ਦੀਪਕ ਫਿਲਮਾਂ ਵਿੱਚ ਬੰਬਈ, ਤੇ ਮੈਂ ਡਾਇਰੈਕਟਰ ਮਾਰਕੀਟਿੰਗ ਪੰਜਾਬ ਦੀ ਪਦਵੀ ਤੋਂ ਰਿਟਾਇਰ ਹੋ ਕੇ 1988 ਤੋਂ ਚੰਡੀਗੜ੍ਹ ਵਿਚ ਇਕ ਛੋਟੇ ਜਿਹੇ ਮਕਾਨ ਵਿਚ ਅਜੇ ਵੀ ਟਿਮਾ ਟਿਮਾ ਰਿਹਾ ਹਾਂ।

ਦੀਪਕ ਨੂੰ ਬਲਦਾ ਰੱਖਣ ਦੀ ਤਾਂਘ ਨੇ ਹੀ ਮੇਰੀ ਕਲਮ ਨੂੰ ਬਲ ਬਖਸ਼ਿਆ ਹੈ ਤੇ ਹਨੇਰਿਆਂ ਵਿਚ ਦੀਪਕ ਦੀ ਪਹਿਚਾਣ ਕਰਾਉਣ ਲਈ ਟੁੱਟੇ ਫੁੱਟੇ ਸ਼ਬਦਾਂ ਨੂੰ ਇਕ ਲੜੀ ਵਿਚ ਪਰੋ ਕੇ ਇਕ ਛੋਟੀ ਜਿਹੀ ਪੁਸਤਕ ਦਾ ਰੂਪ ਦੇਣ ਦਾ ਹੰਭਲਾ ਮਾਰਨ ਦਾ ਯਤਨ ਕਰ ਰਿਹਾ ਸਾਂ ਕਿ 1966 ਅਪ੍ਰੈਲ ਵਿਚ ਤੈਨੂੰ ਭਾਰਤ ਸਰਕਾਰ ਨੇ ਆਕਾਸ਼ਬਾਣੀ ਜਲੰਧਰ ਦੀ ਫਾਰਮ ਐਂਡ ਹੋਮ ਯੂਨਿਟ ਦਾ ਮੁਖੀ ਬਣਾ ਕੇ ਹੈਦਰਾਬਾਦ ਟ੍ਰੇਨਿੰਗ ਦਿੱਤੀ। ਪੰਜਾਬ ਦੇ ਕਿਸਾਨਾਂ ਲਈ ਹਰ ਸ਼ਸਾਮ ਇਕ ਘੰਟੇ ਲਈ ਖੇਤੀਬਾੜੀ ਪ੍ਰੋਗਰਾਮ ਖੇਤ ਖਲਵਾੜ ਨੂੰ ਨਵਾਂ ਰੂਪ ਦੇ ਕੇ ਚਲਾਇਆ। 1969 ਵਿਚ ਫਿਰ ਭਾਰਤ ਸਰਕਾਰ ਨੇ ਅੱਛੇ ਕੰਮ ਦੀ ਪ੍ਰਸ਼ੰਸਾ ਕੀਤੀ ਤੇ ਮੈਨੂੰ ਆਸਟਰੇਲੀਆ ਵਿਚ ਆਸਟਰੇਲੀਅਨ ਬਰਾਡ ਕਾਸਟਿੰਗ ਕਮੀਸ਼ਨ ਦੇ ਰਾਹੀਂ ਸਿਡਨੀ ਵਿਖੇ ਫਾਰਮ ਬਰਾਡ ਕਾਸਟਿੰਗ ਦਾ ਇੰਟਰਨੈਸ਼ਨਲ ਕੋਰਸ ਕਰਵਾਇਆ। ਉਸ ਵੇਲੇ ਜਲੰਧਰ, ਰੇਡੀਓ ਸਟੇਸ਼ਨ ਦੇ ਖੇਤੀ ਪ੍ਰੋਗਰਾਮ **ਖੇਤ ਖਲਵਾੜ** ਦੀ ਸਾਰੇ ਭਾਰਤ

ਵਿਚ ਪਰਚੋਂ ਪਈ ਤੇ ਜਲੰਧਰ ਦੀਆਂ ਲੀਹਾਂ ਤੇ ਅੱਜ ਸਾਰੇ ਦੇਸ਼ ਵਿਚ ਖੇਤੀਬਾੜੀ ਪ੍ਰੋਗਰਾਮ ਬਾਰੇ ਰੇਡੀਓ ਸਟੇਸ਼ਨਾਂ ਤੋਂ ਚਲ ਰਹੇ ਹਨ।

ਆਸਟਰੇਲੀਆ ਤੋਂ ਆ ਕੇ ਜਲੰਧਰ ਰੇਡੀਓ ਤੋਂ ਦੋ ਨਵੇਂ ਪ੍ਰੋਗਮਾਰ ਕਿਸਾਨਾਂ ਲਈ ਚਾਲੂ ਕੀਤੇ : ਚਾਨਣ ਰਿਸ਼ਮਾਂ ਹਰ ਐਤਵਾਰ ਗਾਣਿਆਂ ਦੇ ਨਾਲ ਖੇਤੀ ਸਿੱਖਿਆ ਤੇ ਹਰ ਦੁਪਹਿਰ ਉੱਨਤ ਖੇਤੀ ਜਿਸ ਵਿਚ ਕਿਸਾਨਾਂ ਨੂੰ ਖੇਤਾਂ ਵਿਚ ਬੈਠਿਆਂ ਨੂੰ ਖੇਤੀ ਦੀ ਨਵੀਂ ਜਾਣਕਾਰੀ ਦਿੱਤੀ ਜਾਂਦੀ ਹੈ।

1974 ਵਿੱਚ ਭਾਰਤ ਸਰਕਾਰ ਨੇ ਮੈਨੂੰ ਗਿਆਰਾਂ ਅਫਸਰਾਂ ਦੇ ਇਕ ਭਾਰਤੀ ਡੈਲੀਗੇਸ਼ਨ ਦਾ ਮੁਖੀ ਬਣਾਕੇ ਫਿਲਪਾਇਨ ਤੇ ਕੋਰੀਆ ਵਿਚ ਦੋ ਮਹੀਨਿਆਂ ਦਾ ਦੌਰਾ ਕਰਵਾਇਆ। ਵਾਪਸ ਆ ਕੇ ਪੰਜਾਬ ਵਿਚ ਕਿਸਾਨਾਂ ਦੀ ਸਿਖਲਾਈ ਤੇ ਵਿਦਿਆਰਥੀਆਂ ਦੀ ਖੇਤੀ ਸੈਨਾ ਬਣਾਈ ਤੇ ਪੰਜਾਬ ਸਰਕਾਰ ਤੋਂ ਪ੍ਰਸ਼ੰਸਾ ਪੱਤਰ ਪ੍ਰਾਪਤ ਕੀਤੇ।

ਰੇਡੀਓ ਸਟੇਸ਼ਨ ਤੇ ਮੈਨੂੰ ਲਿਖਣ ਦਾ ਪੂਰਾ ਵੱਕਤ ਮਿਲਿਆ ਤੇ ਉਹਨਾਂ ਚਾਰ ਸਾਲਾਂ ਵਿੱਚ ਮੇਰੀ ਕਲਮ ਤੋਂ ਨਵੇਂ ਗੀਤਾਂ, ਕਵਿਤਾਵਾਂ ਅਤੇ ਨਾਟਕਾਂ ਨੇ ਜਨਮ ਲਿਆ। ਦੀਪਕ ਨੂੰ ਬਲਦਾ ਰੱਖਣ ਦੀ ਤਾਂਘ ਨੇ ਹੀ ਬਲ ਦਿੱਤਾ ਇਸ ਅੱਲ੍ਹੜ ਕਲਮ ਨੂੰ ਤੇ ਦੀਪਕ ਦੀ ਪਹਿਲੀ ਪਹਿਚਾਣ, ਟੁੱਟੇ ਫੁੱਟੇ ਸ਼ਬਦਾਂ ਦੀ ਲੜੀ ਵਿਚ ਪਰੋ ਕੇ ਆਪਣੀਆਂ ਭਾਵਨਾਵਾਂ ਦਾ ਵਰਣਨ ਕਰਨ ਲਈ ਆਪਣੀ ਕਵਿਤਾ ਜੀਵਨ ਦੀਪਕ ਦੀ ਰੂਪ ਰੇਖਾ ਬਣਾਈ:

ਮਿੱਟੀ ਤੋਂ ਲੈ ਜੀਵਨ ਦੀਪਕ
ਬਲਦਾ ਹੈ ਸਾਰੀ ਰਾਤ
ਲੋਅ ਇਸ ਦੀ ਮਾਨਣ ਸਾਰੇ
ਤੱਕ ਚੜ੍ਹਦੀ ਪ੍ਰਭਾਤ
ਤਨ ਮਨ ਅਪਣਾ ਸਾੜ ਕੇ ਚਾਨਣ
ਨ੍ਹੇਰੇ ਦਿਲਾਂ ਵਿਚ ਕਰਦਾ
ਊਸ਼ਾ ਦੀ ਲਾਲੀ ਤੱਕ ਰਾਖੀ
ਹੁਸਨ ਇਸ਼ਕ ਦੀ ਕਰਦਾ
ਦਿਨ ਚੜ੍ਹਦੇ ਹੀ ਲੋ ਦੀਪਕ ਦੀ
ਬਣ ਜਾਂਦੀ ਇਕ ਚੋਰ
ਜਦੋਂ ਹੁਸਨ ਮਗ਼ਰੂਰ ਕਹਿ ਦਿੰਦਾ
ਹੁਣ ਨਹੀਂ ਇਸ ਦੀ ਲੋੜ

ਪਹਿਰ ਦੁਪਹਿਰ ਸ਼ਾਮੀ ਔੜਕ
ਢਲ ਜਾਣੇ ਪਰਛਾਵੇਂ
ਲੋਅ ਦੀਪਕ ਦੀ ਜੀਵਨ ਲੋਅ ਹੈ
ਬੇ ਕੱਦਰਾ ਕੀ ਜਾਣੇ।

ਭਾਈ ਸਾਹਿਬ ਦੀ ਮੌਤ ਦਾ ਮੇਰੀ ਕਲਮ ਤੇ ਵੀ ਗਹਿਰਾ ਅਸਰ ਹੋਇਆ। ਇਕ ਦਿਨ ਸ਼ਾਮ ਜਲੰਧਰ ਤੋਂ ਚੰਡੀਗੜ੍ਹ ਆ ਕੇ ਭਾਈ ਸਾਹਿਬ ਦੇ ਪਰਿਵਾਰ ਨੂੰ ਵਿਛੋੜੇ ਦੇ ਦੁੱਖਾਂ ਨਾਲ ਚੂਰ ਹੋਏ ਵੇਖ ਕੇ ਤੇ ਵਿਲਕਦੇ ਮਾਸੂਮ ਬੱਚਿਆਂ ਨੂੰ ਆਪਣੀ ਮਾਂ ਦੇ ਉਦਾਲੇ ਉਦਾਸੀਆਂ ਦੇ ਸਮੁੰਦਰ ਵਿਚ ਡੁੱਬੇ ਵੇਖ ਕੇ ਫਿਰ ਮੇਰੀਆਂ ਦੁਖੀ ਤੇ ਗ਼ਮਗੀਨ ਭਾਵਨਾਵਾਂ ਨੇ ਇਕ ਕਵਿਤਾ ਹੋਰ ਕਵਿਤਾ “ਬਿਰਹਾ ਦਾ ਦੀਪ” ਨੂੰ ਜਨਮ ਦਿੱਤਾ।

ਜੀਵਨ ਦੀਆਂ ਸੁੰਨੀਆਂ ਰਾਹਾਂ ਵਿਚ
ਬਿਰਹਾ ਦਾ ਦੀਪ ਜਗਾਇਆ ਹੈ
ਲੋ ਉਸ ਦੀਪਕ ਦੀ ਮਾਨਣ ਲਈ
ਅਸਾਂ ਤੇਲ ਜਿਗਰ ਦਾ ਪਾਇਆ ਹੈ
ਪਹੁ ਫੁਟਦੀ ਇਕ ਨਿਰਾਸ਼ਾ ਹੈ
ਬੇ ਆਸ ਹਰੇਕ ਸਵੇਰਾ ਹੈ
ਊਸ਼ਾ ਦੀ ਲਾਲੀ ਸਾਡੇ ਲਈ
ਮੱਸਿਆ ਦਾ ਘੁੱਪ ਹਨੇਰਾ ਹੈ
ਦੁੱਖ ਦਰਦ ਭਰੀ ਇਸ ਦੁਨੀਆਂ ਵਿਚ
ਇਕ ਸੁੱਖ ਦਾ ਸਾਹ ਨਹੀਂ ਆਇਆ ਹੈ
ਪੱਤਝੱੜ ਦੀ ਰੁੱਤ ਰਹੀ ਜੋਬਨ ਤੇ
ਅਸਾਂ ਵੇਖੀ ਕਦੇ ਬਹਾਰ ਨਹੀਂ
ਅੱਧ ਖਿੜੀਆਂ ਕੋਮਲ ਕਲੀਆਂ ਤੇ
ਇਥੇ ਆਇਆ ਕਦੀ ਨਿਖਾਰ ਨਹੀਂ
ਅੱਧਵਾਟੇ ਹੀ ਲੰਮੀ ਮੰਜ਼ਲ ਤੇ
ਅਸਾਂ ਅਪਣਾ ਆਪ ਗਵਾਇਆ ਹੈ।

ਮੇਰਾ ਇਹ ਬਿਰਹਾ ਦਾ ਗੀਤ ਆਲ ਇੰਡੀਆ ਰੇਡੀਓ ਦੀ ਲਾਇਬਰੇਰੀ ਦਾ ਇਕ ਹਿੱਸਾ ਬਣ ਗਿਆ ਤੇ ਕਈ ਹੋਰ ਗੀਤਾਂ ਦੇ ਨਾਲ 1968 ਤੋਂ ਪੰਜਾਬੀ ਪ੍ਰੋਗਰਾਮ ਵਿੱਚ ਵਜਾਇਆ ਜਾਂਦਾ ਹੈ।

ਕੁਛ ਲੋਕ ਤਾਂ ਕਈ ਗੁਣਾਂ ਕਰਕੇ ਵੱਡੇ ਹੁੰਦੇ ਨੇ ਤੇ ਕਈ ਜਨਮ ਲੈਣ ਤੇ ਹੀ ਵੱਡੇ ਹੋ ਜਾਂਦੇ ਨੇ, ਭਾਵੇਂ ਗੁਣਾਂ ਤੋਂ ਵਾਂਝੇ ਹੀ ਹੋਣ। ਕਿਉਂਕਿ ਵਿਰਸੇ ਵਿਚ ਆਇਆ ਮਾਲ ਹੀ ਉਨ੍ਹਾਂ ਦਾ ਸਭ ਤੋਂ ਵੱਡਾ ਗੁਣ ਹੁੰਦਾ ਹੈ ਤੇ ਆਪਣੇ ਆਪ ਨੂੰ ਦੁਨੀਆਂ ਦੀਆਂ ਸਾਰੀਆਂ ਨਿਅਮਤਾਂ : ਇੱਜ਼ਤ, ਸ਼ੁਹਰਤ, ਆਰਾਮ, ਐਸ਼ ਤੇ ਮਨਮਰਜ਼ੀ ਤੇਆਪਣਾ ਜਮਾਂਦਰੂ ਹੱਕ ਸਮਝਦੇ ਹਨ, ਪੈਸੇ ਦੇ ਜ਼ੋਰ ਤੇ। ਮੈਂ ਤਾਂ ਪਾਕਿਸਤਾਨ ਵਿਚ ਰਹੇ ਇਕ ਛੋਟੇ ਜਿਹੇ ਪਿੰਡ ਵਿੱਚ ਇਕ ਸਾਧਾਰਣ ਗੁਰ ਸਿੱਖ ਪਰਿਵਾਰ ਵਿਚ ਜਨਮ ਲੈ ਕੇ ਤੇ ਸੁਨਾਮ ਜੋ ਕਿ ਸ਼ਹੀਦਾਂ ਦੀ ਧਰਤੀ ਹੈ ਵਿਚ ਵੱਡਾ ਹੋ ਕੇ ਮਿਹਨਤ ਤੇ ਇਮਾਨਦਾਰੀ ਦੀ ਗੁੜ੍ਹਤੀ ਦੇ ਸਕਦੇ 5 ਅਪ੍ਰੈਲ, 195● ਨੂੰ 145 ਰੁਪਏ ਮਹੀਨੇ ਤੇ ਖੇਤੀਬਾੜੀ ਇਨਸਪੈਕਟਰ ਦੀ ਪਦਵੀ ਤੋਂ ਆਪਣੀ ਸਾਦਾ ਜ਼ਿੰਦਗੀ ਵਿਚ ਪੈਰ ਪਾਇਆ ਤੇ 38 ਸਾਲ ਪੰਜ ਮਹੀਨਿਆਂ ਦੀ ਸਰਕਾਰੀ ਨੌਕਰੀ ਵਿਚ ਐਸਿਸਟੈਂਟ ਐਕਟੇਨਸ਼ਨ ਅਫਸਰ, ਬਲਾਕ ਡਿਵੈਲਮੈਂਟ ਅਫਸਰ, ਜ਼ਿਲ੍ਹਾ ਖੇਤੀਬਾੜੀ ਅਫਸਰ, ਫਾਰਮ ਰੇਡਿਓ ਅਫਸਰ, ਖੇਤੀਬਾੜੀ ਸੂਚਨਾ ਅਫਸਰ, ਡਿਪਟੀ ਡਾਇਰੈਕਟਰ ਖੇਤੀਬਾੜੀ, ਸਲਾਹਕਾਰ ਪੰਜਾਬ ਸਟੇਟ ਕੋਆਪਰੇਟਿਵ ਬੈਂਕ, ਸੰਯੁਕਤ ਡਾਇਰੈਕਟਰ ਖੇਤੀਬਾੜੀ, ਸਕੱਤਰ ਮਾਰਕਿਟਿੰਗ ਬੋਰਡ, ਡਾਇਰੈਕਟਰ ਸੀਡ ਸਰਟੀਫਿਕੇਸ਼ਨ ਅਥੋਰਟੀ ਅਤੇ ਡਾਇਰੈਕਟਰ ਮਾਰਕਿਟਿੰਗ ਤੇ ਕੰਮ ਕਰਕੇ ਇਕ ਸਾਧਾਰਨ ਇਨਸਾਨ ਹੀ ਰਿਟਾਇਰ ਹੋਇਆ।

ਅੱਠਤੀ ਸਾਲਾਂ ਦੇ ਇਸ ਲੰਬੇ ਅਰਸੇ ਵਿਚ ਮੇਰਾ ਸਬੰਧ ਬਹੁਤ ਅੱਛੇ ਅਫ਼ਸਰਾਂ, ਲਿਖਾਰੀਆਂ, ਵਿਦਵਾਨਾਂ ਅਤੇ ਅਨੇਕਾਂ ਅਮੀਰਾਂ ਤੇ ਗ਼ਰੀਬ ਲੋਕਾਂ, ਰਿਸ਼ਤੇਦਾਰਾਂ, ਭੈਣਾਂ, ਭਾਬੀਆਂ, ਭਰਾਵਾਂ, ਭਤੀਜਿਆਂ, ਸਹੁਰਿਆਂ, ਕੁੜਮਾਂ, ਪੁੱਤਰਾਂ, ਧੀਆਂ, ਨੌਹਾਂ, ਪੋਤਿਆਂ ਤੇ ਪੋਤੀਆਂ ਦੋਹਤਿਆਂ ਦੋਹਤੀਆਂ ਨਾਲ ਪਿਆ ਹੈ।

ਮੇਰੇ ਦਿਲ ਤੇ ਦਿਮਾਗ ਤੇ ਬਹੁਤ ਸਾਰੀਆਂ ਅੱਛੀਆਂ ਬੁਰੀਆਂ ਬਦਨੁਮਾਂ, ਸਹਿਨਸ਼ੀਲ ਤੇ ਨਾਂ ਭੁੱਲਣ ਵਾਲੀਆਂ, ਦਿਲ ਹਲਾਉਣੀਆਂ ਘਟਨਾਵਾਂ, ਵਾਰਦਾਤਾਂ, ਨਿੰਦਿਆਵਾਂ, ਚੁਗਲੀਆਂ ਦੋਸਤੀਆਂ, ਦੁਸ਼ਮਣੀਆਂ, ਧੋਖੇ ਬਾਜ਼ੀਆਂ ਦਾ ਅਸਰ ਹੋਇਆ ਹੈ।

ਪਿਛਲੇ 5● ਸਾਲਾਂ ਵਿਚ ਜਦੋਂ ਤੋਂ ਮੈਂ ਹੰਭਲਾ ਮਾਰ ਕੇ ਲਿਖਣਾ ਸ਼ੁਰੂ ਕੀਤਾ ਹੈ ਮੇਰੇ ਮਨ ਵਿਚ ਵੱਖੋ ਵੱਖ ਸਮਿਆਂ ਵਿਚ ਵੱਖੋ ਵੱਖ ਰੰਗਾਂ ਦੀਆਂ ਭਾਵਨਾਵਾਂ ਦੀ ਇਕ ਲਹਿਰ ਸਾਵਣ ਦੀ ਕਾਲੀ ਘਟਾ ਬਣ ਕੇ ਆਉਂਦੀ ਰਹੀ ਹੈ ਤੇ ਮੈਂ ਪਰਮਾਤਮਾ ਦੀ ਦਿੱਤੀ ਸ਼ਕਤੀ, ਤੇ ਕਲਮ ਨੂੰ ਫੜਨ ਦੀ ਜਾਂਚ ਕਾਰਨ ਕਦੇ ਵੀ ਕੋਈ ਮੌਕਾ ਨਹੀਂ ਖੁੰਝਾਇਆ ਤੇ ਕਾਗਜ਼ਾਂ ਦੀ ਨਜ਼ਰ, ਟੁੱਟੇ ਫੁੱਟੇ ਸ਼ਬਦਾਂ ਦੀਆਂ ਲੜੀਆਂ ਕਰਦਾ ਰਿਹਾ ਹਾਂ।

ਮੇਰੀਆਂ ਕਵਿਤਾਵਾਂ ਵਿਚ ਬਿਰਹਾ, ਵੀਰਤਾ, ਨਿਰਾਸ਼ਾ, ਪਿਆਰ, ਉਦਾਸੀਆਂ, ਮਸਤੀਆਂ, ਰੰਗੀਨੀਆਂ ਅਤੇ ਆਸ਼ਾਵਾਂ ਦੀਆਂ ਝਲਕੀਆਂ ਮਹਿਸੂਸ ਹੁੰਦੀਆਂ ਸੀ। ਜਦੋਂ ਕਦੀ ਮੈਂ ਖੁਸ਼ੀ ਵਿਚ, ਗਮੀ ਵਿ, ਪਿਆਰ ਵਿਚ ਆਪਣੇ ਪਟਵਾਰ ਖਾਨੇ 'ਚੋਂ ਰੋਜ਼ਨਾਮਚਾ ਕੱਢ ਕੇ ਪੜ੍ਹਦਾ ਜਾਂ ਕਿਸੇ ਨੂੰ ਸੁਨਾਉਣ ਦਾ ਹੌਂਸਲਾ ਕਰਦਾ, ਮੇਰੇ ਕਈ ਨਜ਼ਦੀਕੀ ਦੋਸਤਾਂ, ਰਿਸ਼ਤੇਦਾਰਾਂ ਨੇ ਹੱਲਾ ਸ਼ੇਰੀ ਦੇ ਕੇ ਮੈਨੂੰ ਪੰਜਾਹ ਸਾਲਾਂ ਦੀਆਂ ਲਿਖੀਆਂ ਹੋਈਆਂ ਪੰਜ ਜ਼ੁਬਾਨਾਂ ਵਿਚ **ਕੁਝ ਸੱਤਰਾਂ** ਨੂੰ ਇਕ ਪੋਥੀ ਦਾ ਰੂਪ ਦੇਣ ਲਈ ਪ੍ਰੇਰਨਾ ਦਿੱਤੀ। ਮੇਰੀ ਧਰਮ ਪਤਨੀ ਭਗਵੰਤ ਕੌਰ ਜਿਸਨੇ ਮੇਰੇ ਨਾਲ ਹਰ ਸੁੱਖ ਦੁੱਖ, ਚੰਗੇ ਮੰਦੇ ਹਾਲਾਤ ਵਿਚ ਸਾਥ ਦਿੱਤਾ, ਦੀ ਵੀ ਇੱਛਾ ਸੀ ਕਿ ਮੈਂ ਇਕ ਛੋਟੀ ਜਿਹੀ ਪੁਸਤਕ ਬਣਾ ਕੇ ਆਪਣੇ ਖਾਨਦਾਨ ਤੇ ਮਿੱਤਰਾਂ ਲਈ ਇਕ ਨਿਮਾਣੀ ਜਿਹੀ ਨਿਸ਼ਾਨੀ ਛੱਡ ਜਾਵਾਂ।

ਸੋਚ ਸੋਚ ਕੇ ਆਖਰ 4 ਫਰਵਰੀ, ਨੂੰ ਵੱਡੇ ਭਰਾ ਦੀਪਕ ਸਾਹਿਬ ਦੀ ਬਰਸੀ ਤੇ ਆਪਣੇ ਛੋਟੇ ਲੜਕੇ ਜੀਵਨ ਪ੍ਰਕਾਸ਼ ਸਿੰਘ ਦੀਪਕ, ਵਿਡੰਸਰ (ਯੂ.ਕੇ.) ਨਿਵਾਸੀ ਦੇ ਘਰ ਵਿਚ ਬੈਠ ਕੇ ਖਰੜਾ ਬਨਾਉਣਾ ਸ਼ੁਰੂ ਕੀਤਾ। ਇਸ ਕਿਤਾਬ ਦੇ ਹਰ ਸਫੇ ਵਿਚੋਂ ਤੁਹਾਨੂੰ ਮੇਰੇ ਵਿਅਕਤੀਗਤ ਜੀਵਨ ਦੀਆਂ ਭਾਵਨਾਵਾਂ ਦਾ ਚਿੱਤਰ ਬੋਲਦਾ ਨਜ਼ਰ ਆਵੇਗਾ।

ਮੈਂ ਇਸ ਕਿਤਾਬ ਨੂੰ ਆਪਣੀਆਂ "ਜੀਵਨ ਸੱਧਰਾਂ" ਕਹਿੰਦਾ ਹੋਇਆ ਇਸ ਦਾ ਨਾਂ "**ਬੋਲਦੇ ਅੱਖਰ**" ਰੱਖਿਆ ਹੈ।

ਮੈਂ ਅਵਤਾਰ ਸਿੰਘ ਦੀਪਕ ਸੁਨਾਮੀ ਸੁਨਾਮ ਦੀ ਪਵਿੱਤਰ ਧਰਤੀ ਨਾਲ ਸਬੰਧਤ ਸਾਰੇ ਸ਼੍ਰੋਮਣੀ ਸ਼ਹੀਦਾਂ ਭਾਈ ਮਨੀ ਸਿੰਘ ਜੀ ਮਹਰੋਕ, ਬਾਬਾ ਸੁੱਖਾ ਸਿੰਘ ਜੀ ਮਹਰੋਕ ਤੇ ਸ਼ਹੀਦੇ ਆਜ਼ਮ ਉੱਦਮ ਸਿੰਘ ਕਾਮਬੋਜ ਨੂੰ ਪ੍ਰਣਾਮ ਕਰਦਾ ਹਾਂ ਜਿਨ੍ਹਾਂ ਨੇ ਵੱਖੋ-ਵੱਖ ਸਮਿਆਂ ਵਿੱਚ ਕੌਮ ਤੇ ਦੇਸ਼ ਦੀ ਰੱਖਿਆ ਲਈ ਆਪਣੀਆਂ ਅਣਖੀਲੀਆਂ ਜਿੰਦਾਂ ਦਾ ਬਲਿਦਾਨ ਦੇ ਕੇ ਸੁਨਾਮ ਦੀ ਧਰਤੀ ਨੂੰ ਦੁਨੀਆਂ ਵਿਚ ਉਜਾਗਰ ਕੀਤਾ।

ਪੰਜਾਬ ਦੇ ਖੇਤੀਬਾੜੀ ਮਹਿਕਮੇ ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਸਮੂਹ ਅਫਸਰਾਂ ਤੇ ਵਰਕਰਾਂ, ਪੰਜਾਬ ਦੇ ਕਿਸਾਨਾਂ, ਮਜ਼ਦੂਰਾਂ ਤੇ ਸਾਰੀਆਂ ਪਛੜੀਆਂ ਸ਼੍ਰੇਣੀਆਂ ਦੇ ਕਾਮਿਆਂ ਨੂੰ ਰੱਜ ਕੇ ਪਿਆਰ ਤੇ ਸਨਮਾਨ ਕਰਦਾ ਹਾਂ।

ਸੁਨਾਮ ਵਿਚ ਵੱਸਦੇ ਕਪਤਾਨ ਰਾਮ ਸਿੰਘ ਦੇ ਖਾਨਦਾਨ ਨਾਲ ਜੁੜੇ ਹੋਏ ਮੇਰੇ ਰਿਸ਼ਤੇਦਾਰ ਪਿਹਿਵਾਰਾਂ ਤੇ ਸਭ ਕੌਮਾਂ ਦੇ ਵਸਨੀਕਾਂ ਦਾ ਆਦਰ ਤੇ ਮਾਨ ਕਰਦਾਂ ਹਾਂ ਜਿਨ੍ਹਾਂ ਨਾਲ ਮੇਰੀ ਜਿੰਦਗੀ ਦੇ ਬਹੁਤ ਸਾਲ ਹੱਸਦੇ, ਨੱਚਦੇ ਤੇ ਗਾਉਂਦੇ ਨਿਕਲੇ ਹਨ।

ਸ਼ਹੀਦਾਂ ਦੀ ਮਹਾਨ ਤੇ ਪਵਿੱਤਰ ਧਰਤੀ ਸੁਨਾਮ ਦੇ ਜੰਮਪਲ, ਸੂਝਵਾਨ ਤੇ ਹਰਮਨ ਪਿਆਰੇ ਨੇਤਾ ਸ. ਸੁਖਦੇਵ ਸਿੰਘ ਢੀਂਡਸਾ, ਮੈਂਬਰ ਰਾਜ ਸਭਾ ਦਾ ਸੁਨਾਮੀਆਂ ਦੀ ਤਨ ਮਨ ਨਾਲ ਸੇਵਾ ਕਰਨ ਦਾ ਧੰਨਵਾਦ ਕਰਦਾ ਹਾਂ।

ਸੁਨਾਮ ਦੇ ਪਵਿੱਤਰ ਨਾ ਨੂੰ ਹਮੇਸ਼ਾ ਆਪਣੇ ਨਾਂ ਨਾਲ ਜੁੜਿਆ ਰੱਖਣ ਲਈ ਮੈਂ ਹੁਣ ਅਵਤਾਰ ਸਿੰਘ ਦੀਪਕ ਸੁਨਾਮੀ ਦੇ ਨਾਂ ਨਾਲ ਹੀ ਸੱਦਿਆ ਜਾਣਾ ਤੇ ਯਾਦ ਕੀਤਾ ਜਾਣਾ ਚਾਹੁੰਦਾ ਹਾਂ।

# ਮੇਰੀ ਕਲਮ

ਮੈਂ ਕਾਹੀ ਦਾ ਸਿੱਘਾ ਕਾਨਾਂ
ਸਿਰ ਚੁੱਕ ਕੇ ਜਿਊਣਾ ਮੇਰਾ ਨਿਸ਼ਾਨਾ

ਜਦੋਂ ਦੀ ਚਿੱਤਰਕਾਰ, ਪਰਵਰਦਿਗਾਰ ਨੇ ਇਹ ਲਾਫਾਨੀ ਤੇ ਲਾਸਾਨੀ ਸ੍ਰਿਸ਼ਟੀ ਸਾਜੀ ਹੈ ਤੇ ਇਨਸਾਨ ਨੂੰ ਸੂਝ ਦੇ ਵਡਮੁੱਲੇ ਸ਼ਿੰਗਾਰ ਨਾਲ ਸਜਾਇਆ ਹੈ, ਬਚਪਨ ਤੋਂ ਲੈ ਕੇ ਅੰਤ ਤੱਕ ਇਨਸਾਨ ਦਾ ਸਭ ਤੋਂ ਸੱਚਾ ਦੋਸਤ ਕਾਹੀ ਦਾ ਕਾਨਾ ਹੀ ਹੈ। ਮਾਂ ਦੀ ਨਿੱਘੀ ਗੋਦ ਵਿਚ ਲਾਡ ਲਡਾ ਕੇ, ਖੇਡਾਂ, ਕਲੋਲਾਂ, ਨਖਰੇ ਕਰਕੇ, ਹਰ ਬੱਚੇ ਦਾ ਦੋਸਤ ਕਾਹੀ ਦਾ ਕਾਨਾ ਹੀ ਹੈ। ਘਰ ਦੀ ਚਾਰ ਦੀਵਾਰੀ ਤੋਂ ਬਾਹਰ ਜਦੋਂ ਪਹਿਲਾ ਕਦਮ ਬੱਚੇ ਦਾ ਮਦਰਸੇ ਵਿਚ ਪੈਂਦਾ ਹੈ ਤਾਂ ਗਿਆਨੀ, ਮੌਲਵੀ, ਮਾਸਟਰ, ਬੱਚੇ ਨੂੰ ਸਭ ਤੋਂ ਵੱਡਾ ਪਹਿਲਾ ਤੋਹਫਾ ਕਾਹੀ ਦੇ ਕਾਨੇ ਦੀ ਘੜੀ ਹੋਈ ਕਲਮ ਦੇਂਦਾ ਹੈ। ਇਸ ਕਲਮ ਨੂੰ ਫੜਨ ਦਾ ਵੱਲ, ਦਵਾਛ ਨਾਲ ਇਸ ਦਾ ਸੰਬੰਧ, ਫੱਟੀ ਨਾਲ ਇਸਦਾ ਰਿਸ਼ਤਾ, ਇਹ ਸਭ ਉਸਤਾਦ ਆਪਣੇ ਸ਼ਾਗਿਰਦ ਨੂੰ ਬੜੇ ਪਿਆਰ ਨਾਲ ਦੱਸਦਾ ਹੈ। ਭਾਵੇਂ ੳ, ਅ, ੲ ਹੋਵੇ ਤੇ ਭਾਵੇ ਅਲਫ, ਬੇ ਤੇ ਪੇ ਜਾਂ ਹੁਣ ਏ.ਬੀ. ਤੇ ਸੀ, ਕਲਮ ਦਾ ਪਿਆਰ ਫੱਟੀ ਜਾਂ ਕਾਗ਼ਜ਼ ਨਾਲ ਪੈ ਜਾਂਦਾ ਹੈ। ਇਹ ਪਿਆਰ ਇਨਸਾਨ ਨੂੰ ਜ਼ਿੰਦਗੀ ਦੇ ਹਰ ਪਹਿਰੇ ਵਿਚ, ਗਿਆਨ ਦੀ ਲੀਹੇ ਪਾਉਂਦਾ ਹੈ। ਪਿਆਰ, ਸਤਿਕਾਰ, ਉਪਕਾਰ, ਇਕਰਾਰ, ਇਤਬਾਰ, ਇਨਕਾਰ, ਇਹ ਸਭ ਕਲਮ ਦੀ ਹੀ ਕਰਾਮਾਤ ਹੈ। ਕਲਮ ਇਨਸਾਨ ਦੀ ਹਿੰਮਤ, ਅਕਲ ਤੇ ਦ੍ਰਿੜ੍ਹਤਾ ਦੀ ਜ਼ਾਮਨ ਹੈ।

ਕਲਮ ਘਰਾਂ, ਕੌਮਾਂ, ਮੁਲਕਾਂ ਤੇ ਸ੍ਰਿਸ਼ਟੀ ਦੀ ਨੀਂਹ ਹੈ। ਕਲਮ ਗ਼ੁੱਸੇ ਹੋਵੇ ਤਾਂ ਤਬਾਹੀ, ਨਫ਼ਰਤ, ਕਮਜ਼ੋਰੀ ਤੇ ਮਜਬੂਰੀ ਨੂੰ ਜਨਮ ਦਿੰਦੀ ਹੈ। ਕਲਮ ਜੇ ਖ਼ੁਸ਼ ਹੋਵੇ ਤਾਂ ਖ਼ੁਸ਼ਹਾਲੀ ਦੀ ਪ੍ਰਤੀਕ ਹੈ। ਹਰ ਚੰਗਾ ਤੇ ਮੰਦਾ ਨਿਰਣਾ ਕਲਮ ਦੇ ਰਾਹੀਂ ਹੀ ਹੁੰਦਾ ਹੈ ਤੇ ਹਰ ਪ੍ਰੇਮ ਪਿਆਰ ਤੇ ਸਤਿਕਾਰ ਦਾ ਨਿਰਣਾ ਵੀ ਇਸ ਕਲਮ ਦੇ ਰਾਹੀਂ ਹੀ ਹੁੰਦਾ ਹੈ। ਪੀਰਾਂ, ਪੈਗੰਬਰਾਂ, ਗੁਰੂਆਂ ਦੀ ਸੁੱਚੀ ਤੇ ਸੱਚੀ ਬਾਣੀ ਤੇ ਉਪਦੇਸ਼ ਵੀ ਇਸ ਕਲਮ ਨੇ ਇਸ ਕਲਯੁੱਗ ਦੇ ਪਹਿਰੇ ਵਿਚ, ਗੀਤਾ, ਗਰੰਥ, ਬਾਈਬਲ ਤੇ ਕੁਰਾਨ ਦੇ ਰੂਪ ਵਿਚ ਦੇ ਕੇ ਦੁਖੀਆਂ ਤੋਂ ਉੱਖੜੇ ਹੋਏ ਇਨਸਾਨਾਂ ਤੇ ਵੱਡਾ ਉਪਕਾਰ ਕੀਤਾ ਹੈ।

ਲੈਲਾ-ਮਜਨੂੰ, ਸੱਸੀ-ਪੁਨੂੰ, ਹੀਰ-ਰਾਂਝਾ, ਸੋਹਣੀ-ਮਹੀਂਵਾਲ ਦੇ ਅਮਰ ਤੇ ਸੱਚੇ ਪਿਆਰ ਦੀਆਂ ਕਹਾਣੀਆਂ ਵੀ ਇਸ ਕਲਮ ਨੇ ਲਿਖੀਆਂ। ਸਾਹਿਬਾਂ-ਮਿਰਜ਼ੇ ਦੀ ਕਹਾਣੀ, ਜਿਸ ਨਾਲ ਸੱਚਾ ਪਿਆਰ ਬਦਨਾਮ ਹੋਇਆ ਇਸੇ ਕਲਮ ਨੂੰ ਲਿਖਣੀ ਪਈ। ਲੱਖਾਂ ਅਪਰਾਧੀਆਂ ਨੂੰ ਸਜ਼ਾ ਦਿੰਦੀ ਹੈ ਇਹ ਕਲਮ; ਲੱਖਾਂ ਨੇਕੀਆਂ ਦੀ ਗਵਾਹੀ ਵੀ ਦਿੰਦੀ ਹੈ।

ਮੁਲਕਾਂ ਵਿਚ ਲੜਾਈਆਂ ਵੀ ਇਸ ਕਲਮ ਨੇ ਕਰਵਾਈਆਂ ਤੇ ਅਮਨ ਤੇ ਪਿਆਰ ਦੇ ਫੈਸਲੇ ਵੀ ਲਿਖੇ ਇਸ ਕਲਮ ਨੇ। ਇਸੇ ਹੀ ਕਲਮ ਨੇ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਹੇ ਲਾਇਆ। ਸ਼ਹੀਦੇ ਆਜ਼ਮ ਸ੍. ਊਧਮ ਸਿੰਘ ਨੂੰ ਵੀ ਇਸ ਕਲਮ ਨੇ ਹੀ ਫਾਂਸੀ ਦੇ ਤਖਤੇ ਤੇ ਟੰਗਿਆ। ਇਸੇ ਕਲਮ ਨੇ ਹੀ ਭਾਰਤੀ ਤੇ ਪਾਕਿਸਤਾਨੀ ਲੀਡਰਾਂ ਤੋਂ ਮੁਲਕ ਦੀ ਭਿਆਨਕ ਵੰਡ ਕਰਵਾਈ। ਇਸੇ ਕਲਮ ਨੇ ਹੀ ਮੇਰਾ ਪੰਜਾਬ ਟੁਕੜੇ ਟੁਕੜੇ ਕੀਤਾ।

ਇਸ ਕਲਮ ਦੀ ਸ਼ਕਤੀ ਦੇ ਸਦਕੇ ਮੈਂ ਹੁਣ ਤੱਕ ਕਾਗ਼ਜਾਂ ਦੇ ਥੱਬੇ ਕਾਲੇ ਕਰਦਾ ਆਇਆ ਹਾਂ। ਇਹੀ ਕਲਮ ਹੁਣ ਮੈਥੋਂ ਇਹ ਭੰਡਾਰ ਇਕੱਠਾ ਕਰਵਾਉਂਦੀ ਹੈ। ਇਹ ਕਲਮ ਮੇਰੀਆਂ ਜੀਵਨ ਸੱਧਰਾਂ ਦੇ ਬੋਲਦੇ ਅਖ਼ਰ ਸੰਗ੍ਰਹਿ ਦੀ ਮਾਂ ਹੈ ਅਤੇ ਮੈਂ ਇਸ ਨੂੰ ਅੰਤ ਤੱਕ ਪ੍ਰਣਾਮ ਕਰਦਾ ਰਹੂੰਗਾ।

# ਭਾਗ ਪਹਿਲਾ

## ਪੰਜਾਬੀ ਕਵਿਤਾਵਾਂ, ਗਜ਼ਲਾਂ ਤੇ ਗੀਤ

### ਪੰਜਾਬ ਦੀਆਂ ਮੁਟਿਆਰਾਂ ਲਈ ਸੌਗਾਤ

ਮੇਰੀ ਬੋਲੀ ਮਿੱਠੀ ਮਿਸ਼ਰੀ ਤੋਂ, ਮੇਰੀ ਹੋਂਦ ਦਿਲਾਂ ਦੀ ਧੜਕਨ ਹੈ
ਮੇਰੀ ਲੈਅ ਵਿੱਚ ਛਣਕ ਪ੍ਰੀਤਾਂ ਦੀ, ਸੁੱਚੀਆਂ ਸੱਧਰਾਂ ਦੀ ਰੜਕਨ ਹੈ
ਅਣਛੋਹਿਆਂ ਜੋ ਨਸ਼ਿਆ ਦੇਵੇ, ਮੈਂ ਮਸਤੀ ਓਸ ਸ਼ਰਾਬ ਦੀ ਹਾਂ
ਮੈਂ ਪਿਆਰ ਨੂੰ ਜਿਉਂਦਾ ਰੱਖਣ ਲਈ, ਜਿਉਂਦੀ ਮੁਟਿਆਰ ਪੰਜਾਬ ਦੀ ਹਾਂ

ਉਪਰਲੀਆਂ ਸਤਰਾਂ ਮੇਰੇ ਸਵਰਗਵਾਸੀ ਵੱਡੇ ਵੀਰ ਗੁਰਬਚਨ ਸਿੰਘ ਦੀਪਕ ਦੀ ਪਹਿਲੋਂ ਛੱਪ ਚੁੱਕੀ ਪੁਸਤਕ **'ਮੁਟਿਆਰ ਪੰਜਾਬ ਦੀ'** ਵਿਚੋ ਚੁਣ ਕੇ ਸੋਹਣੇ ਪੰਜਾਬ ਦੀਆਂ ਸੁਸ਼ੀਲ ਤੇ ਸਿਰ ਚੁੱਕ ਕੇ ਤੁਰਨ ਵਾਲੀਆਂ ਗਾਉਂਦੀਆਂ, ਹੱਸਦੀਆਂ, ਨੱਚਦੀਆਂ, ਧੀਆਂ-ਭੈਣਾਂ ਵਾਸਤੇ ਹੈ, ਦੀਪਕ ਪਰਿਵਾਰ ਵੱਲੋਂ ਇਕ ਸੌਗਾਤ।

# ਬੋਲਦੇ ਅੱਖਰ

'ਦੀਪਕ' ਅੱਖਰ ਤੇਰੇ ਮੂੰਹੋ ਬੋਲਦੇ ਨੇ
ਫੱਟੜ ਹਿਰਦਿਆਂ ਦੇ ਦੁੱਖ ਫੋਲਦੇ ਨੇ
ਖਿੜੇ ਸੱਜਰੇ ਮਹਿਕਦੇ ਫੁੱਲਾਂ ਵਾਂਗੂ
ਯਾਦਾਂ ਭੁਲੀਆਂ ਦੇ ਰਾਹ ਟੋਲਦੇ ਨੇ
ਸੱਚੇ ਪਿਆਰ ਦੀ ਖ਼ੁਸ਼ਬੂ ਨਾਲ ਰੰਗੇ ਹੋਏ
ਦੁੱਖ ਦਰਦ ਮੁਸੀਬਤਾਂ ਦੇ ਡੰਗੇ ਹੋਏ
ਦਿਸਦੇ ਦ੍ਰਿੜ੍ਹ ਮਜ਼ਬੂਤ ਪ੍ਰਬਤਾਂ ਤੋਂ
ਜੀਵਨ ਸਧਰਾਂ ਦੇ ਵਰਕੇ ਖੋਲਦੇ ਨੇ
ਕਹਾਣੀ ਬਚਪਨ ਜਵਾਨੀ ਦੀ ਦਸਦੇ ਨੇ
ਐਨ ਵਾਂਗ ਤੇਰੇ ਹਸਦੇ ਫੱਬਦੇ ਨੇ
ਦਿੱਸਣ ਉਦਾਸ ਭਾਵੇਂ ਦਿਲ ਵਿਚੋਂ
ਜ਼ਖ਼ਮ ਜਿਗਰ ਦੇ ਲਗਦੇ ਕਜਦੇ ਨੇ
ਕਿਵੇਂ ਰੀਝਾਂ ਦਾ ਗਲ ਘੁੱਟਿਆ ਹੈ
ਰੱਖਿਆ ਵਿਚ ਹਨੇਰਿਆਂ ਸੁਟਿਆ ਹੈ
ਕਿਸੇ ਸਬਰ ਸੰਤੋਖ ਨੂੰ ਘਾਤ ਲਾ ਕੇ
ਚੈਨ ਮਨ ਦਾ ਰਜ ਰਜ ਲੁਟਿਆ ਹੈ
ਕਿਸ ਸ਼ਾਂਤ ਵਿਸ਼ਾਲ ਨਿਰਮਲ ਹਿਰਦਾ
ਦੁੱਖ ਦਰਦ ਮੁਸੀਬਤਾਂ ਸਾੜੀ ਰੱਖਿਆ
ਤੇਰੇ ਸੀਤਲ ਖਿਆਲਾਂ ਦੇ ਮੋਤੀਆਂ ਨੂੰ
ਜਾਬਰ ਕਦਮਾਂ ਥੱਲੇ ਲਿਤਾੜੀ ਰੱਖਿਆ
ਅੱਖਰ ਬੋਲਦੇ ਸੱਚਾ ਹੈ ਪਿਆਰ ਤੇਰਾ
ਇਨਸਾਨੀਅਤ ਦੇ ਲਈ ਸਤਿਕਾਰ ਤੇਰਾ
ਕਰਨ ਲਈ ਸਨਮਾਨ ਸੱਚੀ ਹੋਂਦ ਸੰਦਾ
ਤੇਰੇ ਹਿਰਦੇ ਚ ਲੁਕੀ ਹੋਈ ਗੋਂਦ ਸੰਦਾ
ਅੱਖਰ ਬੋਲਦੇ ਨੇ ਕਰਕੇ ਤੇਰਾ ਆਦਰ
ਸਿਰ ਚੁੱਕ ਕੇ ਫਿਰਦਾ ਰਹਿ ਚਿੱਟੀ ਚਾਦਰ
ਤੇਰੀ ਲੋ ਹੈ ਜੀਵਨ ਦੀ ਲੋ 'ਦੀਪਕ'

ਸਿਰ ਚੁੱਕ ਕੇ ਸਦਾ ਖਲੋ ‘ਦੀਪਕ’

## ਭਾਦੋਂ ਰੁੱਤੇ ਜੰਮਿਆ ਰੁੱਖ

ਭਾਦੋਂ ਰੁੱਤੇ ਜੰਮਿਆ ਰੁੱਖ
ਕਿਧਰੇ ਛਾਂ ਸੀ ਕਿਧਰੇ ਧੁੱਪ
ਹਰ ਟਹਿਣੀ ਹਰ ਪੱਤੇ ਦੁੱਖ
ਡਰਦਾ ਰਿਹਾ ਮੈਥੋਂ ਸੁੱਖ

ਚੜ੍ਹਦੇ ਸੂਰਜ ਦੀਆਂ ਕਿਰਨਾਂ ਦਾ
ਸਦਾ ਹੀ ਕੀਤਾ ਮੈਂ ਸਨਮਾਨ
ਮੈਂ ਸਮਝੇ ਸਭ ਅਪਣੇ ਦੋਸਤ
ਛੋਟੇ ਵੱਡੇ ਸਭ ਇਨਸਾਨ
ਵੰਡੇ ਸਭ ਦੇ ਦੁੱਖ ਮੈਂ ਰੱਜਕੇ
ਤਨ ਮਨ ਧਨ ਕਰਕੇ ਕੁਰਬਾਨ
ਕਿਸੇ ਨਾ ਮੇਰੀ ਪੀੜ ਪਛਾਣੀ
ਕਈ ਵਾਰ ਭਾਵੇ ਗਿਆ ਹਾਂ ਸੁੱਕ

ਹਰ ਵਰ੍ਹੇ ਪਤ ਝੜ ਦੀ ਰੁੱਤ
ਲੱਗਦੀ ਰਹੀ ਮੈਨੂੰ ਚੰਗੀ
ਲਾਹ ਕੇ ਮਰੇਰੇ ਸਾਵੇਂ ਕੱਪੜੇ
ਹਰ ਟਹਿਣੀ ਕਰ ਦਿੰਦੀ ਨੰਗੀ
ਤੰਗ ਦਿਲਾਂ ਦੀਆਂ ਤੱਤੀਆਂ ਆਹਾਂ
ਸਾੜੀ ਰੱਖਿਆ ਮੇਰਾ ਤਨ ਮਨ ਖੂਨ
ਸਿਰ ਚੁੱਕ ਕੇ ਪਰ ਜਿਊਣ ਦਾ ਮੇਰਾ
ਖਤਮ ਨਾ ਹੋਇਆ ਕਦੇ ਜਨੂਨ
ਸਿਰ ਚੁੱਕ ਕੇ ਹਾਂ ਰਿਹਾ ਖਲੋਤਾ
ਸੁੱਕੀ ਲੱਕੜ ਦਾ ਬਣਕੇ ਬੁੱਤ

ਸ੍ਰਿਸ਼ਟੀ ਪੈਦਾ ਕਰਨ ਵਾਲੇ ਫਿਰ
ਭੇਜ ਦਿੱਤੀ ਇਕ ਨਵੀਂ ਬਹਾਰ
ਟਹਿਣੀਆਂ ਫਿਰ ਹੋ ਗਈਆਂ ਹਰੀਆਂ
ਫਲ ਫੁੱਲਾਂ ਦਾ ਲਾ ਸ਼ਿੰਗਾਰ
ਮੇਰੇ ਜੀਵਨ ਦੇ ਚਮਨਾਂ ਵਿਚ
ਆ ਗਿਆ ਸੱਤ ਰੰਗਾ ਸ਼ਿੰਗਾਰ

ਹੱਸ-ਹੱਸ ਨੱਚ-ਨੱਚ ਲਾਹਵਾਂ ਹੁਣ ਮੈਂ
ਸਤਿਨਾਮ ਦੀ ਲੱਗੀ ਭੁੱਖ

ਮੈਂ ਚਾਹੁੰਦਾ ਹਾਂ ਮੇਰੇ ਫੁੱਲਾਂ ਦਾ
ਰਹੇ ਇਕ ਅਨੋਖਾ ਨਾਉਂ
ਉਨ੍ਹਾਂ ਦੀ ਮਹਿਕ ਤੇ ਅਮ੍ਰਿਤ ਖੁਸ਼ਬੂ ਦਾ
ਹਰ ਹਿਰਦੇ ਵਿਚ ਬਣ ਜਾਵੇ ਥਾਂ
ਜਦੋਂ ਆਵੇ ਕੋਈ ਪਾਸ ਉਨ੍ਹਾਂ ਦੇ
ਲੱਗੇ ਉਨ੍ਹਾਂ ਨੂੰ ਠੰਢੀ ਛਾਂ
ਹੋ ਜਾਵੇ ਮੇਰੀ ਸੁਲੱਖਣੀ ਮਾਂ ਦੀ
ਪਿਆਰ ਸਤਿਕਾਰ ਨਾਲ ਭਰ ਕੇ ਕੁੱਖ
ਜਿਸ ਨੇ ਭਾਦੋਂ ਰੁੱਤੇ ਜੰਮਿਆ
ਹਰਾ ਭਰਾ ਇੱਕ ਦੀਪਕ ਰੁੱਖ

# ਸੁਨੀ ਰੋਹੀ ਦਾ ਅੱਕ

ਮੈਂ ਸੁੰਨੀ ਰੋਹੀ ਦਾ ਅੱਕ
ਫੁੱਲਾਂ ਵਿਚ ਨਹੀਂ ਰਹਿਣ ਦਾ ਹੱਕ
ਖੁਸ਼ ਹਾਂ ਅਜੇ ਤੱਕ ਸੁੱਕਿਆ ਨਹੀਂ
ਕਿਸੇ ਪੁੱਟ ਕੇ ਸੁਟਿਆ ਨਹੀਂ

ਠੰਢੀ ਹਵਾ ਜੇ ਮਾਰਨ ਆਈ
ਉਸ ਨੂੰ ਵੀ ਮੈਂ ਕੀਤਾ ਹੈ ਪਿਆਰ
ਤੱਤੀ ਲੂ ਜੇ ਸਾੜਨ ਆਈ
ਉਸਦਾ ਵੀ ਕੀਤਾ ਸਤਿਕਾਰ

ਭੌਰੇ ਕਲੀਆਂ ਦੇ ਹੁਸਨ ਲੁਟੇਰੇ
ਮਾਰਨ ਗੇੜੇ ਸ਼ਾਮ ਸਵੇਰੇ
ਮੈਂ ਭਾਵੇਂ ਲੱਖ ਸੈਨਤਾ ਮਾਰਾਂ
ਉਹ ਨਹੀਂ ਆਉਂਦੇ ਨੇੜੇ ਮੇਰੇ

ਦੋਸਤ ਯਾਰ ਫੁੱਲਾਂ ਦੇ ਰਸੀਏ
ਕੋਲ ਆਉਣ ਤੋਂ ਡਰਦੇ ਰਹਿਣ
ਛਾਂ ਮੇਰੀ ਭਾਵੇਂ ਹੋਵੇ ਠੰਢੀ
ਲਗਦੀ ਏ ਤੱਤੀ ਤੱਤੀ ਕਹਿਣ

ਚੁੱਪ ਚਾਪ ਇਕ ਪਾਸੇ ਰਹਿ ਕੇ
ਆਪਣੇ ਆਪ ਨੂੰ ਰਿਹਾ ਹਾਂ ਪਾਲ
ਕੌੜੇ ਪੱਤਿਆਂ ਫੁੱਲਾਂ ਸਦਕੇ
ਜਿੰਦ ਆਪਣੀ ਹਾਂ ਰਿਹਾ ਸੰਭਾਲ

ਮੈਂ ਵੀ ਹੋ ਗਿਆ ਹੁਣ ਬੁੱਢਾ
ਮੇਰੇ ਫੁੱਲਾਂ ਨੂੰ ਲੱਗ ਗਏ ਫੱਲ

ਛਾਤੀ ਮੇਰੀ ਚੀਰ ਕੇ ਦੇਖੋ
ਦਿਲ ਮੇਰੇ ਤੇ ਕਿੰਨੇ ਸੱਲ

ਜਿਸ ਨੇ ਮੈਨੂੰ ਪੈਦਾ ਕੀਤਾ
ਮੇਰਾ ਦੋਸਤ ਉਹ ਮਹਿਰਮ ਯਾਰ
ਮੈਨੂੰ ਹਿੱਕ ਅਪਣੀ ਨਾਲ ਲਾ ਕੇ
ਚੁੰਮੂ ਚੱਟੂ ਕਰੂ ਪਿਆਰ
ਜਦੋਂ ਜਾਵਾਂਗਾ ਉਸਦੇ ਦੁਆਰ
ਕਰਕੇ ਅਪਣਾ ਉੱਚਾ ਨੱਕ
ਮੈਂ ਸੁੰਨੀ ਰੋਹੀ ਦਾ ਅੱਕ।

# ਕਰੀਰ

ਮੈਂ ਬੰਜਰ ਧਰਤੀ ਦਾ ਕਰੀਰ
ਦੁੱਖ ਦਰਦ ਦੀਆਂ ਤਿੱਖੀਆਂ ਸੂਲਾਂ
ਵਿੰਨ੍ਹ ਰੱਖਿਆ ਹੈ ਮੇਰਾ ਸਰੀਰ
ਚਿੱਤਰਕਾਰ ਪਰ ਕਰ ਕਮਾਲ
ਜੜ੍ਹ ਲਾਈ ਮੇਰੀ ਵਿਚ ਪਤਾਲ
ਅਕਲ ਹੋ ਜਾਵੇ ਸਭ ਦੀ ਦੰਗ
ਦੇਖਕੇ ਮੇਰਾ ਸਾਵਾ ਰੰਗ

ਛੋਟੇ ਪੱਤੇ ਨੇ ਮੇਰੀ ਪੋਸ਼ਾਕ
ਤੱਪਦੀ ਲੂ ਹੈ ਮੇਰੀ ਖੁਰਾਕ
ਜੇਠ ਹਾੜ ਦੀਆਂ ਸੜਦੀਆਂ ਧੁੱਪਾਂ
ਲਾਹ ਦੇਵਣ ਸਭ ਮੇਰੀਆਂ ਭੁੱਖਾਂ
ਫੁੱਲਾਂ ਨੂੰ ਜਦੋਂ ਆਵੇ ਬੂਰ
ਮੈਨੂੰ ਚੜ੍ਹਿਆ ਰਹੇ ਸਰੂਰ
ਖੱਟੇ ਮਿੱਠੇ ਕਹਿਣ ਜੋ ਡੋਲੇ
ਮੇਰੇ ਲਈ ਉਹ ਚਮਨ ਅੰਗੂਰ

ਤਿੱਖੀਆਂ ਸੂਲਾਂ ਮੇਰੀ ਜਿੰਦ ਜਾਨ
ਮੇਰੀ ਖੁਸ਼ੀਆਂ ਦਾ ਜਹਾਨ
ਮਜ਼ਹਬ ਮੇਰਾ ਦੀਨ ਈਮਾਨ
ਜਿਨ੍ਹਾਂ ਸਦਕੇ ਨਿਭ ਗਈ ਮੇਰੀ ਸੰਗ ਇਨਸਾਨ
ਕੁਦਰਤ ਨੇ ਮੈਨੂੰ ਰੱਖ ਕੇ ਭੁੱਖਾ
ਦਿੱਤਾ ਡੀਲ ਡੌਲ ਤੇ ਜੁੱਸਾ
ਜੋ ਕੋਈ ਮੈਨੂੰ ਮਾਰਨ ਆਂਵੇ
ਹੱਥ ਲਾਵੇ ਰੋਵੇ ਪਛਤਾਵੇ

ਨਰਮ ਪੋਟਿਆਂ ਵਿਚ ਚੁਭ ਜਾਵਾਂ

ਭੈੜੀ ਅੱਖ ਨੂੰ ਮਜ਼ਾ ਚਖਾਵਾਂ
ਬਣ ਮਿੱਤਰ ਕੋਈ ਆਵੇ ਕੋਲ
ਮੈਨੂੰ ਬੋਲੇ ਮਿੱਠੇ ਬੋਲ
ਉਸ ਦੇ ਗਲ ਵਿਚ ਪਾ ਕੇ ਬਾਹਵਾਂ
ਹੱਸ ਹੱਸ ਅਪਣਾ ਹਾਲ ਸੁਣਾਵਾਂ
ਆਉਂਦੇ ਰਹੇ ਇਸ ਦਾ ਕਾਰਨ?

ਕਾਇਨਾਤ ਤੋਂ ਹੋ ਮਜਬੂਰ
ਹਸਦੇ ਵੱਸਦੇ ਘਰਾਂ ਤੋਂ ਦੂਰ
ਬੰਜਰ ਧਰਤੀ ਮੇਰੀ ਮਾਂ
ਕੰਡਿਆਂ ਭਰਿਆ ਦੇ ਸਰੀਰ
ਰਖਤਾ ਮੇਰਾ ਨਾਉਂ ਕਰੀਰ
ਚੁੱਪ ਚਪੀਤਾ ਕਰਦਾ ਕੁਲ ਕਾਜ
ਰੱਖਣ ਲਈ ਬਸ ਮਾਂ ਦੀ ਲਾਜ

ਜਿਥੇ ਨਾ ਕੋਈ ਖੂਹ ਖੁਆਜਾ
ਉਸ ਧਰਤੀ ਦਾ ਮੈਂ ਹਾਂ ਰਾਜਾ
ਜਿਥੇ ਚਲਦਾ ਮੇਰਾ ਰਾਜ
ਨਵੀਂ ਦੁਨੀਆਂ ਹੈ ਨਵੀਂ ਸਮਾਜ
ਮੇਰਾ ਦੀਨ ਅਮਾਨ ਹੈ ਧਰਮ
ਕਰਦੇ ਰਹਿਨਾਂ ਸੱਚੇ ਕਰਮ
ਊਚ ਨੀਚ ਦਾ ਫਰਕ ਨਹੀਂ ਕਰਦਾ
ਬੁਰੇ ਕੰਮਾਂ ਤੋਂ ਰਹਿੰਦਾ ਡਰਦਾ

ਜੋ ਆਵੇ ਬਣ ਮੇਰਾ ਮਹਿਮਾਨ
ਵੱਡਾ ਛੋਟਾ ਹਰ ਇਨਸਾਨ
ਨਵਾਂ ਨਰੋਆ ਨਿਰਬਲ ਬਲਵਾਨ
ਸਭ ਨੂੰ ਦੇਖ ਕੇ ਮੇਰੇ ਨੈਣ
ਦੁੰਬ ਦਿੰਦੇ ਮੇਰੇ ਦਿਲ ਦਾ ਚੈਨ
ਕਰ ਇਨ੍ਹਾਂ ਦੀ ਰਜ ਕੇ ਸੇਵਾ

ਅੱਗੇ ਰੱਖ ਡੇਲਿਆਂ ਦਾ ਮੇਵਾ
ਜਿਸ ਨੇ ਤੈਨੂੰ ਪੈਦਾ ਕੀਤਾ
ਰੱਜ ਕੇ ਤੈਨੂੰ ਸਭ ਕੁਛ ਦਿੱਤਾ

ਸੋਹਣਾ ਮੋਹਣਾ ਹਰਾ ਸਰੀਰ
ਭਾਵੇਂ ਤੈਨੂੰ ਕਹਿਣ ਕਰੀਰ
ਕਰਨ ਆਇਆ ਹੈ ਤੂੰ ਵੀ ਕੁਛ ਕਾਜ
ਜਿਸ ਧਰਤੀ ਤੇ ਤੇਰਾ ਰਾਜ
ਵੇਖਣ ਵਾਲਾ ਸਭ ਕੁਛ ਵੇਖੇ
ਕੱਢ ਕੇ ਦਿਲ ਚੋਂ ਸਭ ਭੁਲੇਖੇ
ਛੋਟੇ ਪੱਤੇ ਤਿਖੇ ਸੂਲ
ਕੀਤੇ ਹਨ ਜੋ ਤੂੰ ਕਬੂਲ

ਇਹੋ ਹਨ ਤੇਰੀ ਜਿੰਦ ਜਾਨ
ਮਜ਼ਹਬ ਤੇਰਾ ਦੀਨ ਅਮਾਨ
ਸੇਵਾ ਕਰ ਮਨ ਰਖ ਕੇ ਧੀਰ
ਬੰਜਰ ਧਰਤੀ ਦੇ ਕਰੀਰ
ਛਡੇਂਗਾ ਤੂੰ ਜਦੋਂ ਸਰੀਰ
ਤਨ ਮਨ ਦਾ ਬਣ ਜਾਊਂ ਅਮੀਰ
ਜਿਸ ਨੇ ਤੈਨੂੰ ਪੈਦਾ ਕੀਤਾ
ਨਾਲ ਹਿੱਕ ਉਹ ਤੈਨੂੰ ਲਾਊ
ਅਪਣੀ ਗੋਦੀ ਵਿਚ ਬਿਠਾ ਕੇ
ਪਿਆਰ ਦੇ ‘ਦੀਪਕ’ ਗੀਤ ਸੁਣਾਊ

# ਮੈ ਹਾਂ ਇਕ ਬੱਦਲ ਆਵਾਰਾ

ਮੈ ਹਾਂ ਇਕ ਬੱਦਲ ਆਵਾਰਾ
ਮੇਰਾ ਨਾਂ ਕੋਈ ਮੀਤ ਸਹਾਰਾ
ਜਾਵਾਂ ਉਡਦਾ ਬੇ-ਮੁਹਾਰਾ
ਮੇਰਾ ਨਾ ਕੋਈ ਅੰਤ ਕਿਨਾਰਾ

ਵਗੇ ਜਦੋਂ ਕਦੀ ’ਵਾ ਪੁਰੇ ਦੀ
ਮੱਸਤੀ ਵਿੱਚ ਮੈਂ ਤਾਰੀਆਂ ਲਾਵਾਂ
ਵੇਖਾਂ ਵਿਛਦਾ ਧਰਤੀ ਹਿਕ ਤੇ
ਅਪਣਾ ਆਪੇ ਮੈਂ ਪ੍ਛਾਵਾਂ
ਲਗੇ ਜਿਉਂ ਸੋਹਣੀ ਦੇ ਗੁਟ ਨੂੰ
ਫੜ ਰਹੀਆਂ ਨੇ ਮੇਰੀਆਂ ਬਾਹਵਾਂ
ਅੰਗ ਅੰਗ ਨੱਢੀ ਦਾ ਫਰਕੇ
ਹੱਸ ਹੱਸ ਮੈਨੂੰ ਕਰੇ ਇਸ਼ਾਰਾ

ਦੇਖ ਕੇ ਰੂਪ ਨਿਖਾਰ ਜੱਟੀ ਦਾ
ਹੱਸਾਂ ਗੱਜਾਂ ਨੱਚਾਂ ਗਾਵਾਂ
ਤਨ ਲੈਲਾ ਦਾ ਨਾ ਹੋ ਜਾਏ ਮੈਲਾ
ਗੁਮ ਸੁਮ ਹੋ ਕੇ ਫਿਰ ਰੁਕ ਜਾਵਾਂ
ਕਰਕੇ ਠੰਢਾ ਦਿਲ ਦਾ ਵਿਹੜਾ
ਕੇਰ ਅੱਖਾਂ ਚੋਂ ਖੱਟੇ ਹੰਝੂ
ਸੋਚ ਕੇ ਇੱਥੇ ਫਿਰ ਨਹੀਂ ਆਉਣਾ
ਚੁਪ-ਚਾਪ ਕਰ ਲਵਾਂ ਕਿਨਾਰਾ

ਜਦੋਂ ਮੁੜ ਫਿਰ ਬਿਜਲੀ ਲਿਸ਼ਕੇ
ਹੀਰ ਦੇ ਲੌਂਗ ਦਾ ਵਜੇ ਲਿਸ਼ਕਾਰਾ
ਚੱਲਦਾ ਚੱਲਦਾ ਮੈਂ ਰੁਕ ਜਾਵਾਂ
ਵੇਖਣ ਲਈ ਉਹਦਾ ਰੂਪ ਕੰਵਾਰਾ

ਹੁਸਨ ਸੱਸੀ ਦਾ ਬਹੁਤ ਅਨੋਖਾ
ਕਰ ਦੇਵੇ ਮੇਰਾ ਜਾਨਾਂ ਔਖਾ
ਉਸ ਦੀ ਪ੍ਰੀਤ ਦਾ ਬਣ ਵੰਜਾਰਾ
ਹੱਸ ਹੱਸ ਦੇਵਾਂ ਪ੍ਰੇਮ ਹੁਲਾਰਾ

## ਜੰਡ

ਮੇਰਾ ਨਾਉਂ ਹੈ ਜੰਡ ਦੋਸਤੋ
ਹੈ ਯਾਰੀ ਨਾਲ ਕਰੀਰ
ਸਾਹਿਬਾ ਤੱਤੀ ਟੰਗ ਕੇ ਤਰਕਸ਼
ਵਿੰਨ੍ਹ ਦਿੱਤਾ ਮੇਰਾ ਸਰੀਰ
ਉਸ ਧਰਤੀ ਦਾ ਜਾਇਆ ਸੀ ਮੈਂ
ਜਿਥੇ ਜੰਮਦੇ ਪਿਆਰ ਦੇ ਫੁੱਲ
ਮਾੜੇ ਕਰਮਾਂ ਦੇ ਹੀ ਸਦਕੇ
ਉਨ੍ਹਾਂ ਨਾਲ ਨਾ ਸਕਿਆ ਤੁਲ
ਦੋਸਤੀ ਮੇਰੀ ਨਾਲ ਆਸ਼ਕਾਂ
ਹੋ ਚਲੀ ਸੀ ਅੱਤ ਮਸ਼ਹੂਰ
ਜਦੋਂ ਦਾ ਸਾਹਿਬਾ ਛੱਡਿਆ ਮਿਰਜ਼ਾ
ਉਦੋਂ ਦਾ ਮੈਂ ਹਾਂ ਮਜਬੂਰ

ਤਿੱਤਰ ਖੰਭੀ ਛਾਂ ਥੱਲੇ ਮੇਰੀ
ਰਹੇ ਮੌਜਾਂ ਮਾਰਦੇ ਦੋਨੋਂ
ਹੁਸਨ ਇਸ਼ਕ ਦੀ ਰੰਗਲੀ ਚਾਦਰ
ਉਪਰ ਰਹੇ ਤਾਂਣਦੇ ਦੋਨੋਂ
ਮਿੱਠੀਆਂ ਮਿੱਠੀਆਂ ਗੱਲਾਂ ਕਰਦੇ
ਚੁੱਪ ਹੋ ਜਾਂਦੀ ਸਾਹਿਬਾਂ ਕਈ ਵਾਰ
ਮਿਰਜ਼ੇ ਨੂੰ ਸ਼ੱਕ ਹੋਣ ਨਾ ਦਿੰਦਾ
ਸੋਹਣੀ ਸਾਹਿਬਾਂ ਦਾ ਇਤਬਾਰ

ਇਕ ਦਿਨ ਕਿਤੇ ਬਹਾਰ ਦੀ ਰੁੱਤੇ
ਦੋਵੇਂ ਆ ਜੰਡ ਥੱਲੇ ਸੁੱਤੇ
ਦੁਸ਼ਮਣਾਂ ਕਰਕੇ ਕਰੜਾ ਵਾਰ
ਮਾਰ ਦਿੱਤਾ ਸਾਹਿਬਾਂ ਦਾ ਯਾਰ
ਰੱਬ ਦੀ ਪਈ ਫਿਰ ਐਸੀ ਮਾਰ

ਰੁੱਸਿਆ ਜਦੋਂ ਦਾ ਮਿਰਜਾ ਯਾਰ
ਇਕੱਲਾ ਦੇਖ ਰੋਹੀ ਵਿਚ ਮੈਨੂੰ
ਕੋਈ ਨਾ ਲੈਂਦਾ ਮੇਰੀ ਸਾਰ
ਖੂਨ ਮਿਰਜ਼ੇ ਦਾ ਥੱਪ ਮੇਰੇ ਮੱਥੇ
ਕਹਿ ਗਈ ਸਾਹਿਬਾਂ ਖਾਹ ਹੁਣ ਧੱਕੇ

# ਫਕੀਰ

ਮੈਂ ਪੀ.ਜ਼ੀ.ਆਈ. ਦਾ ਫਕੀਰ
ਧੁਖ ਧੁਖ ਹੋਇਆ ਸ਼ੁਧ ਸਰੀਰ
ਇਸ ਧਰਤੀ ਵਿਚ ਮੇਰਾ ਵੀ ਹਿੱਸਾ
ਬਹੁਤਾ ਨਹੀਂ ਭਾਵੇਂ ਲਿੱਸਾ ਮਿੱਸਾ
ਇਸ ਮਿੱਟੀ ਚੋਂ ਜੰਮੀ ਮੇਰੀ ਮਾਂ
ਮਿੱਟੀ ਹੀ ਹੈ ਉਸ ਦਾ ਨਾਂ
ਛੱਡ ਮੈਨੂੰ ਖਿੱਚ ਗਈ ਲਕੀਰ
ਲਾਡਲਾ ਮਾਂ ਦਾ ਮੈਂ ਫਕੀਰ

ਸ਼ਾਮੀ ਆਵੇ ਜਦੋਂ ਮਾਂ ਦੀ ਯਾਦ
ਚੜ੍ਹ ਜਾਵੇ ਨਿੱਤ ਮੈਨੂੰ ਤਾਪ
ਭੁੱਖ ਢਿੱਡ ਦੀ ਕਿਵੇਂ ਮਿਟਾਵਾਂ
ਉੱਠਾਂ ਬੈਠਾਂ ਤੇ ਪੈ ਜਾਵਾਂ
ਸਦਕੇ ਮਾਂ ਦੀ ਮਿੱਠੀ ਯਾਦ
ਲੰਘ ਜਾਵੇ ਦੁੱਖਾਂ ਦੀ ਹਰ ਰਾਤ

ਹਰ ਸਵੇਰੇ ਜਦੋਂ ਆਸਨ ਲਾਵਾਂ
ਗਿਣਦਾ ਜਾਵਾਂ ਹਰ ਪਰਛਾਵਾਂ
ਸਭ ਨੂੰ ਝੁਕ ਕੇ ਕਰਾਂ ਸਲਾਮ
ਜੋੜ ਹੱਥ ਦੋ ਕਰਾਂ ਪ੍ਣਾਮ

ਕਈ ਪੁਰਸ਼ ਮਨ ਤਨੋਂ ਅਮੀਰ
ਖੜੇ ਹੋ ਕੇ ਕੋਲ ਮੇਰੇ ਸਰੀਰ
ਜਾਗ ਸ਼ਰਧਾ ਨੂੰ ਲਾ ਜਾਂਦੇ ਨੇ
ਕੁਝ ਨਾ ਕੁਝ ਹੱਥੋਂ ਅਪਣੇ
ਖਾਲੀ ਕਾਸੇ ਪਾ ਜਾਂਦੇ ਨੇ

ਕਈ ਮਹਾਂਪੁਰਸ਼ ਅਣਖੀਲੇ
ਲਗਦੇ ਸੁੰਦਰ ਮਸਤ ਜੋਸ਼ੀਲੇ
ਜਦੋਂ ਮੇਰੇ ਲਾਗੇ ਆਉਣ
ਹੱਸਦੇ ਹੱਸਦੇ ਇਹ ਕਹਿ ਜਾਣ
ਬਣਿਆ ਬੈਠਾ ਜੋ ਫਕੀਰ
ਲਓ ਤਲਾਸ਼ੀ ਇਹ ਹੈ ਅਮੀਰ
ਸਚ ਜਾਣੋ ਮਿਹਰਬਾਨ ਦੋਸਤੋ
ਮਾਂ ਨੇ ਜੰਮਿਆ ਮੈਨੂੰ ਫਕੀਰ
ਹਾਂ ਲਾਵਾਰਸ ਤੇ ਹਕੀਰ

## ਘੁੱਪ ਹਨੇਰੇ

ਘੁੱਪ ਹਨੇਰੇ ਨੇ ਚਾਰ ਚੁਫੇਰੇ
ਦਿਸੇ ਨਾ ਮੈਨੂੰ ਰਾਹ
ਰਾਤ ਹਨੇਰੀ ਵਾਟ ਲੰਮੇਰੀ
ਕੱਲ੍ਹਿਆਂ ਛੱਡ ਨਾ ਜਾ, ਨਾ ਜਾ

ਯਾਦ ਆਵੇ ਜਦੋਂ ਪ੍ਰੀਤ ਸੁਹਾਣੀ
ਹਉਕੇ ਭਰਦੀ ਜਿੰਦ ਨਿਮਾਣੀ
ਚਿਰਾਂ ਤੋਂ ਵਿਛੜੇ ਪ੍ਰੀਤਮ ਮੇਰੇ
ਕਦੇ ਤਾਂ ਫੇਰਾ ਪਾ

ਹਉਕੇ, ਹਾਵੇ, ਚਸਕਾਂ ਪੀੜਾਂ
ਖਿੱਚੀ ਜਾਂਦੀਆਂ ਰੋਜ਼ ਲਕੀਰਾਂ
ਸੱਖਣੇ ਸੱਖਣੇ ਨੈਣ ਉਦਾਸੇ
ਵਿਲਕ ਰਹੇ ਨੇ ਚਾਅ

ਲੱਖ ਤਸੀਹੇ ਤੇ ਉਮਰ ਨਿਆਣੀ
ਸਿੱਸਕ ਰਹੀ ਹੈ ਸੋਹਲ ਜਵਾਨੀ
ਬੁਝ ਬੁਝ ਜਾਂਦਾ ਐ ਜੀਵਨ ਦੀਪਕ
ਆ ਕੇ ਜੋਤ ਜਗਾ।

## ਜਨਮ ਮਾਂ ਦਾ

ਮਾਂ ਨੇ ਲਿਆ ਹੈ ਜਨਮ
ਮਾਂ ਦੀ ਕੁੱਖ ਤੋਂ
ਕੁੱਖ ਜੋ ਸਦੀਆਂ ਤੋਂ ਜਨਦੀ ਆ ਰਹੀ
ਬਾਂਝਪਣ ਸੀ ਸੁਪਨਾ ਬਾਂਝ ਅਕਲ ਦਾ
ਬਾਂਝ ਅਕਲ ਆਖਰ ਟਿਕਾਣੇ ਆ ਗਈ
ਨਿੱਤ ਆਸ਼ਾ ਦੀ ਕਿਰਨ ਸੀ ਚਮਕਦੀ
ਨਿੱਤ ਆਸ਼ਾ ਹੀ ਕਿਰਨ ਬਣ ਆ ਗਈ
ਸਿਦਕ ਸੱਚਾ ਸੁੱਚਾ ਰੌਸ਼ਨ ਹੋ ਗਿਆ
ਨਿੰਦਕਾਂ ਦੇ ਮੂੰਹ ਸਿਆਹੀ ਛਾ ਗਈ
ਸ਼ੁਕਰ ਹੈ ਪਰਵਰਦਗ਼ਾਰ ਲੱਖ ਤੇਰਾ
ਤੇਰੀ ਰਹਿਮਤ ਮਾਂ ਦੀ
ਕੁੱਖ ਹਰਿਆ ਹਈ

## ਬਿਰਹਾ ਦੀ ਪੀੜ

ਕੋਈ ਨਾਂ ਜਾਣੇ ਨਾ ਕੋਈ ਪਰਖੇ
ਕੀ ਹੁੰਦੀ ਹੈ ਬਿਰਹਾ ਪੀੜ
ਜੋ ਹਿਰਦੇ ਵਿਚ ਸੱਲ ਪਾ ਰਖੇ
ਕਰਕੇ ਕਲੇਜਾ ਲੀਰੋ ਲੀਰ
ਖੁਭਦੀ ਜਾਏ ਦਿਲ ਦੇ ਅੰਦਰ
ਖਿੱਚਦੀ ਜਾਏ ਲਾਲ ਲਕੀਰ
ਕੋਈ ਨਾ ਜਾਣੇ ਨਾ ਕੋਈ ਪਰਖੇ
ਕੀ ਹੁੰਦੀ ਹੈ ਬਿਰਹਾ ਪੀੜ

ਹਰ ਪਲ ਨੱਸ ਨੱਸ ਵਿਚ ਰੜਕੇ
ਚੁਭਦੀ ਜਾਏ ਬਣ ਸ਼ਮਸ਼ੀਰ
ਜਾਵੇ ਚੀਰਦੀ ਜੀਵਨ ਸੱਧਰਾਂ
ਬਨਕੇ ਕਾਲ ਡਰਾਉਣਾ ਤੀਰ
ਕੋਈ ਨਾ ਜਾਣੇ ਨਾ ਕੋਈ ਪਰਖੇ
ਕੀ ਹੁੰਦੀ ਹੈ ਬਿਰਹਾ ਪੀੜ

ਵੇਖਣ ਸਾਰੇ ਰੋਜ਼ ਤਮਾਸ਼ਾ
ਤਰਸ ਨਾ ਆਵੇ ਕਿਸੇ ਨੂੰ ਮਾਸਾ
ਹਰ ਸਾਹ ਸੁਕਦਾ ਜਾਏ ਬੇ–ਆਸਾ
ਮੁਕਦਾ ਜਾਵੇ ਨੈਣਾਂ ਚੋ ਨੀਰ
ਕੋਈ ਨਾ ਜਾਣੇ ਨਾ ਕੋਈ ਪਰਖੇ
ਕੀ ਹੁੰਦੀ ਹੈ ਬਿਰਹਾ ਪੀੜ

ਦਿਲ ਦੀਆਂ ਰਮਜਾਂ ਦਿਲ ਹੀ ਜਾਣੇ
ਕਿਵੇਂ ਬਣੇ ਅਪਣੇ ਬੇਗਾਨੇ
ਭੁੱਲ ਕੇ ਪਿਆਰ ਦੇ ਸਾਥ ਪੁਰਾਣੇ

ਦੇ ਗਏ ਉਮਰ ਸਦੀਵੀ ਪੀੜ
ਕੋਈ ਨਾ ਜਾਣੇ ਨਾ ਕੋਈ ਪਰਖੇ
ਕੀ ਹੁੰਦੀ ਹੈ ਬਿਰਹਾ ਪੀੜ।

## ਵਸ ਅੱਖੀਆਂ ਦੇ ਨੇੜੇ

ਬਿੱਟ ਬਿੱਟ ਤੱਕਾਂ ਸ਼ਾਮ ਸਵੇਰੇ
ਮੁੜ ਮੁੜ ਲਾਵਾਂ ਗੇੜੇ
ਸੌਂਹ ਤੈਨੂੰ ਮੇਰੇ ਪਿਆਰ ਦੀ ਚੰਨਾ
ਵਸ ਅੱਖੀਆਂ ਦੇ ਨੇੜੇ

ਪਹਿਲੀ ਵਾਰ ਜਾ ਤੱਕਿਆ ਤੈਨੂੰ
ਦਿਲ ਵਿਚ ਖੁਭ ਗਏ ਤੇਰੇ ਨੈਣ
ਰਾਹ ਤੇਰੀ ਤੱਕ ਤੱਕ ਚੰਨਾਂ
ਨਾ ਟੱਪਦੀ ਐ ਕਾਲੀ ਰੈਣ
ਜਿੰਦ ਸਾਡੀ ਨਾਂ ਹੋਰ ਸੱਤਾ
ਘਰ ਆ ਜਾ ਕੱਲ ਸਵੇਰੇ

ਚੜ੍ਹ ਗਿਆ ਸਾਵਣ ਦਾ ਮਹੀਨਾ
ਪਰ ਤੂੰ ਮਿਲਣ ਨਹੀਂ ਆਇਆ
ਵੱਸ ਵਿਚ ਨਹੀਂ ਮੇਰੀ ਅੱਲੜ੍ਹ ਜਵਾਨੀ
ਹਰਦਮ ਰਹਿੰਦਾ ਜੀ ਕੁਰਲਾਇਆ
ਲੰਘ ਨਾ ਜਾਵੇ ਰੁੱਤ ਵਰਖਾ ਦੀ
ਰੋਣ ਨਿਮਾਣੇ ਨੈਣ

ਦਿਲ ਦੀਆਂ ਦਿਲ ਮੇਰੇ ਵਿਚ ਰਹੀਆਂ
ਨਾਂ ਕਿਸੇ ਪੁੱਛੀਆਂ ਨਾਂ ਅਸਾਂ ਕਹੀਆਂ
ਮਨ ਦੀਆਂ ਸੱਧਰਾਂ ਮਰ ਮੁੱਕ ਗਈਆਂ
ਪਾ ਕੇ ਹਿਜਰ ਦੇ ਵੈਣ

ਬਿੱਟ ਬਿੱਟ ਤੱਕਾਂ ਸ਼ਾਮ ਸਵੇਰੇ
ਮੁੜ ਮੁੜ ਲਾਵਾਂ ਗੇੜੇ
ਸੌਂਹ ਤੈਨੂੰ ਮੇਰੇ ਪਿਆਰ ਦੀ ਚੰਨਾਂ
ਵੱਸ ਅੱਖੀਆਂ ਦੇ ਨੇੜੇ

## ਸਾਵਣ ਦੀ ਰੁੱਤ

ਸਾਵਣ ਦੀ ਰੁੱਤ ਆਈ ਬਾਲਮਾਂ
ਰਿਮ-ਝਿਮ ਰਿਮ-ਝਿਮ ਪਏ ਬਰਸਾਤ
ਕਿਉਂ ਵਿਛੋੜਾ ਦਿੱਤਾ ਸਾਨੂੰ
ਦੱਸ ਅਸਾਂ ਕੀ ਕੀਤਾ ਪਾਪ

ਕਾਲੇ ਬੱਦਲ ਘਿਰ ਘਿਰ ਆਵਨ
ਸਾਡੇ ਵੱਜਣ ਕਲੇਜੇ ਹੂਕਾਂ
ਪਿਪਲਾਂ ਦੀ ਗੂੜ੍ਹੀ ਛਾਂ ਥੱਲੇ
ਪਲ ਪਲ ਖੜੀ ਉਡੀਕਾਂ
ਐਨੀ ਲੰਮੀ ਮੁਕਦੀ ਨਹੀਉਂ
ਸਾਂ ਸਾਂ ਕਰਦੀ ਕਾਲੀ ਰਾਤ

ਬਿਰਹਾ ਦੀ ਤੇਰੀ ਤਿੱਖੀ ਪੀੜ
ਕਰੇ ਕਲੇਜਾ ਲੀਰੋ ਲੀਰ
ਚੰਦਰਾ ਮਨ ਰੋ ਰੋ ਕੁਰਲਾਏ
ਕੋਈ ਨਾ ਦੇਵੇ ਇਹਨੂੰ ਧੀਰ
ਹੌਂਕੇ ਭਰ ਭਰ ਰੋਵਾਂ ਤੜਫਾਂ
ਕੋਈ ਨਾ ਪੁੱਛੇ ਮੇਰੀ ਬਾਤ

ਲੰਘ ਨਾ ਜਾਵੇ ਰੁੱਤ ਬਰਖਾ ਦੀ
ਹੁਣ ਤਾਂ ਚੰਨਾਂ ਆ ਜਾ
ਪਿਆਰ ਨਾਲ ਗਲ ਪਾ ਕੇ ਬਾਹਵਾਂ
ਮੇਰੇ ਹਿਰਦੇ ਵਿਚ ਸਮਾ ਜਾ
ਪੂਰਨਮਾਸ਼ੀ ਦਾ ਚੰਨ ਬਣਕੇ
ਲੈ ਤਾਰਿਆਂ ਦੀ ਬਰਾਤ
ਸਾਵਣ ਦੀ ਰੁੱਤ ਆਈ ਬਾਲਮਾਂ
ਰਿਮ-ਝਿਮ ਰਿਮ-ਝਿਮ ਪਏ ਬਰਸਾਤ

# ਬਰਖਾ ਦੀ ਰੁੱਤ

ਰੁੱਤ ਬਰਖਾ ਦੀ ਆਈ ਬਾਲਮਾ
ਨਿੱਕੀ ਨਿੱਕੀ ਪਏ ਫੁਹਾਰ
ਸਾਵਣ ਰੁੱਤੇ ਮਿਲਣ ਦਾ ਸਾਨੂੰ
ਕਰ ਪੂਰਾ ਇਕਰਾਰ

ਘਰ ਘਰ ਫ਼ੌਜੀ ਆ ਗਏ ਛੁੱਟੀ
ਤੂੰ ਅਜੇ ਨਹੀਂ ਆਇਆ
ਤੇਰੇ ਬਾਝੋਂ ਜੀ ਨਹੀਂ ਲੱਗਦ
ਪਲ ਪਲ ਮਨ ਰਹੇ ਕੁਰਲਾਇਆ
ਤੇਰੇ ਮਿਲਨ ਦੀ ਸਿੱਕ ਹੈ ਡਾਢੀ
ਆ ਕੇ ਦੇਹ ਦੀਦਾਰ

ਸਾਰੇ ਪਿੰਡ ਦੀਆਂ ਬਹੂਆਂ ਕੁੜੀਆਂ
ਝੂਟਣ ਪੀਂਘਾਂ ਅਜੇ ਨਾ ਮੁੜੀਆਂ
ਹੱਸਣ ਨੱਚਣ ਮਾਨਣ ਤੀਜਾਂ
ਸਾਡੀਆਂ ਹੋਈਆਂ ਨਾ ਪੂਰੀਆਂ ਰੀਝਾਂ
ਬਾਝੋ ਚੰਨਾਂ ਤੇਰੇ ਪਿਆਰ

ਮਨ ਅਪਣੇ ਨੂੰ ਲੱਖ ਸਮਝਾਵਾਂ
ਯਾਦ ਤੇਰੀ ਵਿਚ ਔਸੀਆਂ ਪਾਵਾਂ
ਦੇਖ ਗੋਰੀਆਂ ਸੱਖਣੀਆਂ ਬਾਹਵਾਂ
ਨਿੱਤ ਬਿਰਹਾ ਦੇ ਗੀਤ ਮੈਂ ਗਾਵਾਂ
ਆ ਕੇ ਸਾਡਾ ਤਨ ਮਨ ਸਿੰਗਾਰ
ਰੁੱਤ ਬਰਖਾ ਦੀ ਆਈ ਬਾਰਮਾ
ਨਿੱਕੀ ਨਿੱਕੀ ਪਏ ਫੁਹਾਰ
ਸਾਵਣ ਰੁੱਤੇ ਮਿਲਣ ਦਾ ਸਾਨੂੰ
ਕਰ ਪੂਰਾ ਇਕਰਾਰ।

## ਸੱਜਰੇ ਫੁੱਲ

ਜਦੋਂ ਕਦੇ ਉਹ ਸਾਡੇ ਨੇੜੇ ਆਉਂਦੇ ਨੇ
ਦਿਲ ਦੇ ਅੰਦਰ ਫੁੱਲ ਖਿੜਾਉਂਦੇ ਨੇ

ਕਦੇ ਕਦੇ ਉਹ ਜਾਣ ਕੇ ਵੱਟ ਜਾਵਨ ਚੁਪ
ਧੁਰ ਅੰਦਰੋਂ ਹੀ ਚੈਨ ਅਸਾਡਾ ਲੈਂਦੇ ਲੁੱਟ
ਮੁਖ ਉਨਹਾਂ ਦਾ ਚੰਦ ਸਰਮਾਏ
ਛੋਹ ਉਨਹਾਂ ਦੀ ਰੱਤ ਮੇਰੀ ਗਰਮਾਏ
ਅੱਖਾਂ ਦੇ ਵਿਚ ਜਦ ਉਹ ਅੱਖਾਂ ਪਾਉਂਦੇ ਨੇ
ਦਿਲ ਦੇ ਅੰਦਰ ਫੁੱਲ ਖਿੜਾਉਂਦੇ ਨੇ

ਰੱਜ ਕੇ ਗੱਲਾਂ ਭਾਵੇਂ ਕਦੀ ਨਹੀਂ ਕੀਤੀਆਂ
ਨੈਣਾਂ ਵਿਚ ਝਾਕ ਦੀਆਂ ਹੱਡ ਬੀਤੀਆਂ
ਇਕ ਪਲ ਲਈ ਕੋਲ ਜਦੋਂ ਆਉਂਦੇ ਨੇ
ਦਿਲ ਦੇ ਅੰਦਰ ਫੁੱਲ ਖਿੜਾਉਂਦੇ ਨੇ

ਉਨਹਾਂ ਨੂੰ ਵੇਖਣ ਦੀ ਰਜ ਕੇ ਆਸ ਹੈ
ਹਿੱਕ ਨਾਲ ਲਾਉਣ ਦੀ ਰੀਝ ਉਦਾਸ ਹੈ
ਰਾਤ ਦਿਨੇ ਭਾਵੇਂ ਤੜਪਾਉਂਦੇ ਨੇ
ਇੱਕ ਪਲ ਕੋਲ ਜਦੋਂ ਆਉਂਦੇ ਨੇ
ਦਿਲ ਅੰਦਰ ਫੁੱਲ ਖਿੜਾਉਂਦੇ ਨੇ

ਪਤਾ ਨਹੀਂ ਕਿਵੇਂ ਪਿਆਰ ਰੱਖਦੇ ਦੱਬਕੇ
ਬੈਠ ਜਾਵਨ ਕੋਲ ਜਦੋਂ ਉਹ ਫੱਬ ਕੇ
ਮਧੁਰ ਪਿਆਰ ਦੇ ਗੀਤ
ਜਦੋਂ ਉਹ ਗਾਉਂਦੇ ਨੇ
ਦਿਲ ਦੇ ਅੰਦਰ ਫੁੱਲ ਖਿੜਾਉਂਦੇ ਨੇ

# ਭਾਲੇ ਨਵਾਂ ਸਵੇਰਾ

ਸ਼ਾਮੀ ਬਾਲਿਆ ਤੇਰੇ ਰਾਹ ਵਿਚ ਦੀਵਾ
ਹੋ ਗਿਆ ਮੱਧਮ ਹਨੇਰਾ
ਰਾਤ ਮੱਸਿਆ ਦੀ ਹੋ ਸ਼ਰਮਿੰਦੀ
ਭਾਲੇ ਨਵਾਂ ਸਵੇਰਾ
ਪਹੁ ਫੁੱਟਦੀ ਮੇਰੇ ਸਾਜਨ ਆਉਣਾ
ਵੇਖਾ ਚਾਰ ਚਫੇਰਾ
ਹਿਜਰ ਦੀਆਂ ਖੁਰ ਗਈਆਂ ਘੜੀਆਂ
ਹਰਿਆ ਭਰਿਆ ਮੇਰੇ ਦਿਲ ਦਾ ਵਿਹੜਾ
ਪਾ ਬਾਹਵਾਂ ਮੈਂ ਉਸ ਦੇ ਗਲ ਵਿਚ
ਛੇੜੂੰ ਪ੍ਰੀਤ ਕਹਾਣੀ
ਹਰ ਪਲ ਹਰ ਬਿੰਦੇ ਉਸ ਨੂੰ
ਅਸਾਂ ਅਪਣੀ ਗਲ ਸੁਣਾਨੀ
ਫਿਰ ਪੁਛਾਂਗੀ ਉਸ ਨੂੰ ਰਜਕੇ
ਕੀ ਹੈ ਉਸ ਦਾ ਹਾਲ
ਕਿਵੇਂ ਲੰਘਾਈਆਂ ਲੰਬੀਆਂ ਰਾਤਾਂ
ਕਲ੍ਹਿਆਂ ਪਿਛਲੇ ਸਾਲ
ਮਲ ਮਲ ਅੱਖਾਂ ਉਸ ਨੇ ਰੋਣਾ
ਨਾਲ ਹੰਝੂਆਂ ਦੇ ਤਨ ਮਨ ਧੋਣਾ
ਲਾਹ ਕੇ ਮੈਲ ਦੀਆਂ ਸੁੱਕੀਆਂ ਵੱਟੀਆਂ
ਫਿਰ ਹੈ ਉਸ ਨੇ ਐਦਾਂ ਕਹਿਣਾ
ਤੇਰੇ ਬਾਝੋਂ ਸੀ ਸੁੰਨਾ ਜੀਵਨ
ਰਹੀਆਂ ਡਰਾਉਂਦੀਆਂ ਕਾਲੀਆਂ ਰਾਤਾਂ
ਸੱਖਣੀ ਸੱਖਣੀ ਫੁੱਟਦੀ ਪਹੁ ਸੀ
ਸੁੰਨੀਆਂ ਸੁੰਨੀਆਂ ਸੀ ਪ੍ਰਭਾਤਾਂ
ਹਰ ਵੇਲੇ ਸੀ ਯਾਦ ਸਤਾਉਂਦੀ
ਰਹੀ ਰੁਆਉਂਦੀ ਤੇ ਕੁਰਲਾਉਂਦੀ

ਲੰਘ ਗਈ ਪੱਤਝੜ ਅਤੇ ਬਹਾਰ
ਸਾਂਭ ਲੈ ਹੁਣ ਤੂੰ ਅਪਣਾ ਪਿਆਰ
ਆ ਗਿਆ ਹੁਣ ਮੈਂ ਅਪਣੇ ਦੇਸ
ਨਹੀਂ ਜਾਣਾ ਮੈਂ ਮੁੜ ਪਰਦੇਸ

# ਘਟਾ ਸਾਵਣ ਦੀ

ਜਦੋਂ ਘਟਾ ਸਾਵਣ ਦੀ ਆਏ
ਦੁਖੀਆ ਮਨ ਤੜਪਾਏ

ਸਾਂ ਸਾਂ ਕਰਦੀ ਕਾਲੀ ਰਾਤ
ਲਿਸ਼ਕੇ ਬਿਜਲੀ ਤੇ ਬਰਸਾਤ
ਪੱਲਕਾਂ ਚੋਂ ਕੱਜਲ ਕੱਢ ਜਾਏ
ਮਨ ਵੀ ਇਕ ਪਲ ਚੈਨ ਨਾ ਪਾਏ
ਜਦੋਂ ਘਟਾ ਸਾਵਣ ਦੀ ਆਏ
ਦੁਖੀਆਂ ਮਨ ਦੂਣਾ ਤੜਪਾਏ

ਜੇਠ ਹਾੜ ਦਾ ਤੜਫਿਆ ਬਿੰਡਾ
ਦਿਨੇ ਰਾਤ ਰਿਹਾ ਕੁਰਲਾਏ
ਪੀ ਮੇਘੇ ਦੀ ਅੰਮ੍ਰਿਤ ਬੂੰਦ
ਨਾ ਹੁਣ ਕੋਈ ਗੀਤ ਸੁਣਾਏ
ਜਦੋਂ ਘਟਾ ਸਾਵਣ ਦੀ ਆਏ
ਦੁਖੀਆ ਮਨ ਦੂਣਾ ਤੜਪਾਏ

ਦਿਲ ਮੇਰੇ ਦਾ ਮਿੱਠਾ ਚੈਨ
ਵਰ੍ਹਦਾ ਰਾਤੀਂ ਦੋਵੇਂ ਨੈਣ
ਕਾਲੀ ਕੋਇਲ ਜਦੋਂ ਕੂਕ ਸੁਣਾਏ
ਤੜਫੇ ਆਪ ਸਾਨੂੰ ਤੜਪਾਏ
ਜਦੋਂ ਘਟਾ ਸਾਵਣ ਦੀ ਆਏ
ਦੁਖੀਆ ਮਨ ਦੂਣਾ ਤੜਪਾਏ

ਭਾਂ ਭਾਂ ਕਰਦਾ ਦਿਲ ਦਾ ਵਿਹੜਾ
ਕਦੋਂ ਮਾਹੀ ਘਰ ਲਾਊ ਗੇੜਾ

ਬੈਠ ਕੋਲ ਵੰਡੇ ਦੁੱਖ ਮੇਰਾ
ਆ ਕੇ ਪਿਆਰ ਦਾ ਨਾਦ ਵਜਾਏ
ਜਦੋਂ ਘਟਾ ਸਾਵਣ ਦੀ ਆਏ
ਫਿਰ ਮੇਰਾ ਨਾ ਮਨ ਤੜਪਾਏ।

## ਦੁਹਾਈ ਹੈ ਦੁਹਾਈ

ਅੱਖ ਫਰਕੇ ਦਿਲ ਧੜਕੇ, ਯਾਦ ਤੇਰੀ ਫਿਰ ਆਈ
ਬਿਨਾਂ ਪਿਆਰ ਦੀ ਛੋਹ ਦੇ ਸਜਨਾ
ਪ੍ਰੀਤ ਕਲੀ ਕੁਮਲਾਈ
ਦੁਹਾਈ ਹੈ ਦੁਹਾਈ

ਭੁੱਲ ਬੈਠਾਂ ਕਿਉਂ ਪਿਆਰ ਦੀਆਂ ਰਸਮਾਂ
ਸੱਚੇ ਸੁੱਚੇ ਇਕਰਾਰ ਦੀਆਂ ਕਸਮਾਂ
ਚੰਗੀ ਹੈ ਪ੍ਰੀਤ ਨਿਭਾਈ
ਦੁਹਾਈ ਹੈ ਦੁਹਾਈ

ਦਿਨ ਰਾਤੀ ਤੇਰਾ ਰਾਹ ਪਈ ਤੱਕਾਂ
ਹੱਸ ਹੱਸ ਰੋਵਾਂ ਤੇ ਰੋ ਰੋ ਹੱਸਾਂ
ਫਿਰਦੀ ਹਾਂ ਵਾਂਗ ਸੁਦਾਈ
ਦੁਹਾਈ ਹੈ ਦੁਹਾਈ

ਇਕ ਵੇਰੀ ਪਾ ਵਤਨਾ ਵੱਲ ਫੇਰਾ
ਭਾਂ ਭਾਂ ਕਰਦਾ ਦਿਲ ਦਾ ਵਿਹੜਾ
ਬਿਰਹਾ ਦੀ ਪੀੜ ਨਾ ਜਾਏ ਲੁਕਾਈ
ਦੁਹਾਈ ਹੈ ਦੁਹਾਈ

ਭਾਦੋਂ ਨੇ ਸਾੜੀ ਰਖਿਆ ਮਨ ਮੇਰਾ
ਲੰਘ ਗਿਆ ਅਸੂ ਨਾ ਲਾਇਆ ਗੇੜਾ
ਕੱਤਕ ਦੀ ਰੁੱਤ ਠੰਢੀ ਮਿੱਠੀ
ਫਿਰ ਕਲਿਆਂ ਅਸਾਂ ਲੰਘਾਈ
ਦੁਹਾਈ ਹੈ ਦੁਹਾਈ

ਮੱਘਰ, ਪੋਹ ਨਾ ਜਾਵਨ ਬੀਤ

ਚੜ੍ਹਦੇ ਫਗਨ ਪਾ ਮਿਲਨ ਦੀ ਰੀਤ
ਢਲਦਾ ਜਾਏ ਰੂਪ ਅਸਾਡਾ
ਮਾਰਨਗੇ ਸਭ ਤਾਹਨੇ ਮੈਨੂੰ
ਜੇ ਨਾ ਪ੍ਰੀਤ ਨਿਭਾਈ
ਦੁਹਾਈ ਹੈ ਦੁਹਾਈ

# ਕੋਈ ਤਾਂ ਹੋਵੇ

ਕੋਈ ਤਾਂ ਹੋਵੇ ਮੇਰਾ ਅਪਣਾ
ਯਾਦ ਕਰਾਂ ਮੈਂ ਜਿਸ ਨੂੰ ਜਿਸ ਪਲ
ਮਿਲ ਜਾਵੇ ਮੈਨੂੰ ਬਣਕੇ ਸਪਨਾ
ਕੋਈ ਤਾਂ ਹੋਵੇ ਅਪਣਾਂ ਮੀਤ
ਜਿਸਦੀ ਕੋਮਲ ਸੁੰਦਰਤਾ ਦੇ
ਨਿੱਤ ਗਾਵਾਂ ਮੈਂ ਰਜ ਕੇ ਗੀਤ
ਕੋਈ ਤਾਂ ਹੋਵੇ ਮੇਰਾ ਪਿਆਰਾ
ਜਿਸ ਦੇ ਦੋ ਨੈਣਾਂ ਦਾ ਨੂਰ
ਹੱਸ ਹੱਸ ਕਰੇ ਪ੍ਰੇਮ ਇਸ਼ਾਰਾ
ਕੋਈ ਤਾਂ ਹੋਵੇ ਮੇਰਾ ਚੰਨ
ਜਿਸ ਨੂੰ ਵੇਖ ਕੇ ਮੈਂ ਹਰ ਰਾਤੀ
ਠੰਢਾ ਕਰ ਲਾਂ ਤੱਪਦਾ ਮਨ
ਕਦੇ ਤਾਂ ਕੋਈ ਬੈਠੇ ਨਾਲ
ਜਿਸ ਦੇ ਗਲ ਵਿਚ ਪਾ ਕੇ ਬਾਹਵਾਂ
ਦੱਸਾਂ ਅਪਣੇ ਦਿਲ ਦਾ ਹਾਲ
ਕੋਏ ਬਣ ਜਾਵੇ ਤੱੜਕੇ ਦਾ ਤਾਰਾ
ਜਿਸ ਦੀਆਂ ਸੀਤਲ ਚਾਨਣ ਰਿਸ਼ਮਾਂ
ਬਣ ਜਾਵਨ ਇਕ ਨਵਾਂ ਸਹਾਰਾ
ਕੋਈ ਕਦੇ ਤਾਂ ਬਣ ਜਾਏ ਮੇਰਾ
ਕਾਲੀ ਰਾਤ ਡਰਾਉਣੀ ਦੇ ਵਿਚ
ਆ ਜਾਵੇ ਬਣ ਨਵਾਂ ਸਵੇਰਾ

# ਪਿਆਰ ਦੀ ਮੰਜ਼ਲ

ਜਦੋਂ ਦੀ ਤੂੰ ਮਿਲੀ ਹੈ ਮੈਨੂੰ
ਲਗਦਾ ਹੈ ਇਉਂ ਤੂੰ ਮੇਰੀ ਹੀ ਸੀ
ਤੇਰੇ ਮੇਰੇ ਮਿਲਨ ਦਾ ਫਾਸਲਾ
ਹਰ ਜਨਮ ਵਿਚ ਸੁਕੜਦਾ ਗਿਆ
ਹੁਣ ਕਿੰਨੀ ਨੇੜੇ ਹੈਂ ਤੂੰ ਮੇਰੇ
ਪਰ ਫਾਸਲਾ ਅਪਣੀ ਵਿੱਥ
ਮੁਕਾ ਨਹੀਂ ਸਕਿਆ
ਮੇਲ ਪਿਆਰ ਦੀ ਨੀਂਹ ਹੈ
ਤੇ ਇਸ ਨੀਂਹ ਤੇ ਉੱਸਰਦਾ ਹੈ
ਪਿਆਰ ਦਾ ਮੰਦਰ
ਤੇ ਸਦੀਆਂ ਤੱਕ ਆਉਂਦੀ ਹੈ
ਦੋ ਦਿਲਾਂ ਦੇ ਧੜਕਨ ਦੀ ਆਵਾਜ਼
ਇਹ ਆਵਾਜ਼ ਗੂੰਜਦੇ ਸੰਖਾਂ
ਤੇ ਟਨ ਟਨ ਕਰਦੀਆਂ ਘੰਟੀਆਂ
ਦੀ ਛਣਕਾਰ ਬਣ ਕੇ ਜਿਉਂਦਾ ਰੱਖਦੀ ਹੈ
ਪਿਆਰ ਦਾ ਅਨਮੋਲ ਬੂਟਾ
ਇਸ ਬੂਟੇ ਦੀ ਮਹਿਕ ਹੈ ਇਨਸਾਨੀਅਤ
ਜੋ ਸਬਕ ਦਿੰਦੀ ਹੈ ਪਿਆਰ ਤੇ ਸਤਿਕਾਰ ਦਾ
ਤੇ ਰਸਤਾ ਦਿਖਾਉਂਦੀ ਹੈ
ਰਸਤਿਆਂ ਤੋਂ ਉਖੜੇ-ਹੋਏ ਤਪਦੇ
ਹਿਰਦਿਆਂ ਨੂੰ ਤੇ ਪ੍ਰੇਰਨਾ ਕਰਦੀ ਹੈ
ਉਤਸ਼ਾਹ ਭਰੀਆਂ ਉਲਾਂਘਾਂ
ਪਟਣ ਲਈ, ਦੂਰ ਦੁਰਾਡੇ ਕਾਲੇ
ਹਨੇਰਿਆਂ ਦੇ ਪਿੱਛੇ, ਚਮਕਦੇ
ਸੂਰਜ ਦੀਆਂ ਕਿਰਨਾਂ ਵਿਚ
ਪ੍ਰਤੱਖ ਦਿਸਦੀ ਸਿੱਧੀ ਮੰਜ਼ਲ ਵਲ
ਉਹ ਮੰਜ਼ਲ ਜੋ ਲੈ ਜਾਂਦੀ ਹੈ

ਚਿੱਤਰਕਾਰ ਦੀ ਨਗਰੀ ਵਿਚ
ਮੁਕਤੀ ਦੇ ਦਰਵਾਜ਼ੇ ਤੇ।

## ਖਿਆਲਾਂ 'ਚ ਮੇਰੇ

ਕਿਉਂ ਖਿਆਲਾਂ ਚ ਮੇਰੇ
ਬਣ ਘਟਾ ਸਾਵਣ ਦੀ ਆਉਂਦੀ ਹੈ ਤੂੰ
ਚੋਰ ਬਣ ਕੇ ਲੁਕ ਜਾਂਦੀ ਹੈ
ਮੇਰੀਆਂ ਨਿਰਾਸ਼ ਪਲਕਾਂ ਵਿਚ
ਕਿਉਂ ਫਰਕਦੇ ਬੁੱਲ੍ਹਾਂ ਦੀ ਮੁਸਕਰਾਹਟ ਤੇਰੀ
ਦੇ ਜਾਂਦੀ ਹੈ ਸੁਨੇਹਾ ਪਿਆਰ ਦਾ
ਤੈਨੂੰ ਕਿਹੜਾ ਪਤਾ ਨਹੀਂ
ਮੈਂ ਤਾਂ ਹਾਂ ਇਕ ਢੱਲਦੀ ਸ਼ਾਮ
ਪ੍ਰਭਾਵ ਹੈ ਹਨੇਰਿਆਂ ਦਾ ਮੇਰੇ ਜੀਵਨ ਤੇ
ਕਿਉਂ ਲੈ ਕੇ ਤੇਰੀ ਮੁਸਕਰਾਹਟ ਦਾ ਆਸਰਾ
ਭਰਾਂ ਹੁੰਗਾਰਾ ਤੈਨੂੰ ਚਾਹੁਣ ਦਾ
ਮੈਂ ਤਾਂ ਹਾਂ ਕੇਵਲ ਢੱਲਦੀ ਸ਼ਾਮ
ਕਾਲੇ ਹਨੇਰੇ ਹੀ ਨੇ ਮੇਰੀ ਜ਼ਿੰਦਗੀ
ਤੈਨੂੰ ਲੋੜ ਹੈ ਨਿੱਘੀ ਛੋਹ ਦੀ
ਤੇਰੀ ਕੋਮਲਤਾ ਮੰਗਦੀ ਹੈ ਹੁਲਾਰਾ ਪਿਆਰ ਦਾ
ਤੇਰੀ ਮੁਸਕਰਾਹਟ ਨੂੰ ਹਾਸਿਆਂ ਦੀ ਲੋੜ ਹੈ
ਤੇਰੇ ਨੈਣ ਮੰਗਦੇ ਨੇ ਇਸ਼ਾਰਾ ਇਕਰਾਰ ਦਾ
ਇਕਰਾਰ ਜੋ ਬਣ ਜਾਵੇ ਜੋਤੀ ਤੇਰੀ ਜੀਵਨ ਦੀ
ਰੋਸ਼ਨ ਕਰ ਦੇਵੇਂ ਹਰ ਪਲ ਤੇਰੀ ਹਰ ਸ਼ਾਮ ਦਾ
ਤੂੰ ਆਏਂ ਜਦੋਂ ਉਸਦੇ ਖਿਆਲਾਂ 'ਚ
ਫਿਰ ਬਣ ਘਟਾ ਸਾਵਣ ਦੀ
ਚੁੱਪ ਚਾਪ ਲੁਕੀ ਰਹੇ ਉਸ ਦੀਆਂ
ਮਸਤ ਅੱਖਾਂ ਵਿਚ ਸਦਾ

# ਪਰਦੇਸ ਵੇ ਸਜਨਾ

ਐਸਾ ਗਿਓਂ ਪਰਦੇਸ ਵੇ ਸਜਨਾ
ਨਹੀਂ ਘਰ ਗੇੜਾ ਲਾਇਆ
ਬਿਨ ਤੇਰੇ ਸਹੁੰ ਪਿਆਰ ਦੀ ਚੰਨਾ
ਸਿਦਕ ਦਾ ਬੂਟਾ ਰਿਹਾ ਕੁਮਲਾਇਆ
ਗਿਣ ਗਿਣ ਤਾਰੇ ਰੈਣ ਬਿਤਾਵਾਂ
ਗਿਣਦੀ ਜਾਵਾਂ ਹਰ ਪਰਛਾਵਾਂ
ਕੌਣ ਆਇਆ ਉਹ ਕੌਣ ਹੈ ਲੰਘਿਆ
ਉੱਠ ਉੱਠ ਤੱਕਾਂ ਫਿਰ ਪੈ ਜਾਵਾਂ
ਐਦਾਂ ਸਾਨੂੰ ਕਿਉਂ ਰੁਲਾਇਆ
ਚਲੇ ਹਵਾ ਜਦੋਂ ਕੁੰਡੀ ਖੜਕੇ
ਪਈ ਪਈ ਮੈਂ ਚਿੱਤ 'ਚ ਸੋਚਾਂ
ਭਾਵੇਂ ਆ ਜਾਵੇ ਕਲ ਤੜਕੇ
ਜਾਗ ਜਾਗ ਅਸਾਂ ਵਕਤ ਟਪਾਇਆ
ਪਹੁ ਫੁੱਟਦੇ ਹੀ ਮੁੱਕੀ ਰਾਤ
ਚਮਕੀ ਬਿਜਲੀ ਚੜ੍ਹੀ ਪ੍ਰਭਾਤ
ਕੜ ਕੜ ਕਰਕੇ ਬਿਜਲੀ ਕੜਕੀ
ਸਾਡੇ ਪੀੜ ਕਲੇਜੇ ਰੜਕੀ
ਚੰਗਾ ਪਿਆਰ ਦਾ ਮਜ਼ਾ ਚਖਾਇਆ
ਦੇਖੋ ਕੁੜੀਓ ਮੇਰਾ ਮਾਹੀ ਝੂਠਾ
ਅਜੇ ਵੀ ਘਰ ਨਹੀਂ ਆਇਆ

# ਮੇਰੇ ਗੀਤ

ਮੇਰੇ ਗੀਤ ਦੇਣ ਸੁਨੇਹਾ
ਕਰੋ ਪ੍ਰੇਮ ਤੇ ਸੱਚੀ ਪ੍ਰੀਤ
ਨਿਭ ਜਾਏ ਉਮਰ ਸਦੀਵੀ
ਪਾਈ ਆਸ਼ਕਾਂ ਸੱਚੀ ਰੀਤ
ਮੇਰੇ ਗੀਤ ਤੋੜਨ ਨਫਰਤ
ਘਿਰਣਾ ਭਰੀ ਕੋਝੀ ਰੀਤ
ਵੈਰ ਵਰੋਂਦਾ ਢਾਹ ਦੇਵਣ
ਬਾਲ ਅਨੋਖਾ ਚਾਨਣ ਦੀਪ
ਮੇਰੇ ਗੀਤ ਦੇਣ ਸੁਨੇਹਾ
ਚਿੱਤਰਕਾਰ ਤੋਂ ਆਇਆ ਸਿੱਧਾ
ਖੁਸ਼ੀਆਂ ਭਰੇ ਸ਼ਿੰਗਾਰੋਂ ਖੇੜੇ
ਨੱਚੋ ਗਾਓ ਪਾਓ ਗਿੱਧਾ
ਗੀਤ ਮੇਰੇ ਦੇਸ਼ ਉਸਾਰੂ
ਲੋਚਦੇ ਸਭਦੀ ਚੜ੍ਹਦੀ ਕਲਾ
ਜ਼ੁਲਮ ਸਿਤਮ ਦਾ ਕਰਕੇ ਨਾਸ਼
ਮੰਗਦੇ ਹਰਦਮ ਸਭਦਾ ਭਲਾ
ਮੇਰੇ ਗੀਤ ਦੋਸਤ ਸਭਦੇ
ਕਰਨ ਪੈਦਾ ਅਨੋਖੀ ਪੀੜ
ਕਰੜੇ ਹਿਰਦੇ ਕੋਮਲ ਕਰਕੇ
ਦੇਣ ਦੁੱਖਾਂ ਨੂੰ ਦੋਫਟ ਚੀਰ
ਗੀਤ ਮੇਰੇ ਦੇਣ ਸੁਨੇਹਾ
ਗੁਰੂ ਨਾਨਕ ਦਾ ਸ੍ਰਿਸ਼ਟੀ ਨੂੰ
ਕਰਕੇ ਭਲਾ ਦੇਸ ਵਾਸੀਓ
ਬਦਲ ਦਿਓ ਦ੍ਰਿਸ਼ਟੀ ਨੂੰ

## ਹੀਰਾ ਅਨਮੋਲ

ਤੂੰ ਮੇਰਾ ਹੀਰਾ ਅਨਮੋਲ
ਮਿੱਠੇ ਲਗਦੇ ਤੇਰੇ ਬੋਲ
ਕੁਦਰਤ ਦਾ ਤੂੰ ਕੋਮਲ ਮੋਤੀ
ਤੂੰ ਮੇਰੇ ਨੈਣਾਂ ਦੀ ਜੋਤੀ
ਤੂੰ ਮੇਰੇ ਹਿਰਦੇ ਦਾ ਚਾਨਣ
ਤੇਰੇ ਪਿਆਰ ਦਾ ਨਿੱਘ ਸਭ ਮਾਨਣ
ਟੁੱਟੇ ਦਿਲ ਦੀ ਤੂੰ ਹੈ ਧੀਰ
ਝੰਗ ਸਿਆਲਾਂ ਦੀ ਰਾਂਝੇ ਦੀ ਹੀਰ
ਮਹੀਵਾਲ ਦੀ ਤੂੰ ਹੈ ਸੋਹਣੀ
ਬੜੀ ਕੋਮਲ ਤੇ ਮਨਮੋਹਣੀ
ਮੀਆਂ ਮਜਨੂੰ ਦੀ ਤੂੰ ਲੈਲਾ
ਤਨ ਮਨ ਜਿਸ ਦਾ ਨਾ ਹੋਇਆ ਮੈਲਾ
ਪੁਨੂੰ ਦੀ ਤੂੰ ਹੈ ਉਹ ਸੱਸੀ
ਵਿਚ ਨੈਣਾਂ ਦੇ ਮੇਰੇ ਵੱਸੀ
ਮਹਿਕੇ ਬਣਕੇ ਲਾਲ ਗੁਲਾਬ
ਜੋਬਨ ਤੇਰਾ ਲਾਜਵਾਬ
ਬਦਨ ਤੇਰੇ ਦਾ ਹਰ ਇਕ ਰੰਗ
ਲੱਸ ਲੱਸ ਕਰਦਾ ਭਰਿਆ ਸੰਗ
ਤੇਰੇ ਨੈਣਾਂ ਦੇ ਤਿੱਖੇ ਤੀਰ
ਕਰਨ ਕਲੇਜਾ ਲੀਰੋ ਲੀਰ
ਬਣ ਦੀਪਕ ਦੀ ਨਿੱਘੀ ਲੋ
ਹਰਦਮ ਉਹਦੇ ਨਾਲ ਖਲੋ

# ਦਿਲ ਦੇ ਚੈਨ

ਆਪਣੀ ਪ੍ਰੀਤ ਦੀ ਅਮਰ ਕਹਾਣੀ
ਸੁਣ ਲੈ ਆ ਕੇ ਮੇਰੀ ਜ਼ਬਾਨੀ
ਯਾਦ ਤੇਰੀ ਵਿਚ ਤੜਪਣ ਨੈਣ
ਨੀਂਦ ਨਾਂ ਆਵੇ ਸਾਰੀ ਰੈਣ
ਆ ਜਾ ਆ ਜਾ ਦਿਲ ਦੇ ਚੈਨ

ਨਾ ਮਿਲਣ ਦੀ ਕਿਉਂ ਸਹੁੰ ਖਾਧੀ
ਅੱਲੜ੍ਹ ਉਮਰੇ ਕੀਤੀ ਬਰਬਾਦੀ
ਲੋਕੀ ਰਹਿੰਦੇ ਤਾਹਨੇ ਦੇਣ
ਨੀਂਦ ਨਾ ਆਵੇ ਸਾਰੀ ਰੈਣ
ਆ ਜਾ ਆ ਜਾ ਦਿਲ ਦੇ ਚੈਨ

ਰੋ ਰੋ ਅਸਾਂ ਹੈ ਜਾਨ ਗੰਵਾਈ
ਨਹੀਂ ਸੁਣਦਾ ਕੋਈ ਮੇਰੀ ਦੁਹਾਈ
ਗਮ ਕਰਮਾਂ ਦੇ ਪੈਂਦੇ ਸਹਿਣ
ਨੀਂਦ ਨਾ ਆਵੇ ਸਾਰੀ ਰੈਣ
ਆ ਜਾ ਆ ਜਾ ਦਿਲ ਦੇ ਚੈਨ

ਦਿਲ ਮੇਰੇ ਦਾ ਸੁੰਨਾ ਵਿਹੜਾ
ਭਾਂ ਭਾਂ ਕਰਦਾ ਰਾਂਝੇ ਦਾ ਖੇੜਾ
ਹੀਰ ਬਣ ਗਈ ਹੁਣ ਤੇਰੀ ਡੈਣ
ਨੀਂਦ ਨਾ ਆਵੇ ਸਾਰੀ ਰੈਣ
ਆ ਜਾ ਆ ਜਾ ਦਿਲ ਦੇ ਚੈਨ

ਕਿਉਂ ਹੱਸ ਹੱਸ ਕੇ ਸੀ ਪ੍ਰੀਤੀ ਲਗਾਈ
ਬਣ ਬੈਠੋਂ ਜੋ ਹੁਣ ਹਰਜਾਈ
ਦੁੱਖ ਵਿੱਚ ਸੱਧਰਾਂ ਡੁਬੀਆਂ ਰਹਿਣ

ਨੀਂਦ ਨਾ ਆਵੇ ਸਾਰੀ ਰੈਣ
ਆ ਜਾ ਆ ਜਾ ਦਿਲ ਦੇ ਚੈਨ

## ਪਪੀਹਾ

ਪਪੀਹਾ ਕਿਦਾਂ ਤੇਰੀ ਪਿਆਸ ਬੁਝਾਵਾਂ
ਸੁਣਕੇ ਤੇਰੀ ਪੀੜਾ ਦੇ ਗੀਤ
ਦੇਖਕੇ ਤੇਰੀ ਜੀਵਨ ਰੀਤ
ਜੇਠ ਹਾੜ ਗਏ ਦੋਵੇਂ ਬੀਤ
ਕਿੱਥੋਂ ਚੰਦਰੀ ਬਰਖਾ ਲਿਆਵਾਂ
ਕਿੱਦਾਂ ਤੇਰੀ ਪਿਆਸ ਬੁਝਾਵਾਂ

ਬੇਦਰਦਾਂ ਨਾਲ ਲਾ ਕੇ ਪ੍ਰੀਤ
ਗਾਈ ਜਾਵੇਂ ਬਿਰਹਾ ਦੇ ਗੀਤ
ਨਹੀਂ ਮਿਲਦਾ ਤੇਰੇ ਮਨ ਦਾ ਮੀਤ
ਕਿੱਥੋਂ ਮੈਂ ਹੁਣ ਲੱਭ ਲਿਆਵਾਂ
ਕਿਵੇਂ ਤਰੀ ਪਿਆਸ ਬੁਝਾਵਾਂ

ਰੋ ਰੋ ਹੋ ਜਾਵੇਂ ਚੁਪ ਚਾਪ
ਦੇਖ ਸਕਾਂ ਨਾ ਇਹ ਸੰਤਾਪ
ਸੋਚਾਂ ਕੀ ਕੀਤਾ ਤੂੰ ਪਾਪ
ਕਿੱਦਾਂ ਤੇਰਾ ਮਨ ਪ੍ਰਚਾਵਾਂ

ਜੀ ਕਰਦਾ ਝੱਟ ਸਾਵਣ ਆਵੇ
ਅਪਣੇ ਰੂਪ ਦਾ ਰੰਗ ਦਿਖਾਵੇ
ਤੇਰੇ ਤੱਪਦੇ ਹਿਰਦੇ ਦੇ ਵਿਚ
ਅੰਮ੍ਰਿਤ ਬੂੰਦ ਬਰਖਾ ਦੀ ਪਾਵੇ
ਰਲ ਕੇ ਤੇਰਾ ਦੁੱਖ ਵੰਡਾਵਾਂ

ਪੀ ਮੇਘ ਦੀ ਠੰਢੀ ਬੂੰਦ
ਹਿਰਦਾ ਤੇਰਾ ਹੋ ਜਾਏ ਸ਼ਾਂਤ
ਤੂੰ ਵੀ ਮਾਣੇ ਰਸ ਕੁਦਰਤ ਦਾ
ਹੋ ਕੇ ਚੁੱਪ ਸ਼ਾਂਤ ਇਕਾਂਤ
ਦੀਪਕ ਪਿਆਰ ਦੇ ਗੀਤ ਸੁਣਾਵਾਂ
ਰਜ ਕੇ ਤੇਰੀ ਪਿਆਸ ਬੁਝਾਵਾਂ

## ਰਾਤ ਮੱਸਿਆ ਦੀ

ਮੱਸਿਆ ਦੀ ਹਰ ਰਾਤ ਡਰਾਉਣੀ
ਕਦੇ ਨਾ ਪਾਉਂਦੀ ਨਾਗਾ
ਪੁੰਨਿਆ ਦੀ ਜਦੋਂ ਖਿੜੇ ਚਾਨਣੀ
ਕਰੜਾ ਜੀ ਕਰਕੇ ਤੂੰ ਆ ਜਾ
ਨ੍ਹੇਰੇ ਦਿਲਾਂ ਦੇ ਵਿਹੜੇ ਦੇ ਵਿਚ
ਕਿਉਂ ਫਿਰਦਾ ਹੈ ਖਾਂਦਾ ਠੇਡੇ
ਸਿੱਧੇ ਰਸਤੇ ਛਡਕੇ ਚੰਨਾ
ਕਿਉਂ ਮਲ ਬੈਠਾਂ ਰਸਤੇ ਟੇਢੇ
ਸੱਚੇ ਪਿਆਰ ਦੀ ਲਾ ਕੇ ਛੋਹ
ਮੇਰੀ ਰੂਹ ਦੇ ਵਿਚ ਸਮਾ ਜਾ

ਬਣਕੇ ਚੰਨ ਚੌਧਵੀਂ ਦਾ ਤੂੰ
ਵੰਡਦੇ ਚਾਨਣੀ ਸਾਰੇ
ਦਿਲ ਦੇ ਚੱਪੇ ਚੱਪੇ ਫਿਰ ਜਾ
ਕਰਦਾ ਪਾਰ ਕਿਨਾਰੇ
ਮਨ ਵਿਚ ਹਿਜਰ ਦੀਆਂ ਚੀਸਾਂ ਰੜਕਣ
ਮੇਰੀ ਨੱਸ ਨੱਸ ਵਿਚ ਹਰ ਧੜਕਨ
ਜਦੋਂ ਯਾਦ ਤੇਰੀ ਆਵੇ ਚੰਨਾ

ਬਿੰਦ ਬਿੰਦ ਮੇਰੀਆਂ ਅੱਖਾਂ ਫਰਕਣ
ਸੱਚੇ ਪਿਆਰ ਦੀ ਲਾ ਕੇਛੋਹ
ਮੇਰੀ ਰੂਹ ਦੇ ਵਿਚ ਸਮਾ ਜਾ

ਜਿੰਦ ਨਮਾਣੀ ਦੀਆਂ ਸਿੱਸਕਾਂ ਆਹਾਂ
ਕਰਦੀਆਂ ਪਿੱਛਾ ਬਣ ਪਰਛਾਵਾਂ
ਜਦੋਂ ਜਾਵਾਂ ਰਾਹ ਵੇਖਣ ਤੇਰੀ
ਖਿੱਚ ਲੈਂਦੀਆਂ ਫੜ ਤੇਰੀਆਂ ਬਾਹਵਾਂ
ਪਲਕਾਂ ਦੀ ਮੈਂ ਸੇਜ ਸਜਾਈ
ਨਾਲ ਹੰਝੂਆਂ ਧੋ ਧੋ ਬਾਹਵਾਂ
ਹੱਸ ਹੱਸ ਸੀ ਜੋ ਪ੍ਰੀਤ ਲਗਾਈ
ਇਕ ਪਲ ਇਹਦਾ ਜੀ ਭਰਮਾ ਜਾ
ਜਦੋਂ ਐਤਕਾਂ ਖਿੜੇ ਚਾਨਣੀ
ਕਰਕੇ ਜੀ ਕਰੜਾ ਤੂੰ ਆ ਜਾ

## ਜੱਗ ਦੀ ਰੀਤ

ਕਿੱਦਾਂ ਦੀ ਹੈ ਜੱਗ ਦੀ ਰੀਤ
ਮਿਲ ਸਕਦਾ ਨਹੀਂ ਮਨ ਦਾ ਮੀਤ
ਹਰ ਵੇਲੇ ਨਸ ਨਸ ਵਿਚ ਰੜਕੇ
ਬਚਪਨ ਵਾਲੀ ਸੁੱਚੀ ਪ੍ਰੀਤ
ਸਮਾਂ ਬਹੁਤ ਭਾਵੇਂ ਬੀਤ ਗਿਆ ਹੈ
ਜਾਪੇ ਇਉਂ ਹੈ ਕਲ੍ਹ ਦੀ ਗੱਲ
ਘੜੀ ਸੁਹਾਣੀ ਕਿੰਨੀ ਸੀ ਉਹ
ਮਿਲੇ ਸਾਂ ਭਾਵੇਂ ਇਕੋ ਪਲ
ਉਮਰ ਨਿਆਣੀ ਦੇ ਹੱਥਾਂ ਤੇ ਲੀਕਾਂ
ਬਦਲ ਗਈਆਂ ਝੱਟ ਵਿਚ ਉਡੀਕਾਂ
ਬਦਲੀ ਕਿਸਮਤ ਜਦ ਹੋਏ ਜਵਾਨ

ਰਹਿ ਗਏ ਬਣ ਕੇ ਬੇ-ਪਹਿਚਾਣ
ਵੱਖੋ ਵੱਖਰੇ ਬਦਨ ਵਿਚ ਪੰਡ
ਪ੍ਰੀਤ ਬਚਪਨ ਦੀ ਬਣ ਗਈ ਕੰਧ
ਵਿੱਥ ਦੋਵਾਂ ਵਿਚ ਹੁਣ ਵੀ ਲੰਬੀ
ਪਤਾ ਨਹੀਂ ਕਿਉਂ ਲਗਦੀ ਚੰਗੀ
ਭੁੱਲੀਆਂ ਯਾਦਾਂ ਰਹਿ ਰਹਿ ਆਉਣ
ਦਿਨੇ ਰਾਤ ਤਰਸਣ ਤਰਸਾਉਣ
ਕਈ ਚੇਤ ਵੈਸਾਖ ਨੇ ਗੁਜਾਰੇ
ਕਈ ਜੇਠ ਹਾੜ ਤੇ ਸੌਣ
ਲੰਘੀਆਂ ਕਈ ਰੁੱਤਾਂ ਤਿਉਹਾਰ
ਗਰਮ ਸਰਦ ਪੱਤਝੜਾਂ ਹਜ਼ਾਰ
ਟੁੰਬਦੀ ਰਹਿੰਦੀ ਪ੍ਰੀਤ ਪੁਰਾਣੀ
ਵੇਖਣ ਲਈ ਬਚਪਨ ਦਾ ਹਾਣੀ
ਲਾਈ ਜਾਵਾਂ ਸਤਿਕਾਰ ਦੀ ਦੌੜ
ਲੱਭਣ ਲਈ ਕੋਈ ਸੁੰਦਰ ਮੋੜ
ਜਿਥੇ ਤੋੜ ਕੇ ਜੱਗ ਦੀ ਰੀਤ
ਲਭ ਲਵਾਂ 'ਦੀਪਕ' ਦਾ ਮੀਤ

## ਤੇਰੀ ਰਾਹੇ

ਦੀਵਾ ਬਾਲ ਰੱਖਾਂ ਤੇਰੀ ਰਾਹੇ
ਚੰਨਾ ਪਾ ਵਤਨਾ ਵੱਲ ਫੇਰਾ

ਗਿਣ ਗਿਣ ਤਾਰੇ ਕੱਟਾਂ ਰਾਤਾਂ
ਨਹੀਂ ਟਿਕਦਾ ਮਨ ਮੇਰਾ
ਯਾਦ ਆਵੇ ਚੰਨਾ ਜਦ ਤੇਰੀ
ਮੇਰੇ ਉਠਣ ਕਲੇਜੇ ਹੂਕਾਂ
ਰੋ ਰੋ ਕਮਲੀ ਹੋਈ ਮੈਂ ਸਜਨਾਂ

ਸੁਣੇ ਕੋਈ ਨਾ ਮੇਰੀਆਂ ਕੂਕਾਂ
ਹਰ ਕੋਈ ਮੈਨੂੰ ਕਮਲੀ ਆਖੇ
ਮੇਰੇ ਨੈਣੀ ਵਸੇ ਹਨੇਰਾ
ਦੀਵਾ ਬਾਲ ਰਖਾਂ ਤੇਰੀ ਰਾਹੇ
ਚੰਨਾ ਪਾ ਵਤਨਾਂ ਵੱਲ ਫੇਰਾ

ਹਿਜਰ ਤੇਰੇ ਦੀਆਂ ਕੌੜੀਆਂ ਪੀੜਾਂ
ਲਿਖਦੀਆਂ ਜਾਵਨ ਨਿੱਤ ਲਕੀਰਾ
ਬਿਟ ਬਿਟ ਤੱਕਾਂ ਰਾਹ ਮੈਂ ਤੇਰਾ
ਫਿਰਦੀਆਂ ਵਾਂਗ ਫਕੀਰਾਂ
ਕੋਈ ਨਾ ਪਰਖੇ ਪੀੜ ਪਰਾਈ
ਟੁੱਟਦਾ ਜਾਏ ਸਬਰ ਦਾ ਘੇਰਾ
ਦੀਵਾ ਬਾਲ ਰੱਖਾਂ ਤੇਰੀ ਰਾਹੇ
ਚੰਨਾ ਪਾ ਵਤਨਾ ਵੱਲ ਫੇਰਾ

ਵੇਖਣ ਲਈ ਮੇਰਾ ਜਿਉਂਦਾ ਪਿਆਰ
ਆ ਜਾ ਚੰਨਾਂ ਤੂੰ ਇਕ ਵਾਰ
ਖੱਜਲ ਹੋ ਗਈ ਇਹ ਜ਼ਿੰਦਗਾਨੀ
ਢਲਦੀ ਜਾਵੇ ਸ਼ੋਖ ਜਵਾਨੀ
ਸੋਹਣ ਚਿੜੀ ਦੇ ਲਾ ਕੇ ਖੰਬ ਵੇ
ਉੱਡਦਾ ਜਾਵੇ ਰੂਪ ਇਹ ਮੇਰਾ
ਦੀਵਾ ਬਾਲ ਰੱਖਾਂ ਤੇਰੀ ਰਾਹੇ
ਚੰਨਾਂ ਪਾ ਵਤਨਾਂ ਵੱਲ ਫੇਰਾ

## ਨਜ਼ਰ ਮਿਲ ਜਾਵੇ

ਜਦੋਂ ਵੀ ਨਜ਼ਰ ਮਿਲ ਜਾਵੇ
ਝਟ ਪਟ ਹੀ ਸ਼ਰਮਾਉਂਦੇ ਨੇ

ਗੱਲ੍ਹਾਂ ਦਾ ਰੰਗ ਲਾਲ ਹੋ ਜਾਵੇ
ਤੇ ਬੁੱਲ੍ਹਾਂ ਤੋਂ ਮੁਸਕਾਉਂਦੇ ਨੇ
ਰੱਖੇ ਉਨ੍ਹਾਂ ਤੋਂ ਕੀ ਆਸ ਕੋਈ
ਚਾਹੁੰਦੇ ਨੇ ਯਾ ਨਹੀਂ ਚਾਹੁੰਦੇ
ਬੁਲਾਵਾਂ ਤਾਂ ਭਾਵੇਂ ਬੋਲ ਪਵਨ
ਨਹੀਂ ਅਪਣੇ ਆਪ ਬੁਲਾਉਂਦੇ ਨੇ
ਆਮ੍ਹਣਾ ਸਾਮ੍ਹਣਾ ਕਿਤੇ ਹੋ ਜਵੇ
ਜੀ ਕਰੇ ਤਾਂ ਵੇਖਣ ਨਾ ਵੇਖਣ
ਅਪਣੀ ਹੋਂਦ ਦਿਖਾਉਣ ਲਈ
ਕੁਛ ਬੁੱਲ੍ਹਾਂ 'ਚ ਗੁਨ ਗੁਨਾਉਂਦੇ ਨੇ
ਪਤਾ ਨਹੀਂ ਲਗਦਾ ਕਹਿੰਦੇ ਕੀ
ਜਦ ਹੱਸ ਹੱਸ ਗੱਲਾਂ ਕਰਦੇ ਨੇ
ਬੋਲਦੇ ਕਿਸੇ ਦੇ ਨਾਲ ਪਏ
ਪਤਾ ਨਹੀਂ ਕੀ ਫਰਮਾਉਂਦੇ ਨੇ
ਹਰ ਰੋਜ਼ ਉਨ੍ਹਾਂ ਨੂੰ ਵੇਖਣ ਤੋਂ
ਲਗਦਾ ਉਨ੍ਹਾਂ ਨੂੰ ਪਿਆਰ ਤਾਂ ਹੈ
ਕੀ ਕਰੀਏ ਜਦੋਂ ਬਣ ਜ਼ਾਲਮ
ਨੈਣਾਂ ਦੇ ਤੀਰ ਚਲਾਉਂਦੇ ਨੇ
ਸਮਾ ਬਹੁਤ ਹੈ ਬੀਤ ਗਿਆ
ਨਹੀਂ ਕੀਤਾ ਕਦੇ ਪਿਆਰ ਅਸਾਂ
ਦਿਨ ਸਾਰਾ ਐਵੇਂ ਟੱਪ ਜਾਵੇ
ਕੋਲ ਆਉਂਣ ਤੋਂ ਵੀ ਘਬਰਾਉਂਦੇ ਨੇ
ਹੋਇਆ ਸਾਡੀ ਇਬਾਦਤ ਦਾ ਅਜੇ
ਨਹੀਂ ਲਗਦਾ ਉਨ੍ਹਾਂ ਤੇ ਅਸਰ ਕੋਈ
ਕਹਿ ਦਿੰਦੇ ਕੋਲੋਂ ਲੰਘਦੇ ਹੋਏ
ਅੱਛਾ ਕਲ੍ਹ ਫਿਰ ਆਵਾਂਗੇ
ਉਸ ਪਿਆਰ ਦਾ 'ਦੀਪਕ' ਕੀ ਫਾਇਦਾ
ਜਿਸ ਦੀ ਦਿਲ ਵਿਚ ਤਾਂਘ ਨਹੀਂ
ਉਸ ਰਾਹ ਨੂੰ ਤੱਕਣਾਂ ਛੱਡਦੇ ਤੂੰ
ਜਿਸ ਰਾਹ ਹੁਣ ਉਹ ਜਾਂਦੇ ਨੇ

## ਦੁਖੀਆ ਮਨ

ਜਦੋਂ ਘਟਾ ਸਾਵਣ ਦੀ ਆਏ
ਦੁਖੀਆ ਮਨ ਤੜਪਾਏ
ਸਾਂ ਸਾਂ ਕਰਦੀ ਕਾਲੀ ਰਾਤ
ਲਿਸ਼ਕੇ ਬਿਜਲੀ ਪਏ ਬਰਸਾਤ
ਪਲਕਾਂ ਚੋ ਕੱਜਲ ਕੱਢ ਜਾਏ
ਮਨ ਇਕ ਪਲ ਚੈਨ ਨਾ ਪਾਏ
ਜਦੋਂ ਘਟਾ ਸਾਵਣ ਦੀ ਆਏ
ਦੁਖੀਆ ਮਨ ਤੜਪਾਏ

ਜੇਠ ਹਾੜ ਦਾ ਤਪਿਆ ਬੀਂਡਾ
ਦਿਨੇ ਰਾਤ ਰਿਹਾ ਕੁਰਲਾਵੇ
ਪੀ ਮੇਘੇ ਦੀ ਅੰਮ੍ਰਿਤ ਬੂੰਦ
ਨਾ ਹੁਣ ਕੋਈ ਗੀਤ ਸੁਣਾਵੇ
ਜਦੋਂ ਘਟਾ ਸਾਵਣ ਦੀ ਆਏ
ਦੁਖੀਆ ਮਨ ਤੜਪਾਏ

ਦਿਲ ਮੇਰੇ ਦਾ ਮਿੱਠਾ ਚੈਨ
ਵਰ੍ਹਦਾ ਰਾਹੀਂ ਦੋਵੇਂ ਨੈਣ
ਕਾਲੀ ਕੋਇਲ ਜਦੋਂ ਕੂਕ ਸੁਣਾਵੇ
ਤੜਫੇ ਆਪ ਸਾਨੂੰ ਤੜਪਾਏ
ਜਦੋਂ ਘਟਾ ਸਾਵਣ ਦੀ ਆਏ
ਦੁਖੀਆ ਮਨ ਦੂਣਾ ਤੜਪਾਏ

ਭਾਂ ਭਾਂ ਕਰਦਾ ਦਿਲ ਦਾ ਵਿਹੜਾ
ਕਹੋ ਮਾਹੀ ਘਰ ਲਾਏ ਗੇੜਾ
ਬੈਠ ਕੋਲ ਵੰਡੇ ਦੁੱਖ ਮੇਰਾ

ਆ ਕੇ ਪਿਆਰ ਦਾ ਨਾਦ ਵਜਾਵੇ
ਜਦੋਂ ਘਟਾ ਸਾਵਣ ਦੀ ਆਏ
ਫਿਰ ਨਾ ਮੇਰਾ ਮਨ ਤੜਪਾਏ

## ਰੁੱਤ ਵਰਖਾ ਦੀ

ਰੁੱਤ ਵਰਖਾ ਦੀ ਆਈ
ਵੇ ਢੋਲਾ ਨਾ ਆਇਓਂ
ਅਸਾਂ ਰੋ ਰੋ ਜਾਨ ਗੰਵਾਈ
ਵੇ ਢੋਲਾ ਨਾ ਆਇਉ

ਥੱਕ ਗਏ ਨੈਣ ਤੇਰਾ ਤੱਕ ਤੱਕ ਰਾਹ ਵੇ
ਮੁੱਕ ਚੱਲੇ ਦਿਲ ਵਿਚੋਂ ਖੁਸ਼ੀਆਂ ਤੇ ਚਾ ਵੇ
ਮੇਰੇ ਹੰਝੂ ਦੇਣ ਦੁਹਾਈ
ਵੇ ਢੋਲਾ ਨਾ ਆਇਓਂ
ਰੁੱਤ ਵਰਖਾ ਦੀ ਆਈ

ਜਦੋਂ ਦਾ ਤੂੰ ਚੰਨਾ ਟੁਰ ਗਿਉਂ ਪਰਦੇਸ ਵੇ
ਸੁਹਲ ਜਹੀ ਜਿੰਦੜੀ ਨੂੰ ਲਾ ਗਇਉ ਠੇਸ ਵੇ
ਕੋਈ ਪਰਖੇ ਨਾ ਪੀੜ ਪਰਾਈ
ਵੇ ਢੋਲਾ ਨਾ ਆਇਓਂ
ਰੁੱਤ ਵਰਖਾ ਦੀ ਆਈ

ਮੁੱਕਿਆ ਨਾ ਤੇਰਾ ਪਰਦੇਸਾਂ ਦਾ ਚਾ ਵੇ
ਧੁੱਖ ਧੁੱਖ ਜਿੰਦ ਮੇਰੀ ਹੋਈ ਹੈ ਸੁਆਹ ਵੇ
ਅਸਾਂ ਇਕ ਪਲ ਚੈਨ ਨਾ ਪਾਈ
ਵੇ ਢੋਲਾ ਨਾ ਆਇਓਂ
ਰੁੱਤ ਵਰਖਾ ਦੀ ਆਈ

ਪਤਾ ਹੁੰਦਾ ਸਾਨੂੰ ਤੂੰ ਹੈ ਬੇਪ੍ਰਵਾਹ ਵੇ
ਰੱਖ ਲੈਂਦੀ ਦਿਲ ਤੇਰਾ ਮੌਕੇ ਦਾ ਗਵਾਹ ਵੇ
ਐਵੇਂ ਹੱਸ ਹੱਸ ਪ੍ਰੀਤੀ ਲਗਾਈ
ਵੇ ਢੋਲਾ ਨਾ ਆਇਓਂ
ਰੁੱਤ ਵਰਖਾ ਦੀ ਆਈ

## ਆਪਣਾ ਚੰਨ

ਆਸਮਾਨ ਨੂੰ ਲਾ ਕੇ ਸੰਨ੍ਹ
ਧੂ ਲਵਾਂ ਮੈਂ ਆਪਣਾ ਚੰਨ
ਉਸਦੇ ਪਿੱਛੇ ਤੁਰਦੀ ਜਾਵਾਂ
ਬਣ ਵੁਹਦਾ ਸੁੰਦਰ ਪਰਛਾਵਾਂ
ਚਾਂਦੀ ਜਹੀਆਂ ਕਿਰਨਾਂ ਦੇ ਵਿਚ
ਰੱਜ ਕੇ ਅਪਣਾ ਆਪ ਲੁਕਾਵਾਂ
ਉਸਦੇ ਸੁੰਦਰ ਮੁੱਖੜੇ ਨੂੰ
ਫਿਰ ਦੇਖੀ ਜਾਵਾਂ ਰੱਜ ਕੇ
ਉਸਦੇ ਵਰਗੀ ਹੀ ਬਣ ਜਾਵਾਂ
ਉਹਦੀ ਸੁੰਦਰਤਾ ਨਾਲ ਸਜ ਕੇ
ਗਲਵੱਕੜੀ ਫਿਰ ਪਾ ਕੇ ਉਸ ਨੂੰ
ਕਰਾਂ ਮੈਂ ਰੱਜ ਕੇ ਪਿਆਰ
ਅੱਖੋਂ ਉਹਲੇ ਹੋਣ ਨਾ ਦੇਵਾਂ
ਜੇ ਫੜ ਲਵਾਂ ਇਕ ਵਾਰ
ਦੇ ਸਕੇ ਕਦੇ ਨਾ ਮੈਨੂੰ
ਜੋ ਕਰਦਾ ਹੁਣ ਧੋਖਾ
ਪੰਦਰਾਂ ਦਿਨ ਦਿਖਾ ਕੇ ਮੁੱਖੜਾ
ਲੁਕ ਜਾਂਦਾ ਫਿਰ ਹੋ ਕੇ ਸੌਖਾ
ਹੌਲੀ ਹੌਲੀ ਮੁੱਖ ਦਿਖਾ ਕੇ
ਉਹ ਹੈ ਕਿਉਂ ਲੁਕ ਜਾਂਦਾ

ਤਰਸ ਰਹੇ ਮੇਰੇ ਨੈਣ ਨਿਮਾਣੇ
ਕਿਉਂ ਰਹਿੰਦਾ ਤੜਪਾਉਂਦਾ
ਕਦੀ ਨਹੀਂ ਉਹਦੇ ਦਿਲ ਵਿਚ ਆਇਆ
ਬੈਠੇ ਸਾਡੇ ਕੋਲ
ਚਾਂਦੀ ਵਰਗੀ ਖਿੜੀ ਚਾਨਣੀ
ਦੇਵੇ ਹਿਰਦੇ ਦੇ ਵਿਚ ਘੋਲ
ਕਦੇ ਤਾਂ ਆਖੇ ਮੈਂ ਹਾਂ ਤੇਰਾ
ਬੋਲ ਕੇ ਮਿੱਠੇ ਬੋਲ
'ਦੀਪਕ' ਤੂੰ ਹੀ ਹੈ ਚੰਨ ਅਪਨਾ
ਚਾਨਣੀ ਆਪਣੀ ਵਿਚ ਲਕੋਕੇ
ਕਰਦੇ ਪੂਰਾ ਮੇਰਾ ਸੁੱਪਨਾ

## ਬੁੱਤਖਾਨਾ-ਕਾਅਬਾ

ਤੇਰੇ ਪਿਆਰ ਦਾ ਸੁੱਚਾ ਵਾਅਦਾ
ਸਾਡੇ ਲਈ ਬੁੱਤਖਾਨਾ-ਕਾਅਬਾ
ਤੇਰਾ ਵਾਅਦਾ ਤੇ ਇਕਰਾਰ
ਹਰ ਮੌਸਮ ਵਿਚ ਨਵੀਂ ਬਹਾਰ
ਤੇਰਾ ਵਾਅਦਾ ਸੱਚੀ ਰੀਤ
ਮਨ ਮੋਹਣੀ ਅੱਲੜ੍ਹ ਪ੍ਰੀਤ
ਵਾਅਦਾ ਤੇਰਾ ਹੈ ਸੱਤ ਰੰਗਾ
ਬਲਦੀ ਸ਼ਮਾ ਬੇਖੌਫ ਪਤੰਗਾ
ਤੇਰੇ ਵਾਅਦੇ ਦਾ ਹਰ ਰੰਗ
ਦੇਵੇ ਚੈਨ ਤੇ ਮਧੁਰ ਅਨੰਦ
ਵਾਅਦਾ ਤੇਰਾ ਇਕ ਸੰਗੀਤ
ਜਿਸ ਦੇ ਨਾਲ ਮੈਂ ਗਾਵਾਂ ਗੀਤ
ਵਾਅਦਾ ਤੇਰਾ ਚੰਨ, ਸੂਰਜ, ਤਾਰੇ
ਜਿਸ ਦੇ ਮਾਨਣ ਸਭ ਨਜ਼ਾਰੇ

ਵਾਅਦਾ ਤੇਰਾ ਚੜ੍ਹਦੇ ਦੀ ਲਾਲੀ
ਵੰਡੇ ਅੰਬਰਾਂ ਵਿਚ ਗੁਲਾਲੀ
ਵਾਅਦਾ ਤੇਰਾ ਇਬਾਦਤ ਦੀ ਰਾਹ
ਜਿਸ ਵਿਚ ਪਿਆਰ ਬੇ ਪਨਾਹ
ਵਾਅਦਾ ਤੇਰਾ ਮਿੱਠੀ ਖੁਸ਼ਬੂ
ਜਿਸ ਵਿਚ ਵਸੇ ਤੂੰ ਹੀ ਤੂੰ
ਵਾਅਦਾ ਤੇਰਾ ਲਾਲ ਗੁਲਾਬ
ਸ਼ੀਸ਼ੀ ਦੇ ਵਿਚ ਪਾਈ ਸ਼ਰਾਬ
ਵਾਅਦਾ ਤੇਰਾ ਦਿਲ ਦਾ ਚੈਨ
ਵਸ ਗਿਆ ਮੇਰੇ ਦੋਨੀਂ ਨੈਣ
ਵਾਅਦਾ ਤੇਰਾ ਸਾਵਣ ਦੀ ਰਾਤ
ਰਿਮ ਝਿਮ ਰਿਮ ਝਿਮ ਪਏ ਬਰਸਾਤ
ਵਾਅਦਾ ਤੇਰਾ 'ਦੀਪਕ' ਦੀ ਲੋ
ਜਿਸ ਨੂੰ ਨਿੰਦ ਸਕੇ ਨਾ ਕੋ
ਵਾਅਦਾ ਪੂਰਾ ਕਰਨ ਤੂੰ ਆ ਜਾ
ਆ ਕੇ ਪ੍ਰੀਤ ਦਾ ਦੀਪ ਜਗਾ ਜਾ

## ਬਿਰਹਾ ਦੀ ਪੀੜ

ਬਿਰਹਾ ਦੀ ਪੀੜ ਤੇਰੀ
ਨਿੱਤ ਮੈਨੂੰ ਡੰਗਦੀ
ਦਿਨ ਰਾਤ ਖਾਵੇ ਮੈਨੂੰ
ਜ਼ੱਰਾ ਵੀ ਨਾ ਸੰਗਦੀ
ਤੇਰੀ ਵੇ ਜੁਦਾਈ ਚੰਨਾ
ਚੈਨ ਸਾਡਾ ਖੋਹ ਲਿਆ
ਮਿੱਠੇ ਮਿੱਠੇ ਹਾਸਿਆਂ ਨੇ
ਦਿਲ ਸਾਡਾ ਮੋਹ ਲਿਆ
ਬਿੰਦ ਬਿੰਦ ਰੋਂਦੇ ਨੈਣ
ਦੱਸਾਂ ਮੈਂ ਨਾ ਸੰਗਦੀ

ਜਦੋਂ ਦਾ ਵੇ ਚੰਨਾਂ ਤੂੰ
ਗਿਉਂ ਪਰਦੇਸ ਵੇ
ਮਨ ਦੀ ਉਦਾਸੀ ਕੀਤਾ
ਪਾਗਲਾਂ ਦਾ ਵੇਸ ਵੇ
ਕਾਲੀ ਤੇ ਡਰਾਉਣੀ ਰਾਤ
ਨਹੀਉਂ ਹੁਣ ਲੰਘਦੀ
ਛੱਡ ਕੇ ਤੂੰ ਗੁੱਸੇ ਗਿਲੇ
ਆ ਜਾ ਮੇਰੇ ਕੋਲ ਵੇ
ਜਿੰਦ ਅਨਮੋਲ ਮੇਰੀ
ਐਵੇਂ ਨਾ ਤੂੰ ਰੋਲ ਵੇ
ਸੌਂਹ ਤੇਰੇ ਪਿਆਰ ਬਾਝੋਂ
ਕੁਛ ਵੀ ਨਾ ਮੰਗਦੀ
ਵੱਸੀ ਮੇਰੀ ਅੱਖਾਂ ਵਿਚ
ਤੇਰੀ ਤਸਵੀਰ ਵੇ
ਨਿੱਘੀ ਨਿੱਘੀ ਛੋਹ ਉਹਦੀ
ਮਿੱਠੀ ਤਾਸੀਰ ਵੇ
ਦਿਲ ਦੇ ਦਲਾਨ ਵਿਚ
ਪਈ ਕਿੰਨੀ ਫੱਬਦੀ

## ਪਿਆਰ ਦਾ ਨਾਗ

ਕੋਲ ਮੇਰੇ ਨਾ ਆਵੀਂ ਕੁੜੀਏ
ਕੰਨਾਂ ਨੂੰ ਲਾ ਲੈ ਹੱਥ ਨੀ
ਨੈਣ ਤੇਰੇ ਕਰਨ ਕਲੋਲਾਂ
ਬਣ ਕੇ ਕਾਲੇ ਸੱਪ ਨੀ
ਰੂਪ ਤੇਰੇ ਦੀ ਵਿੱਸ ਸ਼ਰਾਬੀ
ਬਿੰਦੇ ਬਿੰਦੇ ਕਰਦੀ ਜਾਏ ਖਰਾਬੀ
ਬੁੱਲ੍ਹਾਂ ਦਾ ਰਸ ਰੋਕ ਲੈ ਕੁੜੀਏ

ਡੁੱਲ੍ਹਦਾ ਜਾਵੇ ਬੇਟੋਕ ਨੀ ਕੁੜੀਏ
ਦਿਲ ਮੇਰਾ ਜੋ ਰਿਹਾ ਨਾ ਕਾਬੂ
ਕਰ ਦੇਵੇਗਾ ਤੈਨੂੰ ਜਾਦੂ
ਮਨ ਤੇਰੇ ਤੇ ਕਰਕੇ ਕਬਜ਼ਾ
ਆਖੇਗਾ ਕਰ ਮੇਰਾ ਸੱਜਦਾ
ਮੇਰੇ ਨੈਣਾਂ ਦੀ ਬਣ ਕੇ ਲੋ
ਪਿਆਰ ਮੇਰੇ ਵਿਚ ਜਾ ਸਮੋ
ਖਿੜੀ ਚਾਨਣੀ ਵਰਗੇ ਹਾਸੇ
ਵੰਡਦੇ ਕੁੜੀਏ ਆਸੇ ਪਾਸੇ
ਦਿਲ ਦੀ ਹਰ ਧੜਕਨ ਵਿਚ ਵੱਸ ਕੇ
ਅਪਣੇ ਹੁਸਨ ਨਾਲ ਮੈਨੂੰ ਡਸ ਕੇ
ਪਿਆਰ ਅਪਣੇ ਨਾਲ ਕਰ ਬੇਹੋਸ਼
ਆਉਣ ਨਾ ਦੇਵੀ ਮੈਨੂੰ ਹੋਸ਼
ਪਿਆ ਕੇ ਲਾਲ ਬੁੱਲ੍ਹਾਂ ਦਾ ਰਸ ਨੀ
ਕਰਕੇ ਸਦਾ ਲਈ ਬੇ-ਬੱਸ ਨੀ
ਮੇਰੇ ਕੋਲ ਹੁਣ ਆ ਜਾ ਕੁੜੀ ਏ
ਪਿਆਰ ਦਾ ਨਾਗ ਲੜਾ ਜਾ ਕੁੜੀਏ

## ਰੂਪ ਨਸ਼ੀਲੇ

ਤੇਰੇ ਰੂਪ ਨਸ਼ੀਲੇ ਮੋਹ ਲਿਆ
ਚੈਨ ਸਾਡੇ ਮਨ ਦਾ ਖੋਹ ਲਿਆ
ਕਦੇ ਤੈਨੂੰ ਦੇਖਿਆ ਹੱਸਦਿਆਂ ਨਹੀਂ
ਦਿਲ ਦੀ ਗੱਲ ਸਾਨੂੰ ਦਸਦਾ ਨਹੀਂ
ਕਿਉਂ ਕੀਤਾ ਸਾਨੂੰ ਪਿਆਰ ਸੀ
ਨਾਲ ਰਹਿਣ ਦਾ ਪੱਕਾ ਇਕਰਾਰ ਸੀ
ਅਸੀਂ ਔਂਸੀਆ ਪਾ ਪਾ ਥੱਕ ਗਏ
ਤੂੰ ਆਇਆ ਨਾ ਇਕ ਵਾਰ ਵੀ

ਕਈ ਬਹਾਰਾਂ ਨੇ ਬੀਤੀਆਂ
ਤੇ ਸਾਵਣ ਸੱਖਣ ਲੰਘ ਗਏ
ਰੰਗਲੇ ਜੀਵਨ ਦੇ ਚਾ ਸਾਨੂੰ
ਹੰਝੂ ਬਣਕੇ ਡੰਗ ਗਏ
ਪਾਪੀ ਬਾਂਹਵਾਂ ਗੋਰੀਆਂ
ਬਿਨ ਚੂੜੀਆਂ ਰਹੀਆਂ ਕੋਰੀਆਂ
ਦੋ ਬਲੌਰੀ ਨੈਣ ਮੇਰੇ
ਤੱਕਦੇ ਹਰਪਲ ਰਾਹ ਤੇਰੇ
ਮੇਰੀ ਖੱਬੀ ਅੱਖ ਰਹੇ ਫਰਕਦੀ
ਤੇ ਜਿੰਦੇ ਨਿਮਾਣੀ ਤਰਸਦੀ
ਸਾਨੂੰ ਤੇਰੀ ਜੁਦਾਈ ਮਾਰ ਗਈ
ਸਾਡੀ ਸੋਹਨ ਜਵਾਨੀ ਹਾਰ ਗਈ
ਕੀ ਇਹੋ ਤੇਰਾ ਪਿਆਰ ਸੀ
ਕੀਤਾ ਤੂੰ ਇਕਰਾਰ ਸੀ
ਤੇਰੇ ਬਾਝੋਂ ਹਨੇਰੇ ਘੁੱਪ ਨੇ
ਵਿਛੋੜੇ ਦੇ ਕਰੜੇ ਦੁੱਖ ਨੇ
ਅਣਹੋਣੀ ਔਕੜ ਟਾਲਦੇ
ਜੀਵਨ 'ਦੀਪਕ' ਬਾਲਦੇ
ਸਾਨੂੰ ਰੱਜ ਕੇ ਕਰ ਫਿਰ ਪਿਆਰ ਤੂੰ
ਤੇ ਪੂਰੇ ਕਰ ਇਕਰਾਰ ਤੂੰ
ਹੱਥੀਂ ਫੜਕੇ ਬਾਹਵਾਂ ਗੋਰੀਆਂ
ਦੇ ਪਿਆਰ ਦੀਆਂ ਮਿੱਠੀਆਂ ਲੋਰੀਆਂ
ਫਿਰ ਨੈਣਾਂ 'ਚ ਪਾ ਕੇ ਨੈਣ ਤੂੰ
ਸਾਡੇ ਦਿਲ 'ਚ ਭਰ ਦੇ ਚੈਨ ਤੂੰ

# ਇਤਬਾਰ

ਮੇਰੇ ਤੇ ਤੂੰ ਕਰ ਇਤਬਾਰ
ਮੈਂ ਕਰਦਾ ਹਾਂ ਤੈਨੂੰ ਪਿਆਰ
ਮੇਰੇ ਇਕ ਇਸ਼ਾਰੇ ਉੱਤੇ
ਕਰ ਸਕਦਾ ਹਾਂ ਜਿੰਦ ਨਿਸਾਰ
ਤੂੰ ਹੈ ਧੜਕਨ ਦਿਲ ਮੇਰੇ ਦੀ
ਤੂੰ ਮੇਰੇ ਨੈਣਾਂ ਦੀ ਜੋਤੀ
ਤੂੰ ਹੈ ਕੋਹੇਨੂਰ ਦਾ ਹੀਰਾ
ਤੂੰ ਹੈ ਮੇਰਾ ਅਨਮੋਲ ਮੋਤੀ
ਹਰ ਮੁਸਕਾਨ ਤੇਰੀ ਕਰਕੇ ਜਾਦੂ
ਕਰ ਦਿੰਦੀ ਦਿਲ ਮੇਰਾ ਬੇ-ਕਾਬੂ
ਕਿਵੇਂ ਕਹਾਂ ਤੂੰ ਕਰ ਇਤਬਾਰ
ਸੱਚੀ ਕਰਦਾ ਹਾਂ ਤੈਨੂੰ ਪਿਆਰ
ਤੂੰ ਹੈ ਹੀਰ ਸਿਆਲਾਂ ਵਾਲੀ
ਰਾਂਝੇ ਦੇ ਖਿਆਲਾਂ ਵਾਲੀ
ਤੂੰ ਸੱਸੀ ਦਾ ਦੂਜਾ ਨਾਮ
ਪੁਨੂੰ ਜਿਸਦਾ ਸੀ ਗੁਲਾਮ
ਮਜਨੂੰ ਦੀ ਤੂੰ ਸਾਂਵਲੀ ਲੈਲਾ
ਇਸ਼ਕ ਜਿਸਦਾ ਨਾ ਹੋਇਆ ਮੈਲਾ
ਤੂੰ ਹੈ ਮਧੁਰ ਪਿਆਰ ਦੀ ਵੀਣਾ
ਜਿਸ ਨੇ ਸਿਖਾਇਆ ਮੈਨੂੰ ਜੀਣਾ
ਤੂੰ ਹੈ ਸੱਤਰੰਗੀ ਸਿਤਾਰ
ਜਿਸ ਦੀ ਹਰ ਤਾਰ ਚੋਂ ਨਿਕਲੇ
ਮਧੁਰ ਸੰਗੀਤ ਮੇਘ ਮਲਹਾਰ
ਕਰਕੇ ਦੇਖ ਤੂੰ ਇਤਬਾਰ
ਸੌਂਹ ਮੇਰੀ ਤੂੰ ਇਕ ਬਾਰ
ਹੈ ਮਤਵਾਲਾ ਰੂਪ ਤੇਰੇ ਦਾ
'ਦੀਪਕ' ਕਰਦਾ ਹੈ ਤੈਨੂੰ ਪਿਆਰ

## ਪ੍ਰੀਤ ਸੁਹਾਣੀ

ਤੇਰੀ ਮੇਰੀ ਪ੍ਰੀਤ ਸੁਹਾਣੀ
ਨਾ ਬਣ ਜਾਵੇ ਕਾਲਾ ਦਾਗ
ਤੋੜ ਕੇ ਸਾਰੀਆਂ ਕੋਝੀਆਂ ਰੀਝਾਂ
ਲਾ ਅੱਖਾਂ ਨੂੰ ਨਵੀਂ ਜਾਗ
ਦਿਲ ਦੀਆਂ ਦਿਲ ਨਾਲ ਜੋੜ ਕੇ ਤਾਰਾਂ
ਕੋਈ ਮਿੱਠਾ ਗੀਤ ਅਲਾਪ
ਟੁੰਬ ਦੇਵੇ ਅਧਮੋਈਆਂ ਰੀਝਾਂ
ਪਲ ਪਲ ਕਰਦੀਆ ਜੋ ਵਰਲਾਪ
ਤੇਰੀ ਮੇਰੀ ਪ੍ਰੀਤ ਸੁਹਾਣੀ
ਨਾ ਬਣ ਜਾਵੇ ਕਾਲਾ ਦਾਗ਼

ਦਿਲ ਦੇ ਅੰਦਰ ਮੈਂ ਦੱਬ ਲਈਆਂ
ਮਾੜੀਆਂ ਚੰਗੀਆਂ ਜਿਸ ਨੇ ਕਹੀਆਂ
ਹਿਜਰ ਦੀ ਅੱਗ ਵਿਚ ਸੜਦੀ ਬਲਦੀ
ਕਿਵੇਂ ਸੁਣਾਵਾਂ ਮੈਂ ਹੁਣ ਆਪ
ਜੋ ਬੀਤੀਆਂ ਅਸਾਂ ਸਹੀਆਂ
ਕਈਆਂ ਭੈਣ ਭਰਾਵਾਂ ਬਾਪ
ਥੱਕ ਗਏ ਨੈਣ ਤੇਰਾ ਤੱਕ ਤੱਕ ਰਾਹ
ਜਿੰਦ ਮੇਰੀ ਬਣ ਗਈ ਸੰਤਾਪ
ਪਲ ਪਲ ਸੋਚਾਂ ਦੇ ਵਿਚ ਡੁੱਬੀ
ਰਹਾਂ ਵਿਆਕੁਲ ਮੈਂ ਦਿਨ ਰਾਤ
ਤੇਰੀ ਮੇਰੀ ਪ੍ਰੀਤ ਸੁਹਾਣੀ
ਨਾ ਬਣ ਜਾਵੇ ਕਾਲਾ ਦਾਗ਼

ਕਦੇ ਤਾਂ ਪਾ ਵਤਨਾਂ ਵੱਲ ਫੇਰਾ
ਭਾਂ ਭਾਂ ਕਰਦਾ ਦਿਲ ਦਾ ਵਿਹੜਾ

ਵਾਂਗ ਸ਼ੁਦੈਣਾਂ ਰਾਹ ਤੇਰਾ ਤੱਕਾਂ
ਹੱਸ ਹੱਸ ਰੋਵਾਂ, ਰੋ ਰੋ ਹੱਸਾਂ
ਖੋਲ ਇਸ਼ਕ ਦੀ ਫ਼ਟੀ ਕਿਤਾਬ
ਥੱਕੀਆਂ ਉਂਗਲਾਂ ਫੋਲਣ ਵਰਕੇ
ਨਾ ਮਿਲਿਆ ਨਾ ਕੋਈ ਦੱਸੇ
ਸਾਡੀ ਪ੍ਰੀਤ ਦਾ ਕੋਈ ਹਿਸਾਬ
ਤੇਰੀ ਮੇਰੀ ਪ੍ਰੀਤ ਸੁਹਾਣੀ
ਨਾ ਬਣ ਜਾਵੇ ਕਾਲਾ ਦਾਗ਼

## ਦੋ ਸਿਤਾਰੇ

ਤੇਰੇ ਨੈਣਾਂ ਦੇ ਦੋ ਸਿਤਾਰੇ
ਮਾਰਨ ਲਿਸ਼ਕਾਂ ਤੇ ਲਿਸ਼ਕਾਰੇ
ਅਪਣੇ ਨੈਣਾਂ ਦਾ ਤੂੰ ਜਾਦੂ
ਕਰ ਲੈ ਕੁੜੀ ਏ ਪੂਰਾ ਕਾਬੂ
ਇਨ੍ਹਾਂ ਨੈਣਾਂ ਨੇ ਪਟ ਸੁੱਟੇ
ਹਸਦੇ ਵਸਦੇ ਕਈ ਘਰ ਬਾਰ
ਕੱਟ ਸੁੱਟੇ ਅਣਖੀਲੇ ਗਭਰੂ
ਬਣਕੇ ਦੋਧਾਰੀ ਤਲਵਾਰ
ਕਰਦੇ ਰਹਿਣ ਚੁੱਪ ਚੁਪੀਤੇ
ਰਾਤ ਦਿਨ ਵਾਰ ਤੇ ਵਾਰ
ਕਈ ਆਸ਼ਕ ਨੇ ਢੇਰੀ ਕੀਤੇ
ਬਣੇ ਇਸ਼ਕ ਦੇ ਕਈ ਮਜ਼ਾਰ
ਕਈ ਥਲਾਂ ਵਿਚ ਰੋਲੇ ਮਾਰੇ
ਮੀਆਂ ਮਜਨੂੰ ਤੇ ਰਾਂਝਣ ਯਾਰ
ਕਈ ਸਾਹਿਬਾਂ ਬਣ ਮਿਰਜ਼ੇ ਮਾਰੇ
ਕਈ ਸੋਹਣੀਆਂ ਸੱਚੇ ਯਾਰ
ਕਈ ਸੱਸੀਆਂ ਮਾਰੇ ਪੁਨੂੰ

ਟੁੱਕੇ ਬਣ ਤਿੱਖੀ ਤਲਵਾਰ
ਕਈਆਂ ਨੂੰ ਦੇ ਝੂਠੇ ਲਾਰੇ
ਉਤਰਨ ਨਹੀਂ ਦਿੱਤਾ ਅਗਲੇ ਪਾਰ
ਅਪਣੇ ਨੈਣਾਂ ਦਾ ਤੂੰ ਜਾਦੂ
ਕਰ ਲੈ ਕੁੜੀਏ ਪੂਰਾ ਕਾਬੂ
ਇਹ ਨੈਣ ਨੈਣਾਂ ਨਾਲ ਰਲਕੇ
ਜਦ ਮਿਲ ਜਾਂਦੇ ਨੇ ਇਕ ਵਾਰ
ਕਰਦੇ ਉੱਤਮ ਅਪਣੀ ਹੱਸਤੀ
ਉਮਰ ਸਦੀਵੀ ਕਰਨ ਪਿਆਰ
ਨੈਣ ਨੈਣਾਂ ਦੇ ਦੇਣ ਸੁਨੇਹੇ
ਸੱਚੇ ਪ੍ਰੇਮ ਤੇ ਨਾਲ ਸਤਿਕਾਰ
ਦਿਲ ਦੀਆਂ ਦਿਲ ਨਾਲ ਗੱਡ ਕੇ ਸਾਂਝਾ
ਸੱਚੀ ਪ੍ਰੀਤ ਦਾ ਰਕਨ ਸ਼ਿੰਗਾਰ
ਇਹ ਨੈਣ ਨੈਣਾਂ ਨੂੰ ਦੱਸਦੇ
ਪ੍ਰੇਮ ਭਗਤੀ ਦਾ ਸਿੱਧਾ ਰਾਹ
ਇਹ ਨੈਣ ਤੜਫਦੇ ਹਿਰਦੇ
ਕਰਦੇ ਸੀਤਲ ਬੇ ਪ੍ਰਵਾਹ
ਇਹ ਨੈਣ ਗਿਆਨ ਦੇ ਸੋਮੇ
ਨ੍ਹੇਰੇ ਦਿਲਾਂ ਵਿਚ ਕਰਦੇ ਚਾਨਣ
ਸ੍ਰਿਸ਼ਟੀ ਦਾ ਸਿਰ ਉੱਚਾ ਰੱਖਦੇ
ਸਾਂਝੀਵਾਲਤਾ ਦਾ ਰਸ ਮਾਨਣ
ਆਪਣੇ ਨੈਣਾਂ ਦੀ ਸ਼ਕਤੀ ਤੇ
ਕਰਕੇ ਕੁੜੀਏ ਪੂਰਾ ਕਾਬੂ
ਪ੍ਰੇਮ ਪਿਆਰ ਦਾ ਬਾਲ ਕੇ 'ਦੀਪਕ'
ਨਿਮਰਤਾ ਦਾ ਕਰਦੇ ਜਾਦੂ

## ਨੈਣਾਂ ਦੀ ਨੁਹਾਰ

ਤੇਰੇ ਨੈਣਾਂ ਦੀ ਲੋ ਦੀ ਨੁਹਾਰ ਸੀ ਅਨੋਖੀ
ਤੇਰੇ ਬੁੱਲ੍ਹਾਂ ਤੇ ਹਾਸਿਆਂ ਦੀ ਬਹਾਰ ਸੀ ਅਨੋਖੀ
ਤੂੰ ਹਸਦੀ ਜਵਾਨੀ ਜਿਉਂਦੀ ਤਸਵੀਰ ਸੈਂ
ਤੂੰ ਸੱਧਰਾਂ ਪਿਆਰਾ ਦੀ ਮਿੱਠੀ ਤਾਸੀਰ ਸੈਂ
ਤੂੰ ਸੈਂ ਸਿਦਕ ਸ਼ਕਤੀ ਦਾ ਚਾਨਣ ਮੁਨਾਰਾ
ਭਾਰਤ ਮਾਂ ਲਈ ਅਨੋਖਾ ਸਹਾਰਾ
ਤੇਰੇ ਕੋਮਲ ਜਹੇ ਹਿਰਦੇ ਵਿਚ ਬੜਾ ਨਿੱਘਾ ਪਿਆਰ ਸੀ
ਭਾਰਤ ਦੀ ਆਜ਼ਾਦੀ ਦਾ ਪੱਕਾ ਇਕਰਾਰ ਸੀ
ਜਦੋਂ ਤੂੰ ਆਈ ਸੈਂ ਪਹਿਲੋਂ ਮੇਰੇ ਖਿਆਲ ਵਿਚ
ਪੱਕਾ ਯਾਦ ਹੈ ਮੈਨੂੰ, ਮੇਰੇ ਵੀਹਵੇਂ ਸਾਲ ਵਿਚ
ਪੱਤਝੜ ਰੁੱਤੇ ਬਹਾਰ ਆ ਗਈ ਸੀ
ਆਲੇ ਦੁਆਲੇ ਨਵੀਂ ਨੁਹਾਰ ਆ ਗਈ ਸੀ
ਤੇਰੀ ਮਹਾਨਤਾ ਦੀਆਂ ਯਾਦਾਂ ਜਦੋਂ ਆਵਣ
ਅੱਖਾਂ ਵਿਚ ਸਾਵਣ ਦੀਆਂ ਝੜੀਆਂ ਲਾ ਜਾਵਣ
ਫਿਰ ਸ਼ਕਤੀ ਦੀ ਤੇਰੀ ਤਸਵੀਰ ਜਿਉਂਦੀ ਹੋ ਕੇ
ਕਾਲੇ ਹਨੇਰੇ ਮੋੜਾਂ ਵਿਚ ਰਸਤਾ ਮੇਰਾ ਰੋਕੇ
ਆਸ਼ਾਵਾਂ ਦੇ ਮੋਤੀ ਕੇਰ ਹੌਲੀ ਜਹੀ ਖਲੋ ਕੇ
ਹੱਸ ਹੱਸ ਕਹਿ ਦੇਵੇਂ, ਮੈਂ ਤਾਂ ਚਲੀ ਗਈ ਸਾਂ ਪਿਉਕੇ
ਤੈਨੂੰ ਵਿਆਕੁਲ ਵੇਖ ਕੇ ਮੈਂ ਫਿਰ ਆ ਗਈ ਹਾਂ
ਦੇਖ ਤੇਰੇ ਜੀਵਨ ਤੇ ਬਣ ਅੰਬਰ ਛਾ ਗਈ ਹਾਂ
ਅੱਗੇ ਕਦਮ ਪੁੱਟ ਤੇ ਘਰ ਘਰ ਜਾ
ਦੇਸ਼ ਦੀ ਸੁੰਦਰਤਾ ਦੇ ਨਵੇਂ ਗੀਤ ਗਾ
ਭਾਰਤ 'ਚ ਜੰਮੀ ਇਹਦੀ ਗੋਦ ਵਿਚ ਪਲੀ ਸਾਂ
ਇਥੋਂ ਮਾਣ ਪਾਇਆ ਇਹਦੀ ਚਰਨ ਧੂੜ ਬਣੀ ਹਾਂ

## ਬਾਲ ਦੀਪਕ

ਟਿੱਪ ਟਿੱਪ ਵਰ੍ਹਦੀ ਰਹੀ ਬਰਸਾਤ
ਸਾਵਣ ਦੀ ਇਕ ਸਾਰੀ ਰਾਤ
ਘਰ ਦੀ ਬਾਰੀ ਖੁੱਲ੍ਹੀ ਰੱਖੀ
ਉੱਸਲ ਵੱਟੇ ਲੈ ਲੈ ਥੱਕੀ
ਮੀਟਾਂ ਅੱਖਾਂ ਫਿਰ ਖੁੱਲ੍ਹ ਜਾਵਨ
ਪਿਆਰ ਤੇਰੇ ਦੀ ਆਵੇ ਯਾਦ
ਸੱਖਣਾਂ ਘਰ ਤੇ ਸੁੰਨਾ ਵਿਹੜਾ
ਵੱਢ ਵੱਢ ਖਾਏ ਸਾਨੂੰ ਭੈੜਾ
ਰਿੜਕਾਂ ਦੁੱਧ ਭਾਵੇਂ ਚੱਕੀ ਝੋਵਾਂ
ਦੋਵੇਂ ਨੈਣੀ ਬੁੱਕ ਬੁੱਕ ਰੋਵਾਂ
ਨਾਂ ਕਿਸੇ ਦੇਖੀ ਨਾ ਹੀ ਸਮਝੀ
ਕਿਸੇ ਨਾ ਪੁੱਛੀ ਮੇਰੀ ਬਾਤ
ਦਿਨ ਚੜ੍ਹਦੇ ਕੋਠੇ ਕਾਂ ਬੋਲੇ
ਕਰਨ ਕਲੋਲਾਂ ਤੇਰੇ ਚੀਨੇ ਗੋਲੇ
ਦਾਣਾ ਪਾਵਾਂ ਕੋਲ ਬੁਲਾਵਾਂ
ਕਿਵੇਂ ਤਾਂ ਅਪਣਾ ਚਿੱਤ ਪ੍ਰਚਾਵਾਂ
ਲੱਖ ਇਸ਼ਾਰੇ ਕਰ ਕਰ ਥੱਕੀ
ਕਿਸੇ ਨਾ ਦਿੱਤਾ ਮੇਰਾ ਸਾਥ
ਟਿੱਪ ਟਿੱਪ ਵਰਦੀ ਰਹੀ ਬਰਸਾਤ
ਸਾਵਣ ਦੀ ਇਕ ਸਾਰੀ ਰਾਤ
ਬਾਲ 'ਦੀਪਕ' ਤੇਰੀ ਰੱਖਾਂ ਰਾਹ
ਤੈਨੂੰ ਮਿਲਣ ਦਾ ਚੜ੍ਹਿਆ ਚਾ।

# ਚੰਦਰੀ ਸ਼ਾਮ

ਢਲ ਜਾਵਣ ਪ੍ਰਛਾਵੇਂ ਪੂਰੇ
ਲੰਘ ਜਾਵੇ ਜਦ ਚੰਦਰੀ ਸ਼ਾਮ
ਤੇਰੇ ਨਾਲ ਮਿਲ ਬੈਠਣ ਦੀ
ਦਿਲ ਮੇਰੇ ਵਿਚ ਉਠਦੀ ਤਾਂਘ
ਝੱਟ ਲਿਆ ਤੀਲਾਂ ਦੀ ਡੱਬੀ
ਬਾਲਾਂ ਫਿਰ ਮੈਂ ਇੱਕੋ ਸੀਖ
ਲਾਵਾਂ ਮੈਂ ਦੀਵੇ ਨੂੰ ਲਾਂਬੂ
ਮਾਰ ਕੇ ਉੱਚੀ ਲੰਬੀ ਚੀਕ
ਤੂੰ ਮੇਰੇ ਜੀਵਨ ਦਾ 'ਦੀਪਕ'
ਤੂੰ ਮੇਰੀ ਅੱਖੀਆਂ ਦੀ ਲੋ
ਕਰ ਕਰ ਉੱਚੀ ਬੱਤੀ ਪਲ ਪਲ
ਰਹਾਂ ਸੋਚਦੀ ਕੋਲ ਖਲੋ
ਦੀਪਕ ਤੇਰੀ ਲੋ ਦਾ ਚਾਨਣ
ਲੋਕੀਂ ਸਾਰੇ ਬਿੰਦ ਬਿੰਦ ਮਾਨਣ
ਮੇਰੇ ਵਿਹੜੇ ਸਦਾ ਹਨੇਰਾ
ਦਿਸੇ ਨਾ ਦੋਈ ਕੰਧ ਬਨੇਰਾ
ਜਦੋਂ ਇਕੱਲੀ ਅੰਦਰ ਜਾਵਾਂ
ਖਾ ਜਾਵੇ ਮੈਨੂੰ ਪਰਛਾਵਾਂ
ਉਠਦੀ ਉਠਦੀ ਫਿਰ ਬਹਿ ਜਾਵਾਂ
ਲੱਭਣ ਲਈ ਤੇਰਾ ਸਰਨਾਵਾਂ
ਲਿਖ ਕੇ ਪਾਵਾਂ ਤੈਨੂੰ ਖੱਤ
ਆ ਜਾ ਚੰਨਾ ਤੂੰ ਝੱਟ ਪੱਟ
ਲੰਘ ਗਈ ਗਰਮੀ ਪੂਰਾ ਸਿਆਲ
ਲੰਘ ਗਈ ਫਿਰ ਇੱਕ ਚੰਦਰੀ ਸ਼ਾਮ
ਰਲ ਕੇ ਨਾਲ ਤੇਰੇ ਬੈਠਣ ਦੀ
ਦਿਲ ਮੇਰੇ ਦੀ ਮਿਟੀ ਨਾ ਤਾਂਘ

## ਤੇਰੇ ਰੂਪ ਦਾ ਪ੍ਰਛਾਵਾਂ

ਤੇਰੇ ਰੂਪ ਦਾ ਪ੍ਰਛਾਵਾਂ
ਕਰਦਾ ਐ ਪਿੱਛਾ ਜਿੱਥੇ ਜਾਵਾਂ
ਤੇਰੇ ਕੋਲੋਂ ਜੇ ਮੈਂ ਉੱਠਾਂ
ਜਕੜ ਲੈਣ ਮੈਨੂੰ ਤੇਰੀਆਂ ਬਾਹਵਾਂ
ਤੇਰੇ ਨਾਲ ਜੋ ਲਾਈ ਪ੍ਰੀਤ
ਬਣ ਬੈਠੀ ਮੇਰੀ ਜੀਵਨ ਮੀਤ
ਨਿੱਘੇ ਪਿਆਰ ਦਾ ਬਾਲ ਕੇ ਦੀਪਕ
ਨਾਲ ਰਹਿਣ ਦੀ ਪਾ ਦਿੱਤੀ ਰੀਤ
ਤੇਰੀ ਸੁਹਾਨੀ ਪ੍ਰੀਤ ਦੇ ਗੀਤ
ਹੱਸ ਹੱਸ ਹਰ ਪਲ ਸੁਣਾਂ ਤੇ ਗਾਵਾਂ
ਤੇਰੇ ਨੈਣਾਂ ਦੀ ਤਿੱਖੀ ਲੋ
ਕਰੀ ਰੱਖੇ ਮੇਰੇ ਦਿਲ ਵਿਚ ਚਾਨਣ
ਨੱਚ ਨੱਚ ਟੱਪ ਟੱਪ ਮੇਰੀਆਂ ਸੱਧਰਾਂ
ਦਿਨੇ ਰਾਤ ਪਈਆਂ ਖ਼ੁਸ਼ੀਆਂ ਮਾਨਣ
ਉਡਦੇ ਚਲਦੇ ਬੈਠੇ ਸੌਂਦੇ
ਪਿੱਛਾ ਕਰੇ ਤੇਰਾ ਪ੍ਰਛਾਵਾਂ
ਤੇਰਾ ਕੋਮਲ ਸੁੰਦਰ ਹਿਰਦਾ
ਮੇਰੇ ਉਦਾਲੇ ਰਹਿੰਦਾ ਫਿਰਦਾ
ਸੁਪਨਿਆਂ ਦੇ ਵਿਚ ਆ ਕੇ ਰੋਜ
ਰਹੇ ਵਿਆਕੁਲ ਕਰਦਾ
ਇਕ ਪਲ ਲਈ ਜੇ ਮੈਂ ਸੌਂ ਜਾਵਾਂ
ਤੇਰੀ ਛੋਹ ਦਾ ਮੈਂ ਸੁੱਖ ਪਾਵਾਂ
ਮੇਰੇ ਪਿਆਰ ਦੀਆਂ ਮਿੱਠੀਆਂ ਯਾਦਾਂ
ਕਰਦੀਆਂ ਰਹਿਣ ਸਦਾ ਫਰਿਆਦਾਂ
ਤੇਰੇ ਬਿਨਾਂ ਹੈ ਸੁੰਨਾ ਖੇੜਾ
ਭਾਂ ਭਾਂ ਕਰਦਾ ਦਿਲ ਦਾ ਵਿਹੜਾ
ਲਾਈ ਪ੍ਰੀਤ ਨਿਭਾ ਦੇ ਚੰਨਾਂ

ਤੈਨੂੰ ਸੱਦਾਂ ਮੈਂ ਅਪਣਾ ਮੰਨਾਂ
ਪਾ ਕੇ ਗਲ ਵਿਚ ਗੋਰੀਆਂ ਬਾਹਵਾਂ
ਤੂੰ ਮੇਰਾ ਮੈ ਤੇਰੀ ਬਣ ਜਾਵਾਂ।

## ਸੁੰਦਰ ਸ਼ਾਮ

ਕਿੱਦਾਂ ਦੀ ਸੀ ਸੁੰਦਰ ਸ਼ਾਮ
ਖਤ ਲਿਖਿਆ ਜਦੋਂ ਤੇਰੇ ਨਾਮ
ਤੂੰ ਮੇਰਾ ਸੁਪਨਾ ਇਕ ਕਲਪਨਾ
ਤੈਨੂੰ ਸਮਝ ਲਿਆ ਮੈਂ ਅਪਣਾ
ਤੂੰ ਇਕ ਮਧੁਰ ਮਸਤੀ ਦੀ ਵੀਨਾ
ਸਿਖਾਇਆ ਜਿਸ ਨੇ ਮੈਨੂੰ ਜੀਣਾਂ
ਤੇਰਾ ਹੁਸਨ ਤੇ ਰੂਪ ਨਿਖਾਰ
ਮਸਤੀਆਂ ਭਰੀ ਨਵੀ ਬਹਾਰ
ਤੇਰੇ ਪੈਰਾਂ ਦੀ ਛਣਕੇ ਪਾਇਲ
ਕਰੇ ਦੀਵਾਨਾ ਦਿਲ ਮੇਰਾ ਘਾਇਲ
ਤੇਰੇ ਜੋਬਨ ਦਾ ਮਸਤ ਹੁਲਾਰਾ
ਖਿੱਚ ਲੈਂਦਾ ਨਾਲੇ ਕਰੇ ਇਸ਼ਾਰਾ
ਦੂਰ ਖੜ੍ਹੀ ਕਿਉਂ ਨੇੜੇ ਆ
ਗਲ ਵਿਚ ਮੇਰੇ ਬਾਹਵਾਂ ਪਾ
ਨਵੀਂ ਆਸ਼ਾ ਦਾ ਗੀਤ ਸੁਣਾ ਦੇ
ਮਨ ਵਿਚ ਪ੍ਰੀਤ ਦਾ ਨਾਦ ਵਜਾ ਦੇ
ਮੇਰੀ ਜਵਾਨੀ ਨੂੰ ਰੰਗ ਦੇ ਉਹ ਰੰਗ
ਬਣ ਜਾਵਾਂ ਮਸਤੀ ’ਚ ਮਸਤ ਤਰੰਗ
ਤੇਰੇ ਪਿੱਛੇ ਤੁਰਦਾ ਆਵਾਂ
ਤੇਰੀ ਪ੍ਰੀਤ ਦੇ ਗੀਤ ਮੈਂ ਗਾਵਾਂ
ਮੈਂ ‘ਦੀਪਕ’ ਤੂੰ ਮੇਰੀ ਲੋਂ
ਤੈਨੂੰ ਪਿਆਰ ਵਿਚ ਲਵਾਂ ਸਮੋ

ਤੈਤੋਂ ਕਰਾਂ ਨਾ ਪਾਸੇ ਅੱਖ
ਇਕ ਪਲ ਰਹਿ ਨਾ ਸਕਾਂ ਮੈਂ ਵੱਖ
ਇਕ ਦੂਜੇ ਵਿਚ ਘੁਲ ਮਿਲ ਜਾਈਏ
ਜੋ ਦੇਖੇ ਉਹਨੂੰ ਨਜ਼ਰ ਨਾ ਆਈਏ

## ਅੱਲ੍ਹੜ ਪ੍ਰੀਤ

ਸਾਡੀ ਅੱਲ੍ਹੜ ਪ੍ਰੀਤ ਨੂੰ
ਕੀ ਪਤਾ ਸੀ ਪਿਆਰ ਦਾ
ਕੀਤੇ ਕੌਲ ਕਰਾਰ ਦਾ
ਇਕ ਦੂਜੇ ਦੇ ਇਤਬਾਰ ਦਾ
ਮਨ ਸਾਡੇ ਨੇ ਜੋ ਕਿਹਾ
ਉਹੀ ਅਸਾਂ ਨੇ ਮੰਨ ਲਿਆ
ਚੁੰਮਦੇ ਪੈੜਾਂ ਤੇਰੀਆਂ
ਕਦੀ ਅਸਾਂ ਨਾ ਦਮ ਲਿਆ
ਨਾਲ ਹੰਝੂਆਂ ਸਿੰਜਦੇ ਰਹੇ
ਬੂਟਾ ਤੇਰੇ ਪਿਆਰ ਦਾ
ਦੁੱਖਾਂ ਨੇ ਘੇਰੀ ਰੱਖਿਆ
ਸੁੱਖ ਦਾ ਪਲ ਨਾ ਦੇਖਿਆ
ਮਜਾ ਜੁਦਾਈ ਦਾ ਚੱਖਿਆ
ਦੇਖ ਰਾਹਾਂ ਤੇਰੀਆਂ
ਦਸ ਕਿਵੇਂ ਹੁਣ ਕੱਢੀਏ
ਪਲ ਪਲ ਤੇਰੇ ਇੰਤਜ਼ਾਰ ਦਾ
ਕਈ ਗਰਮ ਮਹੀਨੇ ਲੰਘ ਗਏ
ਸਾਨੂੰ ਸਿਆਲੇ ਡੰਗ ਗਏ
ਦਿਨ ਤੱਤੇ ਰਾਤਾਂ ਲੰਬੀਆਂ
ਸਾਂਭ ਸਾਂਭ ਅਸਾਂ ਰੱਖਿਆ
ਤੁਹਫਾ ਤੇਰੇ ਇਕਰਾਰ ਦਾ

# ਮਿੱਤਰਤਾ

ਮਿੱਤਰਤਾ ਦੇ ਦੋ ਫਾੜ ਫੜਾਂ ਵਿਚ
ਮੈਂ ਹਾਂ ਪ੍ਰੇਮ ਦੀ ਇਕ ਲਕੀਰ
ਜਿਸ ਨੂੰ ਕੋਈ ਦੜ ਸਕੇ ਨਾਂ
ਨਾਂ ਸਕਦਾ ਕੋਈ ਇਸ ਨੂੰ ਚੀਰ
ਪਿਆਰ ਮੁਹੱਬਤ ਦਾ ਮੈਂ ਦਰਵਾਜਾ
ਹਰ ਤਪਦੇ ਤੇ ਸੜਦੇ ਮਨ ਨੂੰ
ਮਾਰਾਂ ਸੈਨਤਾਂ ਆਖਾਂ ਆ ਜਾ
ਲੰਘਿਆ ਅੰਦਰ ਨਾ ਸ਼ਰਮਾ
ਸੱਚੇ ਪ੍ਰਮ ਦੀ ਸ਼ਮਾ ਬਣਕੇ
ਨ੍ਹੇਰ ਦਿਲਾਂ ਵਿਚ ਚਾਨਣ ਪਾ
ਅੱਖਾਂ ਚੁਕ ਵੇਖ ਮੇਰੇ ਵੱਲ
ਕਲਯੁੱਗ ਦਾ ਮੈਂ ਹਾਂ ਫਕੀਰ
ਮਿੱਤਰਤਾ ਦੇ ਦੋ ਫਾੜ ਫੜਾ ਵਿਚ
ਮੈਂ ਹਾਂ ਪ੍ਰੇਮ ਦੀ ਇਕ ਲਕੀਰ

ਹਰ ਔਕੜ ਹਰ ਆਫਤ ਦੇ ਵਿਚ
ਸਿਰ ਚੁੱਕ ਕੇ ਮੈਂ ਰਿਹਾ ਖਲੋਤਾ
ਘਰ ਦੀ ਇੱਜ਼ਤ ਸ਼ਰਾਫਤ ਬਦਲੇ
ਭਾਵੇਂ ਰਿਹਾ ਹਮੇਸ਼ਾ ਔਖਾ
ਹਰ ਆਏ ਦਾ ਆਦਰ ਕੀਤਾ
ਨਹੀਂ ਬਦਲੀ ਅਪਣੀ ਤਾਸੀਰ
ਮਿਤਰਤਾ ਦੇ ਦੋ ਫਾੜ ਫੜਾ ਵਿਚ
ਮੈਂ ਹਾਂ ਪ੍ਰੇਮ ਦੀ ਇਕ ਲਕੀਰ
ਯਾਰ ਦੋਸਤ ਮਿੱਤਰ ਪਿਆਰੇ
ਕਹਿੰਦੇ ਜੋ ਅਸੀਂ ਤੇਰੇ ਸਹਾਰੇ
ਬਦਲ ਗਏ ਸਭ ਐਵੇਂ ਅੱਖਾਂ
ਕੀ ਹੋਇਆ ਮੈਂ ਕੀ ਹੁਣ ਦੱਸਾਂ

ਸੁੰਦਰ ਮੁੱਖੜੇ ਕੋਝੀ ਤਸਵੀਰ
ਬਦਲ ਗਈ ਦੇਖੋ ਤਕਦੀਰ
ਮਿੱਤਰਤਾ ਦੇ ਦੋ ਫਾੜ ਫੜਾ ਵਿਚ
ਮੈਂ ਹਾਂ ਪ੍ਰੇਮ ਦੀ ਇਕ ਲਕੀਰ
ਜਿਸ ਨੂੰ ਕੋਈ ਦੜ ਸਕੇ ਨਾਂ
ਨਾ ਸਕਦਾ ਕੋਈ ਇਸ ਨੂੰ ਚੀਰ

## ਰੂਪ ਗੰਵਾਇਆ

ਐਤਕਾਂ ਸਾਵਣ ਝਾਤੀ ਪਾ ਕੇ
ਐਵੇਂ ਅਪਣਾ ਰੂਪ ਗੰਵਾਇਆ
ਵਗੇ ਜਦੋਂ ਹੁਣ ਵਾ ਪੁਰੇ ਦੀ
ਲੋਕੀ ਕਹਿਣ ਫਿਰ ਸਾਵਣ ਆਇਆ

ਰਹੇ ਨੱਢੀਆਂ ਦੇ ਚਾ ਅਧੂਰੇ
ਨਾ ਹੋਏ ਸ਼ਗਨ ਸੁਹਾਗਾਂ ਦੇ ਪੂਰੇ
ਫਿੱਕੀ ਲੱਗੇ ਪਿੱਪਲਾਂ ਦੀ ਛਾਂ
ਕਿਵੇਂ ਲਈਏ ਸਾਵਣ ਦਾ ਨਾਂ
ਮਨ ਸਾਡਾ ਰਿਹਾ ਕੁਰਲਾਇਆ
ਸਾਰੀ ਰੁੱਤੇ ਨਸ਼ਾ ਨਹੀਂ ਆਇਆ
ਐਤਕਾਂ ਸਾਵਣ ਝਾਤੀ ਪਾ ਕੇ
ਐਵੇਂ ਅਪਣਾ ਰੂਪ ਗੰਵਾਇਆ
ਵਗੇ ਜਦੋਂ ਹੁਣ ਵਾ ਪੁਰੇ ਦੀ
ਲੋਕੀ ਕਹਿਣ ਫਿਰ ਸਾਵਣ ਆਇਆ

ਕਿਸੇ ਟਹਿਣੇ ਨਾ ਪੀਂਘਾਂ ਪਈਆਂ
ਨਿੰਮੋਂ ਝੂਣੀਆਂ ਰਹੀਆਂ ਤੀਆਂ
ਨਾਂ ਕਿਸੇ ਵੀਰੇ ਨਾ ਕਿਸੇ ਮਾਂ

ਫੇਰਾ ਪਾਇਆ ਮੇਰੇ ਗਿਰਾਂ
ਮਨ ਸਾਡਾ ਰਿਹਾ ਕੁਮਲਾਇਆ
ਸਾਰੀ ਰੁੱਤੇ ਨਸ਼ਾ ਨਹੀਂ ਆਇਆ
ਐਤਕਾਂ ਸਾਵਣ ਝਾਤੀ ਪਾ ਕੇ
ਐਵੇਂ ਆਪਣਾ ਰੂਪ ਗੰਵਾਇਆ

ਹਰ ਸ਼ਾਮ ਹਰ ਰਾਤ ਤੇ ਤੜਕੇ
ਦਿਲ ਦੀ ਹਰ ਧੜਕਨ ਵਿਚ ਰੜਕੇ
ਗੁੱਝਾ ਪ੍ਰੇਮ ਦਾ ਰੋਗ ਲੁਕਾਇਆ
ਜਦੋਂ ਦਾ ਮਾਹੀ ਘਰ ਨਹੀਂ ਆਇਆ
ਐਤਕਾਂ ਸਾਵਣ ਝਾਤੀ ਪਾ ਕੇ
ਐਵੇਂ ਅਪਣਾ ਰੂਪ ਗੰਵਾਇਆ
ਵਗੇ ਜਦੋਂ ਹੁਣ ਵਾ ਪੁਰੇ ਦੀ
ਲੋਕੀ ਕਹਿਣ ਫਿਰ ਸਾਵਣ ਆਇਆ

## ਛੱਡ ਕੇ ਅੜੀਆਂ

ਐਤਕਾਂ ਸਾਵਣ ਛੱਡ ਕੇ ਅੜੀਆਂ
ਰੱਜ ਰੱਜ ਲਾਈਆਂ ਝੜੀਆਂ
ਰਿਮ-ਝਿਮ ਰਿਮ-ਝਿਮ ਪਈ ਫੁਆਰ
ਖੇੜੇਆਂ ਲਾਈ ਨਵੀਂ ਬਹਾਰ
ਹੋ ਗਈਆਂ ਠੰਢੀਆਂ ਪਿਪਲਾਂ ਦੀਆਂ ਛਾਵਾਂ
ਝੂਟਾਂ ਪੀਂਘਾਂ ਨਾਲੇ ਗਾਵਾਂ
ਨਿਕ ਸੁਕ ਮੱਠੀਆਂ ਦਾਖ ਛੁਹਾਰੇ
ਭਰ ਕੇ ਮਾਵਾਂ ਵਿਚ ਪਟਾਰੇ
ਤੋਰ ਤੇ ਭੈਣਾਂ ਦੇ ਵੀਰ ਸਰਦਾਰ
ਕਰਨ ਲਈ ਪੂਰੇ ਕੌਲ ਕਰਾਰ
ਮੱਧਮ ਪੈ ਗਈਆਂ ਧੁੱਪਾਂ ਸੜੀਆਂ

ਐਤਕਾਂ ਸਾਵਣ ਛੱਡ ਕੇ ਅੜੀਆਂ
ਰੱਜ ਰੱਜ ਲਾਈਆਂ ਝੜੀਆਂ

ਵਹੁਟੀਆਂ ਪਾ ਸ਼ਗਨਾਂ ਦੇ ਜੋੜੇ
ਨੱਚ ਨੱਚ ਹੱਸ ਹੱਸ ਪਾਵਣ ਲੋਹੜੇ
ਕਰਨ ਲਈ ਸਭ ਪੂਰੀਆਂ ਰੀਝਾਂ
ਮੰਨੀਆਂ ਸਾਂਵੀ ਤੀਆਂ ਤਰੀਜਾਂ
ਰਲ ਮਿਲ ਵੰਡਣ ਪ੍ਰੀਤ ਪਿਆਰ
ਨਿਖਰਿਆ ਸਭ ਦਾ ਰੂਪ ਸ਼ਿੰਗਾਰ
ਰਲ ਮਿਲ ਜਦੋਂ ਤ੍ਰਿੰਞਣ ਵਿਚ ਵੜੀਆਂ
ਐਤਕਾਂ ਸਾਵਣ ਛੱਡ ਕੇ ਅੜੀਆਂ
ਰੱਜ ਰੱਜ ਲਾਈਆਂ ਝੜੀਆਂ

ਵੇਖ ਕੇ ਤੜਕੇ ਵਸਦਾ ਸਾਵਣ
ਪਿਆਰ ਸਜਰੇ ਦੀਆਂ ਔਂਸੀਆਂ ਪਾਵਣ
ਹੰਝੂ ਪੂੰਝਣ ਤੇ ਕੁਰਲਾਵਣ
ਹਰਿਆ ਸਾਵਣ ਲੰਘਦਾ ਜਾਵੇ
ਕਹੋ ਸਹੀਓ ਘਰ ਮਾਹੀ ਆਵੇ
ਗਲ ਵਿਚ ਸਾਡੇ ਪਾ ਕੇ ਬਾਹਵਾਂ
ਰੱਜ ਰੱਜ ਕਰੇ ਪਿਆਰ
ਸਾਵਣ ਮਹੀਨੇ ਛਡ ਕੇ ਅੜੀਆਂ
ਮਾਣੇ ਰੱਜ ਰੱਜ ਝੜੀਆਂ

# ਮਹੀਨਾ ਸਾਵਣ ਦਾ

ਆਇਆ ਮਹੀਨਾ ਸਾਵਣ ਦਾ
ਬਿੰਡਿਆਂ ਦੇ ਚੁੱਪ ਹੋਵਨ ਦਾ
ਕਾਲੀ ਕੋਇਲ ਦੀਆਂ ਕੂਕਾਂ ਦਾ
ਤੇ ਸਾਡਾ ਜੀ ਤਰਸਾਵਨ ਦਾ
ਬਨ ਵਿਚ ਪਪੀਹਾ ਬੋਲਦਾ
ਮਿੱਠੇ ਗੀਤਾਂ ਦੇ ਰਸ ਘੋਲਦਾ
ਬਿਰਹਾ ਦੇ ਦੁੱਖ ਫੋਲਦਾ
ਬਿਰਹਾ ਦੇ ਦੁੱਖ ਫੋਲਦਾ
ਰਾਹ ਮਲਕੇ ਤੇਰੇ ਆਵਨ ਦਾ
ਆਏ ਘਟਾ ਕਾਲੀ ਘੰਨਘੋਰ
ਪੈਲਾਂ ਪਾਉਂਦੇ ਨੱਚਦੇ ਮੋਰ
ਅੰਬੀਆਂ ਤੇ ਰੋ ਦੁੱਖੜੇ ਦੱਸਦੀ
ਬਿਰਹਾ ਸਾੜੀ ਕਾਲੀ ਕੋਇਲ
ਵਗੇ ਹਵਾ ਭਰਦੀ ਫੱਰਾਟੇ
ਗੁੰਮ ਸੁੰਮ ਹੋ ਗਏ ਸਭ ਸੱਨਾਟੇ
ਰੁਕ ਗਏ ਰਾਹੀ ਚਲਦੇ ਬਾਟੇ
ਦੇਖ ਬਰਖਾ ਦਾ ਜ਼ੋਰ
ਖੜ ਖੜ ਕਰਦੇ ਪਿਪਲਾਂ ਦੇ ਪੱਤੇ
ਧੂ ਧੂ ਖਿੱਚਾਂ ਨਾ ਜਾਂਦੇ ਡੱਕੇ
ਹਰੀ ਭਰੀ ਤੂਤਾਂ ਦੀ ਛਾਵੇਂ
ਰਾਹ ਤੱਕਦੀ ਢਲ ਗਏ ਪ੍ਰਛਾਵੇਂ
ਨਾ ਲੱਗਾ ਪਤਾ ਤੇਰੇ ਆਵਣ ਦਾ
ਉੱਖੜਿਆ ਜੀ ਪ੍ਰਚਾਵਨ ਦਾ
ਇਸ ਸਾਵਣ ਦੀ ਸਾਰੀ ਰੁੱਤੇ
ਨਾ ਇਕੱਠੇ ਰਲ ਮਿਲ ਸੁੱਤੇ
ਲੱਖ ਤਸੀਹੇ ਸਾਨੂੰ ਦਿੱਤੇ
ਕਰ ਕਰ ਚਨਾਂ ਝੂਠੇ ਵਾਅਦੇ
ਕੀ ਫਾਇਦਾ ਜੀ ਭਰਵਾਵਣ ਦਾ

## ਪੱਤਝੜ

ਪੱਤਝੜ ਜੇ ਆ ਗਈ ਤਾਂ
ਆਊ ਬਹਾਰ ਵੀ
ਦੋ ਦਿਲ ਜੇ ਮਿਲ ਗਏ ਤਾਂ
ਹੋ ਜਾਊ ਪਿਆਰ ਵੀ
ਸਾਵਣ ਦੀ ਸ਼ੋਖ ਘਟਾ ਨੂੰ
ਮੈਂ ਹਾਂ ਉਡੀਕਦੀ
ਚਲ ਪਈ ਜੇ ਪੁਰਵਾਈ
ਕਰ ਲਊ ਸ਼ਿੰਗਾਰ ਵੀ
ਉਸਦੇ ਨਸ਼ੀਲੇ ਨੈਣਾਂ ਦਾ
ਹੈ ਹਰ ਤਰਫ ਜਾਦੂ
ਉਸ ਦਾ ਨਜ਼ਰ ਜੇ ਮਿਲ ਗਈ
ਹੋ ਜਾਉ ਦੀਦਾਰ ਵੀ
ਭਰ ਭਰ ਕੇ ਪਿਆਲਾ ਪਿਆਰ ਦਾ
ਦੇਵਨ ਲਈ ਪਿਆਸਿਆਂ ਨੂੰ
ਲਾਹ ਕੇ ਅਪਣੀ ਸੰਗ
ਹੈ ਸਾਕੀ ਤਿਆਰ ਵੀ
ਸੱਚੀ ਪ੍ਰੀਤ ਨਿਭਾਉਣ ਦਾ
ਫਿਰ ਦੇ ਕੇ ਪੱਕਾ ਵਾਅਦਾ
ਛੇੜਨਗੇ ਮਧੁਰ ਵੀਨਾ
ਟੁੰਬ ਕੇ ਹਰ ਤਾਰ ਵੀ
ਉਸਦੀ ਸੱਚੀ ਪ੍ਰੀਤ ਦੇ
ਅਸੀਂ ਦੀਵਾਨੇ ਹੋ ਗਏ
ਸਜਦੇ 'ਦੀਪਕ' ਕਰ ਰਹੇ
ਪਿਆਰ ਵੀ ਸਤਿਕਾਰ ਵੀ

## ਦੀਪਕ ਮਜ਼ਦੂਰ

ਕੜਕੇ ਧੁੱਪ ਗਰਮੀ ਸੀ ਕਹਿਰ
ਕੰਮ ਰਕਦੇ ਬੀਤੇ ਦੋ ਪਹਿਰ
ਚੁੱਕ ਚੁੱਕ ਇੱਟਾਂ ਜਿੰਦ ਨਿਮਾਣੀ
ਢਿੱਡੋਂ ਭੁੱਖਾ ਨਾ ਪੀਤਾ ਪਾਣੀ
ਪੌੜੀ ਚੜ੍ਹਦੇ ਧੜਕਨ ਪੈਰ
ਅਪਣੀ ਸੀਤਾ ਦੀ ਮੰਗਾਂ ਖੈਰ
ਬੜੇ ਸਾਹਿਬ ਦਾ ਬਣੇ ਮਕਾਨ
ਸਭ ਤੋਂ ਸੋਹਣਾ ਲਿਆਂਦਾ ਸਾਮਾਨ
ਕੰਮ ਕਰਦਿਆਂ ਬੀਤੇ ਦੋ ਸਾਲ
ਪਿਛਲੀ ਗਰਮੀ ਤੇ ਸਿਆਲ
ਕੁੱਲੀ ਕੱਖਾਂ ਦੇ ਸਹਾਰੇ
ਲੰਘ ਗਏ ਦਿਨ ਚੰਗੇ ਸਾਰੇ
ਤੱਤੀ ਲੂ ਮੇਰਾ ਪਿੰਡਾ ਫੰਡੇ
ਗਿਣਦਾ ਜਾਵਾਂ ਪੌੜੀ ਦੇ ਡੰਡੇ
ਸਿਰ ਤੇ ਇੱਟਾਂ ਹੱਥ ਡੰਡੇ ਪਾਵਾਂ
ਵੱਡੇ ਸਾਹਿਬ ਦੇ ਗੁਣ ਗਾਵਾਂ
ਕੰਮ ਲੈਂਦਾ ਹੱਥ ਫੜ ਕੇ ਸੋਟੀ
ਦੇ ਦੇਂਦਾ ਦੋ ਟੈਮ ਦੀ ਰੋਟੀ
ਸ਼ਾਮ ਪਵੇ ਜਦੋਂ ਢਲੇ ਪ੍ਰਛਾਵਾਂ
ਹੱਸਦਾ ਹੱਸਦਾ ਮੈਂ ਘਰ ਆਵਾਂ
ਲੈ ਆਇਆ ਆਟਾ ਮਸਰਾਂ ਦੀ ਦਾਲ
ਤੋੜਨ ਲਈ ਤੇਰੀ ਭੁੱਖ ਦਾ ਕਾਲ
ਯਾਦ ਹੈ ਮੈਨੂੰ ਸੀ ਜਦੋਂ ਤੂੰ ਆਈ
ਏਸੇ ਝੁੱਗੀ ਵਿਚ ਪਰਨਾਈ
ਹੱਥ ਵਿਚ ਵੰਗਾਂ ਸਿਰ ਤੇ ਸਾਲੂ
ਸੋਹਣੀ ਲੱਗਦੀ ਸੀ ਸਜ ਵਿਆਹੀ
ਪੂਰੇ ਹੋਏ ਨਹੀਂ ਦੋ ਸਾਲ

ਕਰ ਦਿੱਤਾ ਤੇਰਾ ਮੈਂ ਮੰਦਾ ਹਾਲ
ਤੇਰੇ ਮਨ ਦੀਆਂ ਖੁਸ਼ੀਆਂ ਤੇ ਚਾ
ਦੇਖ ਮੈਂ ਦਿੱਤੇ ਕਿਵੇਂ ਮੁਕਾ
ਸਬਰ ਮੇਰੇ ਦੀ ਬਣ ਕੇ ਢਾਲ
ਜੀ ਰਹੀ ਸੀਤਾ ਮੇਰੇ ਨਾਲ
ਪਿਆਰ ਮੇਰੇ ਚੋ ਤੂੰ ਕੀ ਖੱਟਿਆ
ਪਾਈ ਫਿਰੇਂ ਗਲ ਕੁੜਤਾ ਫਟਿਆ
ਉੱਡ ਗਈ ਤੇਰੇ ਹੁਸਨ ਦੀ ਲਾਲੀ
ਸੱਖਣੇ ਕੰਨ ਤੇਰੇ ਹੱਥ ਖਾਲੀ
ਗਮ ਤੇਰੇ ਮੈਨੂੰ ਹਰ ਪਲ ਖਾਵੇ
ਜਦੋਂ ਦੀ ਆਈ ਸੀਤਾ ਮੁਕਲਾਵੇ
ਕੰਬਣ ਹੱਥ ਜਦੋਂ ਚੁੱਕਾਂ ਇੱਟਾਂ
ਥਿੜਕਨ ਪੈਰ ਜਦੋਂ ਉੱਪਰ ਸਿੱਟਾਂ
ਮੰਗਦਾ ਰਿਹਾ ਤੇਰੀ ਹਰਦਮ ਖੈਰ
ਜਦੋਂ ਚੁੱਕਾਂ ਡੰਡੇ ਤੋ ਪੈਰ
ਕਰ ਦੇਉਂ ਪੂਰੀਆਂ ਤੇਰੀਆਂ ਰੀਝਾਂ
ਹਰੇ ਘੱਘਰੇ ਤੇ ਲਾਲ ਕਮੀਜਾਂ
ਜਦੋਂ ਆਊ ਅੱਜ ਵੱਡਾ ਸਾਹਿਬ
ਕਰ ਲੈਨਾਂ ਹੈ ਸਾਰਾ ਹਿਸਾਬ
ਸੋਚਦੇ ਸਭ ਕੁਛ ਹੱਥ ਡੰਡੇ ਪਾਇਆ
ਸਿਰ ਪਰਨੇ ਧਰਤੀ ਤੇ ਆਇਆ
ਸਾਹਿਬ ਨਾਲ ਹਿਸਾਬ ਮੁਕਾਇਆ
ਅੱਖਾਂ ਬੰਦ ਫਿਰ ਸਾਹ ਨਹੀਂ ਆਇਆ
ਨਹੀਂ ਨਿਭਿਆ ਜੋ ਵਾਅਦਾ ਕੀਤਾ
ਕੱਲੀ ਰਹਿ ਗਈ ਰਾਮ ਦੀ ਸੀਤਾ
ਤੇਰੀ ਦੁਨੀਆ ਤੋਂ ਹੋ ਜਮਬੂਰ
ਤੁਰ ਗਿਆ ਅੱਜ 'ਦੀਪਕ' ਮਜ਼ਦੂਰ

# ਕਵਿਤਾ ਨੂੰ ਲਾ ਕੇ ਖੰਭ

ਜੇ ਕਵਿਤਾ ਨੂੰ ਲਾ ਕੇ ਖੰਭ
ਆਖਾਂ ਉੱਚੀ ਲਾ ਉਡਾਰੀ
ਖੋਲ ਕੇ ਅਣਖਾਂ ਭਰੀ ਪਟਾਰੀ
ਧਰਤੀ ਦੀ ਹਿੱਕ ਜੋ ਢੱਕਿਆ
ਕਰ ਦੇਵੇਂ ਉਹ ਨ੍ਹੇਰਾ ਦੂਰ
ਦੱਸੋ ਕੀ ਇਹ ਹੋ ਸਕਦਾ ਹੈ?

ਜੇ ਕਵਿਤਾ ਨੂੰ ਲਾ ਕੇ ਖੰਭ
ਆਖਾਂ ਉੱਚੀ ਲਾ ਉਡਾਰੀ
ਖੋਲ ਕੇ ਅਣਖਾਂ ਭਰੀ ਪਟਾਰੀ
ਲਿਆ ਤੋੜ ਕੇ ਨਵੇਂ ਸਿਤਾਰੇ
ਜਿਨ੍ਹਾਂ ਨੂੰ ਮਾਨਵਤਾ ਸਤਿਕਾਰੇ
ਵੰਡ ਵੰਡ ਚੱਪੇ ਚੱਪੇ ਨੂਰ
ਟੁੰਬ ਦੇਵੇ ਨਿਰਬਲ ਮਜਬੂਰ
ਦੱਸੋ ਕੀ ਇਹ ਹੋ ਸਕਦਾ ਹੈ?

ਜੇ ਕਵਿਤਾ ਨੂੰ ਲਾ ਕੇ ਖੰਭ
ਆਖਾਂ ਉੱਚੀ ਲਾ ਉਡਾਰੀ
ਖੋਲ ਕੇ ਅਣਖਾਂ ਭਰੀ ਪਟਾਰੀ
ਲਿਆ ਲਭ ਕੇ ਪਿਆਰ ਦੇ ਗੀਤ
ਜੋ ਮੈਂ ਗਾ ਗਾ ਹਰ ਸਵੇਰੇ
ਕਰਾਂ ਉਜਾਗਰ ਗੁਰੂਆਂ ਦੀ ਰੀਤ
ਦੱਸੋ ਕੀ ਇਹ ਹੋ ਸਕਦਾ ਹੈ?

ਜੇ ਕਵਿਤਾ ਨੂੰ ਲਾ ਕੇ ਖੰਭ
ਆਖਾਂ ਉੱਚੀ ਲਾ ਉਡਾਰੀ
ਖੋਲ ਕੇ ਅਣਖਾਂ ਭਰੀ ਪਟਾਰੀ

ਕੱਛ ਕੇ ਤੂੰ ਸਾਰਾ ਆਕਾਸ਼
ਹੱਸਦੇ ਵਸਦੇ ਘਰਾਂ ਨੂੰ ਦੱਸ ਦੇ
ਨਾ ਹੋਵੋ ਹੁਣ ਤੁਸੀਂ ਨਿਰਾਸ਼
ਨਵੀਂ ਸਵੇਰ ਹੈ ਆਉਣ ਵਾਲੀ

ਹੋ ਜਾਣਾ ਸੂਰਜ ਦਾ ਪ੍ਰਕਾਸ਼
ਜ਼ੁਲਮ ਸਿਤਮ ਨੇ ਮਿਟ ਜਾਣਾ
ਗੁਰੂ ਪੀਰਾਂ ਦਾ ਵੱਡ ਪ੍ਰਤਾਪ
ਟੁਕੜੇ ਟੁਕੜੇ ਘਿਸ ਘਿਸ ਕੇ
ਮੁਕ ਜਾਣਾ ਧਰਤੀ ਤੋਂ ਪਾਪ
ਦੱਸੋ ਕੀ ਇਹ ਨਹੀਂ ਹੋ ਸਕਦਾ?

ਜੇ ਕਵਿਤਾ ਨੂੰ ਲਾ ਕੇ ਖੰਭ
ਆਖਾਂ ਉੱਚੀ ਲਾ ਉਡਾਰੀ
ਕਿਹ ਦੇ ਹਿੰਦੂ ਮੁਸਲਿਮ ਸਿੱਖ ਭਰਾਓ
ਸਾਂਝਾ ਪਿਆਰ ਦਾ ਦੀਪ ਜਗਾਓ
ਛੱਡ ਕੇ ਵਿਤਕਰੇ ਮਜ਼ਹਬੀ ਫੰਦੇ
ਦੇਸ਼ ਆਪਣਾ ਸਵਰਗ ਬਣਾਓ

## ਹੀਰ ਸਲੇਟੀ

ਅੱਜ ਸਵੇਰੇ ਸੁਪਨੇ ਦੇ ਵਿਚ
ਹੀਰ ਸਲੇਟੀ ਆਈ
ਸਿਰ ਉਤੇ ਸੀ ਲਾਲ ਡੋਰੀਆ
ਪੈਰੀਂ ਤਾਰਿਆਂ ਵਾਲੀ ਜੁੱਤੀ
ਦੇਖ ਕੇ ਆਸੇ ਪਾਸੇ ਫਿਰ ਉਹ
ਇਕ ਪਲ ਲੱਕ ਮਟਕਾ ਕੇ ਰੁਕੀ
ਕਦੋਂ ਦਾ ਸੁੱਤਾ ਪਿਆ ਹੈ ਰਾਂਝਿਆ

ਨੀਂਦ ਤੇਰੀ ਕੀ ਹੋਈ ਨਹੀਂ ਪੂਰੀ
ਅੱਖਾਂ ਮਲ ਮਲ ਬਿਟ ਬਿਟ ਦੇਖੇਂ
ਆਹ ਲੈ, ਤੇਰੀ ਲਿਆਈ ਚੂਰੀ
ਕਿਹਾ ਹੀਰੇ ਕੋਲ ਬੈਠ ਜਾ
ਥੱਕ ਗਿਆ ਤੱਕਦਾ ਤੇਰੀ ਰਾਹ
ਦੇਖ ਕਾਲਜਾ ਧੱਕ ਧੱਕ ਕਰਦਾ
ਰਲਦਾ ਨਹੀਓਂ ਸਾਹ ਨਾਲ ਸਾਹ
ਤੇਰੇ ਹਿਜਰ ਨੇ ਡੰਗ ਲਿਆ ਮੈਨੂੰ
ਪਿੰਜਰ ਵਿਚ ਨਹੀਂ ਰਿਹਾ ਕੱਖ
ਦੂਰ ਖਲੋਤੀ ਕਿਉਂ ਪਈ ਹੱਸੇ
ਨੇੜੇ ਆ ਕੇ ਜ਼ਰਾ ਕੁ-ਤੱਕ
ਉੱਡ ਗਏ ਖੰਭ ਲਾ ਕੇ ਸਾਰੇ
ਕੀਤੇ ਸਨ ਜੋ ਕੌਲ ਕਰਾਰ
ਸੱਚੀ ਇਸ਼ਕ ਦੀ ਬਾਜ਼ੀ ਜਿੱਤ ਕੇ
ਡਿੱਗ ਪਿਆ ਤੇਰਾ ਰਾਂਝਣ ਯਾਰ
ਐਵੇਂ ਰਾਂਝਿਆ ਦਿਲ ਨਾ ਛੱਡੀਂ
ਮੈਂ ਆਵਾਂਗੀ ਰੋਜ ਤੇਰੇ ਕੋਲ
ਤੱਕਣ ਲਈ ਤੇਰਾ ਸੁੰਦਰ ਮੁਖੜਾ
ਸੁਣਨ ਲਈ ਤੇਰੇ ਮਿੱਠੇ ਬੋਲ
ਜਦ ਤੱਕ ਤੇਰਾ ਨਾਂ ਹੈ 'ਦੀਪਕ'
ਆਊਂਗੀ ਬਣਕੇ ਤੇਰੀ ਹੀਰ
ਅੱਗ ਇਸ਼ਕ ਦੀ ਸਾੜਿਆ ਮੈਨੂੰ
ਲੱਗੀ ਕਲੇਜੇ ਗੁੱਝੀ ਪੀੜ

## ਕਲਪਨਾ-1995 ਦਸੰਬਰ

ਇਸ ਵਰ੍ਹੇ ਸਰਦੀ ਦੀ ਰੁੱਤੇ
ਸਾਰੀ ਰਾਤ ਨਾ ਇਕ ਪਲ ਸੁਤੇ
ਮੁੜ ਮੁੜ ਆਇਆ ਇਹੋ ਖਿਆਲ
ਕਿਵੇਂ ਲੰਘੂਗਾ ਐਤਕਾਂ ਸਾਲ
ਉਮਰੋਂ ਲੰਮੀਆਂ ਠੰਢੀਆਂ ਰਾਤਾਂ
ਸੁੰਨੀਆਂ ਸ਼ਾਮਾਂ ਤੇ ਪ੍ਰਭਾਤਾਂ
ਪਟਦਾ ਡੀਂਘਾਂ ਮਾਰਕੇ ਛਾਲ
ਟੱਪ ਗਿਆ ਸੀ ਪਿਛਲਾ ਸਾਲ
ਗਰਮੀਆਂ ਕਈ ਤੇ ਠੰਢੀਆਂ ਰਾਤਾਂ
ਕਈ ਸ਼ਾਮਾਂ ਤੜਕੇ ਪ੍ਰਭਾਤਾਂ
ਲੰਘ ਜਾਣੀਆਂ ਤੱਕਦੇ ਤਕਦੇ
ਪਾਉਂਦਾ ਇਕ ਦੂਜੇ ਨਾਲ ਬਾਤਾਂ
ਕਿੰਨਾ ਅੱਛਾ ਹੈ ਇਹ ਜੀਵਨ
ਕਿੰਨਾ ਸੁੰਦਰ ਹੈ ਇਹ ਸੂਰਜ
ਤੁਰ ਗਿਆ ਛਡ ਵਲ ਪੱਛਮ ਦੇ
ਚਾਨਣ ਕਰਨ ਲਈ ਉਥੇ ਪੂਰਬ
ਦੁਨੀਆਂ ਹੈ ਇਕ ਖੇਲ ਤਮਾਸ਼ਾ
ਇਕ ਪਲ ਆਸ ਫਿਰ ਨਿਰਾਸ਼ਾ
ਗੱਲਾਂ ਕਰਦੇ ਆਇਆ ਖਿਆਲ
ਨੀਰੂ ਤਾਂ ਹੈ ਅਜੇ ਸਾਡੇ ਨਾਲ
ਤੁਹਾਡੀਆਂ ਮਿਠੀਆਂ ਯਾਦਾਂ ਸਦਕੇ
ਲੰਘ ਜਾਊਗਾ ਇਹ ਵੀ ਸਾਲ
ਖੁਸ਼ ਰਹੋ ਬੱਚਿਓ ਮਿਹਰਬਾਨੋ
ਹੱਸ ਹੱਸ ਤੁਸੀਂ ਜਵਾਨੀਆਂ ਮਾਣੋ
ਸ਼ੁਭ ਇਛਾਵਾਂ ਤੁਹਾਡੇ ਨਾਲ
ਜਿਉਂਦੇ ਰਹੋ ਤੁਸੀਂ ਲੱਖ ਸਾਲ

## ਦੋਸਤੀ

ਦੋਸਤਾਂ ਦੀ ਦੋਸਤੀ ਕਿਉਂ ਹੋ ਰਹੀ ਹੈ ਬੇ-ਅਸਰ
ਰੱਖਣ ਅੱਖਾਂ ਨੀਵੀਆਂ ਟੇਢੀ ਝੁਕੀ ਤਿਰਛੀ ਨਜ਼ਰ
ਦੋ ਤੇ ਸੱਤ ਮਿਲ ਕੇ ਹੀ ਤਾਂ ਦੋਸਤੀ ਨੂੰ ਮਿਲਦਾ ਹੈ ਮਾਨ
ਦੋਸਤੀ ਦੀ ਸ਼ਕਤੀ ਸਦਕੇ ਦੋਸਤੀ ਦੀ ਉੱਚੀ ਸ਼ਾਨ
ਸਾਂਝੇ ਸੱਚੇ ਪਿਆਰ ਦੀ ਜਦੋਂ ਲਗ ਜਾਏ ਲਗਨ
ਦੋਸਤਾਂ ਦੀ ਦੋਸਤੀ ਖਿੜਾ ਦੇਵੇ ਉਥੇ ਚਮਨ
ਦੋਸਤੀ ਦੇ ਸਦਕੇ ਹੀ ਟਿਕਿਆ ਰਹਿੰਦਾ ਹੈ ਈਮਾਨ
ਰਹੇ ਫੁੱਲਾਂ ਵਾਂਗ ਮਹਿਕਦਾ, ਇਨਸਾਨੀਅਤ ਦਾ ਉੱਚਾ ਨਿਸ਼ਾਨ
ਪਤਾ ਨਹੀਂ ਪਰ ਦੋਸਤੀ, ਕਿਉਂ ਹੋ ਰਹੀ ਹੈ ਬੇਸਬਰ
ਵੱਧ ਚੁੱਕੇ ਨੇ ਮੰਜ਼ਲਾਂ ਤੇ ਕਈ ਦੋਸਤੀ ਦੇ ਕਾਫਲੇ
ਪਾ ਗਏ ਨੇ ਫਰਕ ਵੱਡੇ ਔਕੜਾਂ ’ਚ ਫਾਸਲੇ
ਕਰਕੇ ਸਿਰ ਉੱਚਾ ਅਪਣਾ ਦੋਸਤੀ ਦੇ ਪਿਆਰ ਨਾਲ
ਅੱਖਾਂ ਵਿਚ ਪਾ ਕੇ ਅੱਖਾਂ ਪ੍ਰੇਮ ਤੇ ਸਤਿਕਾਰ ਨਾਲ
ਲਾਈ ਜਾਂਦੇ ਜਾਗ ਹਰ ਕਮ ਇਨਸਾਨੀਅਤ ਦੀ ਹੋਂਦ ਨੂੰ
ਗੁੰਦੀ ਜਾਂਦੇ ਰੋਜ਼ ਰਲਕੇ ਮਿਲ ਕੇ ਰਹਿਣ ਦੀ ਗੋਂਦ ਨੂੰ
ਮੋਤੀਆਂ ਦੇ ਵਾਂਗ ਚਮਕਦਾ ਜੇ ਰਹੇ ਸ੍ਰਿਸ਼ਟੀ ’ਚ ਪਿਆਰ
ਦੋਸਤੀ ਦਾ ਹੋਵੈ ‘ਦੀਪਕ’, ਰੂਪ ਸਦਾ ਲਈ ਨਿਖਾਰ

## ਮੇਰੀ ਭੈਣ

ਜੇ ਰਹੀ ਨਾ ਮੇਰੀ ਭੈਣ
ਪਾਊ ਕੌਣ ਫਿਰ ਮੇਰੇ ਵੈਣ
ਕਿੰਨੀ ਚੰਗੀ ਸੀ ਮਾਂ ਤੇਰੀ
ਜਿਸ ਦੀ ਸੀ ਤੂੰ ਠੰਢੀ ਛਾਂ
ਸਾਰੇ ਭੈਣ ਭਰਾਵਾਂ ਦੀ ਤੂੰ
ਰਹੀ ਹਮੇਸ਼ਾ ਬਣਕੇ ਮਾਂ

ਤੇਰੀ ਗੋਦੀ ਢਾਕੇ ਚੜ੍ਹਕੇ
ਤਰ੍ਹਾਂ ਤਰ੍ਹਾਂ ਦੀ ਕੀਤੀ ਸੈਰ
ਨਾ ਕੋਈ ਛੱਡਿਆ ਪਿੰਡ ਪੁਰਾਣਾ
ਨਾ ਕੋਈ ਕਸਬਾ ਵੱਡਾ ਸ਼ਹਿਰ
ਵੱਡੀ ਹੋਣ ਦੇ ਨਾਤੇ ਭਾਵੇਂ
ਜਦੋਂ ਕਦੇ ਚਿੜ੍ਹ ਜਾਂਦੀ ਸੀ
ਮੱਥਾ ਟੇਕਦੇ ਹੀ ਪੈਰਾਂ ਦੇ ਵਿਚ
ਫੁੱਲਾਂ ਵਾਂਗ ਖਿੜ ਜਾਂਦੀ ਸੀ
ਭਾਂਵੇਂ ਵੱਡੀ ਭੈਣ ਸੀ ਸਾਡੀ
ਮਾਂ ਵਾਂਗੂ ਸੀ ਕਰਦੇ ਪਿਆਰ
ਅਗੇ ਪਿਛੇ ਫਿਰਦੇ ਰਹਿੰਦੇ
ਜਦੋਂ ਤੂੰ ਫਿਰਦੀ ਅੰਦਰ ਬਾਹਰ
ਪਤਾ ਨਹੀਂ ਕੀ ਹੋਇਆ ਤੈਨੂੰ
ਸਮਝ ਨਹੀਂ ਆਈ ਹੁਣ ਤੱਕ ਮੈਨੂੰ
ਯਾਦ ਹਮੇਸ਼ਾ ਆਉਂਦੀ ਹੈਂ ਤੂੰ
ਪਰ ਦੱਸਾਂ ਹੁਣ ਮੈਂ ਕਿਵੇਂ ਤੈਨੂੰ
ਭੈਣ ਭਰਾਵਾਂ ਦੇ ਪੱਕੇ ਰਿਸ਼ਤੇ
ਕੀ ਸ਼ੀਸ਼ਾ ਹੈ ਜੋ ਟੁੱਟ ਜਾਂਦੇ ਨੇ?
ਚਲਦੇ ਚਲਦੇ ਜਿਉਂਦੇ ਜਿਉਂਦੇ
ਰੁੱਕ ਜਾਂਦੇ ਨੇ ਮੁੱਕ ਜਾਂਦੇ ਨੇ
ਜੀਵਨ ਹੈ ਇੱਕ ਲੰਬੀ ਦੌੜ
ਜਿੱਥੇ ਆਂਦੇ ਕਈ ਟੇਢੇ ਮੋੜ
ਸੋਚ ਸਮਝ ਕੇ ਸਿੱਧਾ ਰਸਤਾ
ਲੱਭਣਾਂ ਦੇਖਣਾ ਪੈਂਦਾ ਹੈ
ਆਸੇ ਪਾਸੇ ਲੋਕੀ ਸਾਰੇ
ਸੁਣਦਾ ਹਾਂ ਮੈਂ ਇਹੋ ਕਹਿਣ
ਜੇ ਰਹੀ ਨਾ ਤੇਰੀ ਭੈਣ
ਕੌਣ ਪਾਵੇਗਾ ਤੇਰੇ ਵੈਣ।

## ਆਵਾਜ਼

ਉਭਰੀ ਆਵਾਜ਼ ਫਿਰ ਅੱਜ
ਸੁਨਸਾਨ ਬੰਜਰਾਂ 'ਚੋਂ
ਭੜਕੀ ਹੈ ਫੇਰ ਲਾਲੀ
ਬੇ ਆਸ ਅੰਬਰਾਂ 'ਚੋਂ
ਸਦੀਆਂ ਤੋਂ ਘੂਕ ਸੁੱਤੀ
ਤਕਦੀਰ ਜਾਗ ਪਈ ਹੈ
ਇਨਸਾਨੀਅਤ ਦੀ ਧੁੰਧਲੀ
ਤਸਵੀਰ ਜਾਗ ਪਈ ਹੈ
ਸਰਕੀ ਹੈ ਫੇਰ ਸ਼ਕਤੀ
ਨਿਰਾਸ਼ ਪਿੰਜਰਾਂ 'ਚੋਂ
ਉੱਭਰੀ ਆਵਾਜ਼ ਫਿਰ ਅੱਜ
ਸੁੰਨਸਾਨ ਬੰਜਰਾਂ 'ਚੋਂ
ਭੜਕੀ ਹੈ ਫੇਰ ਲਾਲੀ
ਬੇ ਆਸ ਅੰਬਰਾਂ 'ਚੌਂ
ਕਾਲੇ ਹਨੇਰੇ ਮੋੜੀਂ
ਫਿਰ ਹੋ ਗਿਆ ਹੈ ਚਾਨਣ
ਤੇ ਤੁਰ ਪਏ ਨੇ ਰਾਹੀ
ਮੁੜ ਕੇ ਬਹਾਰ ਮਾਨਣ
ਦਿੱਤੀ ਆਵਾਜ਼ 'ਦੀਪਕ'
ਭਗਵਾਨ ਮੰਦਰਾਂ 'ਚੋਂ
ਉੱਭਰੀ ਆਵਾਜ਼ ਫਿਰ ਅੱਜ
ਸੁੰਨਸਾਨ ਬੰਜਰਾਂ 'ਚੋਂ
ਭੜਕੀ ਹੈ ਫੇਰ ਲਾਲੀ
ਬੇ ਆਸ ਅੰਬਰਾਂ 'ਚੋਂ

## ਛਣਕਾਰ

ਮੇਰੀ ਝਾਂਜਰ ਦੀ ਛਣਕਾਰ
ਤੇਰੇ ਖੇਤਾਂ ਦੇ ਵਿਚਕਾਰ
ਤੈਨੂੰ ਲਲਕਾਰ ਰਹੀ
ਮੇਰੇ ਖੇਤਾਂ ਦੇ ਸਰਦਾਰ
ਤੈਨੂੰ ਸਤਿਕਾਰ ਰਹੀ
ਇਕ ਪਾਸੇ ਤੂੰ ਖੇਤਾਂ ਵਿਚੋਂ ਰੱਜ ਕੇ
ਅੰਨ ਉਗਾਵੇਂ
ਦੂਜੇ ਬੰਨੇ ਸਰਹੱਦਾਂ ਤੇ ਦੇਸ਼
ਦੀ ਲਾਜ ਬਚਾਵੇਂ
ਵਧਦਾ ਜਾ ਤੂੰ ਸ਼ੇਰ ਜਵਾਨਾਂ
ਵੀਰ ਸਿਪਾਹੀ ਸਫਲ ਕਿਸਾਨਾਂ
ਨਰ ਨਾਰੀ, ਸਭ ਬੱਚੇ ਵੱਡੇ
ਦੇਸ਼ ਦੀ ਇਹ ਸਰਕਾਰ
ਤੈਨੂੰ ਲਲਕਾਰ ਰਹੀ
ਤੂਤਾਂ ਤੇ ਅੰਬੀਆਂ ਦੀ ਛਾਵੇਂ
ਜੋਤਾਂ ਲਾ ਕੇ ਜਦੋਂ ਤੂੰ ਆਵੇਂ
ਕਣਕ ਝੋਨੇ ਮੱਕੀਆਂ ਦੇ ਢੇਰ
ਵੇਖ ਕੇ ਅਪਣੇ ਚਾਰੋਂ ਚੁਫੇਰ
ਦੱਬਕੇ ਵਾਹ ਤੇ ਰੱਜ ਕੇ ਖਾਹ
ਦੇ ਗੀਤਾਂ ਦੀ ਗੁਣਜਾਰ
ਤੈਨੂੰ ਵੰਗਾਰ ਰਹੀ
ਦੁਸ਼ਮਣ ਵੇ+ੀ ਮਾਰ ਮੁਕਾਏ
ਰਣ ਵਿੱਚ ਪਾਈਆਂ ਧੁੰਮਾਂ
ਜਿਨ੍ਹਾਂ ਹੱਥਾਂ ਨੇ ਅੰਨ ਉਗਾਇਆ
ਹਸ ਹਸ ਉਨ੍ਹਾਂ ਨੂੰ ਚੁੰਮਾਂ
ਦੇਸ਼ ਲਈ ਤੂੰ ਅੰਨ ਉਗਾ
ਭਾਰਤ ਮਾਂ ਦੀ ਲਾਜ ਬਚਾ

ਵੱਧਦੇ ਜਾਂਦੇ ਕਦਮਾਂ ਦੀ
ਰਫਤਾਰ ਤੈਨੂੰ ਲਲਕਾਰ ਰਹੀ

## ਬਲੀਆਂ ਤੇ ਚਮਕੇ ਬੂਰ

ਕਣਕਾਂ ਨਿੱਸਰ ਪਈਆਂ ਗੋਰੀਏ
ਬੱਲੀਆਂ ਤੇ ਚਮਕੇ ਬੂਰ
ਢਾਬ ਦੇ ਨੇੜੇ ਸਾਡਾ ਡੇਰਾ
ਕਿਉਂ ਰਹਿੰਦੀ ਹੈ ਦੂਰ
ਕੱਲ੍ਹਿਆਂ ਬਹਿ ਖੇਤੀ ਦੀ ਰਾਖੀ
ਜੀ ਸਾਡਾ ਘਬਰਾਏ
ਘਰ ਆਉਣ ਕਰੇ ਚਿਤ ਮੇਰਾ
ਯਾਦ ਜਦੋਂ ਤੇਰੀ ਆਏ
ਦੋ ਦਿਨ ਤੋਂ ਗੇੜਾ ਨਹੀਂ ਲਾਇਆ
ਭਲਕੇ ਆਈਂ ਜ਼ਰੂਰ
ਤੇਰੀ ਮੱਕੀ ਦੀ ਰੋਟੀ ਤੇ
ਸਾਗ ਨੇ ਜੀ ਭਰਮਾਇਆ
ਠੁਰ ਠੁਰ ਕਰਦੀ ਸਾਰੀ ਰੁੱਤੇ
ਰੱਜ ਕੇ ਕੰਮ ਕਰਾਇਆ
ਦੇਖ ਕੇ ਸਾਡੀ ਹਾਲਤ ਮੰਦੀ
ਤੈਨੂੰ ਤਰਸ ਨਾ ਆਇਆ
ਆ ਕੇ ਕਦੀ ਤਾਂ ਦੱਸਦੀ ਮੈਨੂੰ
ਕੀ ਹੈ ਮੇਰਾ ਕਸੂਰ
ਥੋੜੇ ਦਿਨਾਂ ਵਿਚ ਪੱਕ ਜਾਊ ਖੇਤੀ
ਚੱਪੇ ਚੱਪੇ ਚਮਕੂ ਨੂਰ
ਰਜਕੇ ਕੀਤੀ ਮਿਹਨਤ ਸਦਕੇ
ਫਸਲ ਹੋਵੇਗੀ ਤੇਰੀ ਭਰਪੂਰ
ਲੈ ਦੇਊਂ ਤੈਨੂੰ ਬੰਦ ਗੋਖੜੂ

ਨੱਚ ਨੱਚ ਲਈਂ ਸੂਰ
ਕਣਕਾਂ ਨਿੱਸਰ ਆਈਆਂ ਗੋਰੀਏ
ਬੱਲੀਆਂ ਤੇ ਚਮਕੇ ਨੂਰ।

## ਚਾਨਣੀਆਂ ਰਾਤਾਂ

ਸਾਂਭ ਲੈ ਆ ਕੇ ਖੇਤੀ ਅਪਣੀ
ਸਰ੍ਹੋਂਆਂ ਨੂੰ ਆ ਗਏ ਫੁੱਲ ਵੇ
ਕਿਉਂ ਸਾਥੋਂ ਦੂਰ ਤੂੰ ਰਹਿੰਦਾ
ਬੈਠੋਂ ਰਸਤਾ ਭੁਲ ਵੇ
ਵਾਂਗ ਤਾਰਿਆਂ ਚਮਕਣ ਟੀਂਡੇ
ਤੇਰੇ ਖੇਤਾਂ ਖਿੜੀ ਕਪਾਹ ਵੇ
ਲੰਘਦੀਆਂ ਜਾਵਨ ਚਾਨਣੀਆਂ ਰਾਤਾਂ
ਕਿਉਂ ਬਣਿਆਂ ਬੇਪ੍ਰਵਾਹ ਵੇ
ਹੀਰਿਓਂ ਮਹਿੰਗਾ ਰੂਪ ਹੈ ਮੇਰਾ
ਨਹੀਂ ਲੱਭਣਾ ਕਿਸੇ ਮੁਲ ਵੇ
ਲੰਘ ਗਈ ਠੱਕੇ ਦੀ ਰੁੱਤ ਵੇ
ਵਿਚ ਖੇਤਾਂ ਆਈ ਬਹਾਰ
ਸਰ੍ਹੋਂ-ਫੁੱਲਾਂ ਲੈ ਡੋਰੀਆਂ
ਬਣ ਮੋਰ ਨੱਚੇ ਤੇਰੀ ਨਾਰ
ਕਿਉਂ ਸਾਡੇ ਤੋਂ ਦੂਰ ਹੈ ਰਹਿੰਦਾ
ਕੀ ਹੋ ਗਈ ਸਾਤੋਂ ਭੁਲ ਵੇ
ਕਿਉਂ ਸਾਥੋ ਤੂੰ ਦੂਰ ਹੈ ਰਹਿੰਦਾ
ਬੈਠੋਂ ਰਸਤਾਂ ਭੁਲ ਵੇ

ਚੂੜੀਆਂ ਲਾਲ

ਹਰੀ ਭਰੀ ਤੇਰੀ ਖੇਤੀ ਜੱਟਾ
ਹੱਸਾਂ ਨੱਚਾਂ ਤੇ ਮੈਂ ਗਾਵਾਂ
ਸਿੱਧੀ ਸੜਕ ਮੁਰੱਬੇ ਜਾਂਦੀ
ਭੱਤਾ ਤੇਰਾ ਲੈ ਕੇ ਆਵਾਂ
ਕਣਕਾਂ ਨੇ ਕਦ ਕੱਢ ਲਏ ਚੰਨਾਂ
ਕਿਸੇ ਨਾ ਕੋਈ ਬੰਨਾ
ਸਰ੍ਹੋਆਂ ਨੂੰ ਫੁੱਲ ਆਏ ਬਾਲਮਾਂ
ਸਿਰ ਤੇਰੇ ਤੋਂ ਉੱਚਾ ਗੰਨਾ
ਫੁੱਟੀਆਂ ਕਪਾਹ ਦੀਆਂ ਮੈਂ ਚੁਗ ਲਈਆਂ
ਚੂੜੇ ਵਾਲੀਆਂ ਚੁੱਕ ਚੁੱਕ ਬਾਹਵਾਂ
ਮੁਕ ਜਾਣੀ ਖੇਤੀ ਦੀ ਰਾਖੀ
ਦੁੱਖ ਦਲਿੱਦਰ ਸਭ ਭਜ ਜਾਣੇ
ਐਤਕਾਂ ਆਈ ਜਦੋਂ ਵੈਸਾਖੀ
ਕੱਢ ਕੱਢ ਥੱਕ ਜਾਏਂਗਾ ਦਾਣੇ
ਹਰ ਵੇਲੇ ਮੈਂ ਕਰਾਂ ਦੁਆਵਾਂ
ਵਾਢੀ ਮੁੱਕਦੇ ਹੀ ਮੈਂ ਚੰਨਾਂ
ਜਾਊ ਸ਼ਹਿਰ ਤੇਰੇ ਨਾਲ
ਪੈਰਾਂ ਵਿਚ ਪਾਊਂ ਪੰਜੇਬਾਂ
ਹੱਥੀਂ ਚੂੜੀਆਂ ਲਾਲ
ਕੰਨ ਖੋਲ ਕੇ ਸੁਣ ਲੈ ਜੱਟਾ
ਤੈਨੂੰ ਪਹਿਲੋਂ ਆਖ ਸੁਣਾਵਾਂ
ਹਰੀ ਭਰੀ ਤੇਰੀ ਖੇਤੀ ਜੱਟਾ
ਹੱਸਾਂ ਨੱਚਾਂ ਤੇ ਮੈਂ ਗਾਵਾਂ

## ਕੰਗਣ ਲੈ ਲੈਣੇ

ਵਾਢੀਆਂ ਪੈ ਗਈਆਂ ਚੰਨਾਂ
ਹੁਣ ਮੁੱਕ ਗਈ ਖੇਤਾਂ ਦੀ ਰਾਖੀ
ਵੇ ਕੰਗਣ ਲੈ ਲੈਣੇ
ਮੈਂ ਰੰਗਲੇ ਜੀਵਨ ਦੇ ਸਾਥੀ

ਠੱਕੇ ਦੀਆਂ ਰਾਤਾਂ ਚੰਨਾਂ ਸਿਰ ਉੱਤੇ ਝੱਲੀਆਂ
ਦੁੱਖ ਤੇ ਮੁਸੀਬਤਾਂ ਨੇ ਦੇਖ ਮੁਕ ਚੱਲੀਆਂ
ਖ਼ੁਸ਼ੀਆਂ ਤੇ ਰੀਝਾਂ ਭਰੀ
ਆਈ ਹੈ ਵੈਸਾਖੀ
ਵੇ ਕੰਗਣ ਲੈ ਲੈਣੇ
ਮੇਰੇ ਰੰਗਲੇ ਜੀਵਨ ਦੇ ਸਾਥੀ

ਸੋਨੇ ਰੰਗੀ ਕਣਕ ਦੇ
ਜਦੋਂ ਲੱਗੇ ਢੇਰ ਵੇ
ਭੁੱਖ ਨੰਗ ਦੂਰ ਭੱਜੂ
ਲੱਗਣੀ ਨਹੀਂ ਦੇਰ ਵੇ
ਖ਼ੁਸ਼ੀਆਂ ਬਹਾਰਾਂ ਜਦ
ਵਿਹੜੇ ਪਾਈ ਝਾਤੀ
ਵੇ ਕੰਗਣ ਲੈ ਲੈਣੇ
ਮੇਰੇ ਰੰਗਲੇ ਜੀਵਨ ਦੇ ਸਾਥੀ

ਜਦੋਂ ਤਾਂ ਤੂੰ ਵੱਢ ਕੇ ਲਿਆਇਆ ਚੰਨਾਂ ਤੋਰੀਆ
ਪੈਰੀਂ ਮੇਰੇ ਝਾਂਜਰਾਂ ਤੇ ਸਿਰ ਉੱਤੇ ਭੋਰੀਆਂ
ਪੈਲੀਆਂ ਚ ਨੱਚਦੀ ਫਿਰਾਂ ਦਿਨੇ ਰਾਤੀ
ਵੇ ਕੰਗਣ ਲੈ ਲੈਣੇ
ਮੇਰੇ ਰੰਗਲੇ ਜੀਵਨ ਦੇ ਸਾਥੀ

ਪੰਜਾਬੀ ਟੱਪੇ

1 ਤੇਰੇ ਬੁੱਲ੍ਹਾਂ ਤੇ ਚਮਕਦੀ ਲਾਲੀ
ਖਿੜੇ ਪਈ ਗੁਲਾਬ ਬਣਕੇ

2 ਮੇਰੀ ਨੀਂਦ ਤਿੜਕ ਗਈ ਮਿੱਤਰਾ
ਹੌਲੀ ਹੌਲੀ ਔਣਾ ਸਿਖ ਲੈ

3 ਤੇਰੇ ਗਲ ਵਿੱਚ ਪਾ ਕੇ ਬਾਹਵਾਂ
ਢਾਲ ਦੇਵਾਂ ਸ਼ਾਮਾਂ ਤੱਤੀਆਂ

4 ਮੇਰੇ ਦਿਲ ਦਾ ਵਿਹੜਾ ਸੱਖਣਾ
ਆ ਜਾ ਤੂੰ ਮੋਰ ਬਣਕੇ

5 ਸਾਡੇ ਘਰ ਪਰਾਹੁਣਾ ਆਇਆ
ਮਾਂ ਨੇ ਸਿਰ ਚੁੰਮਿਆ

6 ਸਰ੍ਹੋਆਂ ਨੂੰ ਫੁੱਲ ਖਿੱੜ ਪਏ
ਸਿਰ ਲੈਣ ਨੂੰ ਕਰੇ ਫੁਲਕਾਰੀ

7 ਜੱਟ ਬੈਠ ਕੇ ਤੂਤਾਂ ਦੀ ਛਾਵੇਂ
ਕੁੜੀਆਂ ਨੂੰ ਖੰਘੂਰੇ ਮਾਰਦਾ

8 ਅੱਜ ਕੋਈ ਨਹੀਂ ਘਰ ਹੋਣਾ
ਆ ਜਾਂਈ ਤੂੰ ਕੰਧ ਟੱਪ ਕੇ

9 ਤੇਰੇ ਬਾਗ਼ਾਂ ਵਿੱਚ ਕੋਇਲ ਬੋਲੇ
ਪਿਆਰ ਦੀ ਪੁਕਾਰ ਸੁਣ ਲੈ

10 ਅੱਖੀਆਂ ਨੂੰ ਤੂੰ ਮੁੰਦ ਲੈ

ਖਾ ਜਾਵੇ ਨਾ ਮੇਰਾ ਪ੍ਰਛਾਵਾਂ

11 ਪਿਆਰ ਨੂੰ ਜੀ ਕਰਦਾ
ਗਲ ਪਾ ਕੇ ਤੇਰਾ ਬਾਹਵਾਂ

12 ਅੱਬੀਆਂ ਨੂੰ ਬੂਰ ਆ ਗਿਆ
ਤੂੰ ਵੀ ਲਾ ਜਾ ਆ ਕੇ ਗੇੜਾ

13 ਮੈਂ ਚੀਚੀ 'ਚ ਪਾਈ ਮੁੰਦਰੀ
ਲੈ ਕੇ ਆਇਆ ਕਲ ਸ਼ਹਿਰੋਂ

14 ਮੁੰਡੇ ਚੁੱਕ ਚੁੱਕ ਕੰਨ ਸੁਣਦੇ
ਮੇਰੇ ਗੁਟ ਤੇ ਛਣਕਦੀਆਂ ਵੰਗਾਂ

15 ਛੰਨ ਛੰਨ ਕਰਦੀ ਫਿਰਾਂ
ਮੇਰੇ ਪੈਰੀਂ ਪਾਈਆਂ ਪੰਜੇਬਾਂ

16 ਨ੍ਹੇਰੇ ਕੋਠੇ 'ਚ ਚਾਨਣਾ ਹੋਇਆ
ਸੋਨੇ ਵਾਲੀ ਨੱਥ ਪਾ ਲਈ

17 ਮੇਰੀ ਅੱਖੀਆਂ ਚ ਨੀਂਦ ਨਾ ਆਵੇ
ਅੱਖੀਆਂ 'ਚ ਤੂੰ ਵਸਦਾ

18 ਤੇਰੇ ਹੱਥਾਂ ਦੀਆਂ ਛਣਕਦੀਆਂ ਵੰਗਾਂ
ਸੁਣ ਸੁਣ ਜੀ ਲਗਦਾ

19 ਤੇਰਾ ਕਦ ਸਰੂੰ ਦਾ ਬੂਟਾ
ਹਵਾ ਚ ਹੁਲਾਰੇ ਮਾਰਦਾ

20 ਕਿਵੇਂ ਚੁੱਕਾਂ ਗਾਗਰਾਂ ਭਰੀਆਂ

ਲੱਕ ਵਿੱਚ ਵਲ ਪੈ ਗਿਆ

21 ਮੇਰੇ ਵੀਰ ਨੇ ਬਨ੍ਹਾਉਣੀ ਰੱਖੜੀ
ਡੋਰੀਏ ਨੂੰ ਲਾਵਾਂ ਫੁੱਲ ਮੈਂ

22 ਸੱਚੇ ਪਿਆਰ ਦੀਆਂ ਸੈਨਤਾ ਮਾਰੇ
ਤੇਰੇ ਸਿਰ ਦਾ ਗੁਲਾਬੀ ਚੀਰਾ

23 ਤੇਰੇ ਪਿਆਰ ਦਾ ਲਵਾਂ ਨਜ਼ਾਰਾ
ਚੂੜੇ ਵਾਲੀ ਬਾਂਹ ਫੜਕੇ

24 ਤੂੰ ਹਸਦਾ ਹਸਦਾ ਆਇਆ
ਸੁਪਨੇ ਚ ਅੱਜ ਤੜਕੇ

25 ਤੇਰੇ ਪਿਆਰ ਦਾ ਲਾਂਬੂ ਮਿੱਤਰਾ
ਫੂਕੀ ਜਾਏ ਕਾਲਜਾ ਮੇਰਾ

26 ਮੇਰਾ ਫੱਬ ਕੇ ਚਲਣ ਨੂੰ ਜੀ ਕਰਦਾ
ਮਿੱਤਰਾ ਤੇਰੀਆਂ ਪੈਲੀਆਂ ’ਚੋਂ

27 ਤੇਰੇ ਖੇਤਾਂ ਦੇ ਫੁੱਲ ਕੰਵਾਰੇ
ਹੂੰਝ ਲਵਾਂ ਰੁੱਗ ਭਰ ਕੇ

28 ਅੰਬੀਆਂ ਖੱਟ ਮਿੱਠੀਆਂ
ਮੈਂ ਖਾਵਾਂ ਨਾਲ ਸੁਆਦਾਂ

29 ਦੇਖ ਸੁੱਥਣ ਸੂਫ ਦੀ ਕਾਲੀ
ਪਿੰਡ ’ਚ ਸਿਆਪਾ ਪੈ ਗਿਆ

30 ਉੱਤੇ ਲੈ ਕੇ ਡੋਰੀਆ ਪੀਲਾ

ਹੱਸ ਹੱਸ ਨੱਚਦੀ ਫਿਰਾਂ

31 ਬਾਰ ਲਾ ਕੇ ਕੀ ਕਰਨਾਂ
ਮੁੰਡੇ ਝੀਥਾਂ 'ਚੋਂ ਲੈਣ ਨਜ਼ਾਰੇ

32 ਅਸਾਂ ਬਾਗ਼ੀਂ ਨਹੀਂ ਜਾਣਾ
ਸਾਡੇ ਦਿਲ ਦੀ ਕਲੀ ਮੁਰਝਾਈ

33 ਚੁਲ੍ਹੇ ਸਾਡੇ ਅੱਗ ਨਾ ਬਲੀ
ਪੇਕੇ ਗਈ ਭਰਜਾਈ

34 ਸੱਪ ਵਾਂਗੂ ਮੇਹਨਦੀ ਫਿਰੇ
ਮੇਰੀ ਹਿੱਕ ਤੇ ਪਈ ਜ਼ੰਜੀਰੀ

35 ਮੇਰੇ ਨੱਕ ਵਿਚ ਪਾਇਆ ਕੋਕਾ
ਲਾਟੂ ਵਾਂਗ ਜਗਦਾ ਰਹੇ

36 ਕਿੱਕਰਾਂ ਨੂੰ ਫੁੱਲ ਆ ਗਏ
ਆ ਜਾ ਬੈਠੀਏ ਮਿਲ ਕੇ ਛਾਵੇਂ

37 ਸਾਉਣ ਦਾ ਮਹੀਨਾ ਆ ਗਿਆ
ਆਓ ਰਲ ਮਿਲ ਪਾਈਏ ਪੀਂਘਾਂ

38 ਜੇਠ ਦੀ ਧੁੱਪ ਕੜਕੇ
ਸਾਡਾ ਸੁੱਕਦਾ ਜਾਏ ਪਸੀਨਾ

39 ਫੱਗਣ ਦੀ ਰੁੱਤ ਰੰਗਲੀ
ਵਿੱਚ ਖੇਤਾਂ ਖਿੜੀਆਂ ਬਹਾਰਾਂ

40 ਭੈੜਾ ਵਿਛੋੜਾ ਚੰਨ ਦਾ

ਮੈਨੂੰ ਰਾਤ ਦਿਨੇ ਤੜਪਾਏ

41 ਮੈਂ ਉਦੋਂ ਮੁਕਲਾਵੇ ਜਾਣਾ
ਬੂਰੀ ਜਦੋਂ ਮ੍ਹੈਸ ਬਣ ਜਾਊ

42 ਦਿਲ ਦੀਆਂ ਦਿਲ ਜਾਣੇ
ਕੀ ਹੁੰਦੇ ਨੇ ਕੰਵਾਰੀਆਂ ਦੇ ਦੁੱਖੜੇ

43 ਬੋਲ ਤੇਰਾ ਬੈਠ ਗਿਆ
ਤੱਤੇ ਪਾਣੀ ਦੇ ਗਰਾਰੇ ਕਰਲੈ

44 ਮੇਰੀ ਸੱਸ ਨੇ ਪੁਆੜਾ ਪਾਇਆ
ਬੁੱਢੜੇ ਦਾ ਲੱਕ ਦੁਖਦਾ

45 ਤਵੇਲੇ ਵਿੱਚ ਜਗਦਾ ਦੀਵਾ
ਸੱਸ ਦੀ ਖੈਰ ਨਹੀਂ

46 ਨਾ ਪਾਈਂ ਦਾਲ 'ਚ ਮਿਰਚਾਂ
ਬੁਲ੍ਹ ਤੇਰੇ ਮੱਚ ਜਾਣਗੇ

47 ਆ ਖਾ ਲੈ ਪਰੌਂਠੇ ਮਿੱਤਰਾ
ਮੇਰੀ ਕਿਹੜਾ ਸੱਸ ਵੇਖਦੀ

48 ਛੰਨਾ ਦੁੱਧ ਦਾ ਲਿਆਈਆਂ ਮਿੱਤਰਾ
ਪੀ ਜੀਂ ਤੂੰ ਡੀਕ ਲਾ ਕੇ

49 ਰੋਜ਼ ਲਿਆਊਂ ਬੋਤਲ
ਭਾਵੇਂ ਬਿਕ ਜਾਣ ਬਕਰੇ ਸਾਰੇ

50 ਤੇਰੇ ਛੇਲੇ ਮੈਂ ਮੈਂ ਕਰਦੇ

ਸਿੱਧਾ ਹੋ ਕੇ ਬਾਹਰ ਲੈ ਜਾ

51 ਤੇਰੀ ਘੋੜੀ ਹਿਣਕਦੀ ਜੱਟਾ
ਕਸ ਕੇ ਲਗ਼ਾਮ ਖਿੱਚ ਲੈ

52 ਉਠ ਕੇ ਵੰਡ ਝੁੱਲੀਆਂ
ਤੇਰੀ ਟੈਰ ਨੇ ਦਿੱਤਾ ਬਛੇਰਾ

53 ਬਾਈ ਚੱਲਿਆ ਕਪਾਹ ਦੀ ਰਾਖੀ
ਭਾਬੀਏ ਦੰਦਾਸਾ ਮਲ ਲੈ

54 ਕਾਹਨੂੰ ਪਾਉਂਦਾ ਮੋਰ ਵਾਂਗੂੰ ਪੈਲਾਂ
ਚੰਨ ਅਜੇ ਡੁੱਬਿਆ ਨਹੀਂ

55 ਗੁੱਤ ਮੇਰੀ ਕਾਲੀ ਚੰਦਰੀ
ਮੈਨੂੰ ਨਾਗ ਦਾ ਭੁਲੇਖਾ ਮਾਰੇ

56 ਸੱਗੀ ਫੁੱਲ ਮਾਰੇ ਲਿਸ਼ਕਾਂ
ਜਦੋਂ ਪੈਣ ਸ਼ਾਮ ਦੀਆਂ ਕਿਰਨਾਂ

57 ਗੋਖੜੂ ਲੈ ਦੇ ਚੰਨਾਂ
ਤਰਸਣ ਪਾਉਣ ਨੂੰ ਬਾਹਵਾਂ

58 ਚੁੱਪ ਚਾਪ ਪਾ ਲੈ ਝਾਂਜਰਾਂ
ਕਿਤੇ ਬੁੱਢੀ ਨਾ ਆ ਜਾਏ ਉੱਪਰੋਂ

59 ਜੇਠ ਮੇਰਾ ਬੜਾ ਚੰਦਰਾ
ਦੰਦਾਸਾ ਮਲਦੀ ਨੂੰ ਦੇਖੇ

60 ਤੇਰੀ ਹੋ ਜਾਊ ਧਰਨ ਟਿਕਾਣੇ

ਦੋ ਘੁੱਟ ਲਾ ਲੈਣ ਦੇ

61 ਤੇਰੇ ਭਾਬੀਏ ਕਬੂਤਰ ਚੀਨੇਂ
ਛੱਡ ਦੇ ਚੋਗਾ ਮੰਗਦੇ

62 ਤੇਰੀਆਂ ਭੇਡਾਂ ਮਾਰਦੀਆਂ ਛਿੱਕਾਂ
ਉੱਠ ਕੇ ਮਾਵਾ ਛੱਕ ਲੈ

63 ਲਾਲ ਬੁੱਲ੍ਹਾਂ ਦਾ ਦੇ ਦੇ ਨਜ਼ਾਰਾ
ਨੱਥ ਨੂੰ ਪਾਸੇ ਕਰਕੇ

64 ਮਛਲੀ ਦਾ ਪੱਤ ਬਨਕੇ
ਮੇਰੀ ਚੂਪ ਗਿਆ ਲਾਲੀ ਸਾਰੀ

65 ਤੁਰ ਤੁਰ ਥੱਕੀਆਂ ਅੱਡੀਆਂ
ਕਿਵੇਂ ਆਵਾਂ ਖੂਹ ਤੇ ਚੰਨਾ

66 ਆ ਕੇ ਮੁਕਲਾਵੇ ਪ੍ਰੀਤੋ
ਕਾਹਨੂੰ ਕੇਰਦੀ ਹੈ ਝੂਠੇ ਹੰਝੂ

67 ਦਿਲ ਦੀਆਂ ਦਿਲ ਜਾਣੇ
ਕੀ ਹੁੰਦੇ ਨੇ ਜੁਦਾਈਆਂ ਦੇ ਦੁੱਖੜੇ

68 ਐਸੀ ਜੇਠ ਨੇ ਅੱਖ ਚੰਭੋਲੀ
ਵਗ ਗਿਆ ਸਾਰਾ ਸੁਰਮਾ

69 ਸੱਸ ਮੇਰੀ ਬੜੀ ਚੰਦਰੀ
ਮਾਏ ਕਰਦੇ ਮੀਢੀਆਂ ਪੱਕੀਆਂ

70 ਲੰਗੜਾ ਸੌਹਰਾ ਮੇਰਾ

ਵਿਹੜੇ ਵੜਦਾ ਪਾਏ ਖੌਰੂ

71 ਸਾਰੀ ਰਾਤ ਰਹਾਂ ਜਾਗਦੀ
ਮੈਨੂੰ ਤੜਕੇ ਆਉਂਦੀਆਂ ਨੀਂਦਾਂ

72 ਬਿੱਟ ਬਿੱਟ ਕੀ ਦੇਖਦਾ
ਹੁਣ ਪਾ ਲਿਆ ਪਰਾਤੇ ਆਟਾ

73 ਕਿਵੇਂ ਰੋਟੀ ਤੇਰੀ ਲੈ ਕੇ ਆਵਾਂ
ਜੇਠ ਮੇਰੀ ਰਾਹ ਰੋਕੇ

74 ਰਾਤੀਂ ਬਲਦਾ ਦੀਵਾ ਚੋਬਾਰੇ
ਚੜ੍ਹਦੇ ਹੀ ਫੂਕ ਮਾਰਦੀ

75 ਨ੍ਹੇਰੇ ਘਰ ਵਿੱਚ ਕਰਦੀ ਚਾਨਣ
ਨਿੱਤ ਬਾਲ ਕੇ ਪਿਆਰ ਦਾ ‘ਦੀਪਕ’

## ਕ੍ਰਿਸ਼ਨਾ

ਮਿਲ ਜਾਵੇ ਜੇ ਮੈਨੂੰ ਕ੍ਰਿਸ਼ਨਾ
ਬੁਝ ਜਾਵੇ ਮੇਰੇ ਮਨ ਦੀ ਤ੍ਰਿਸ਼ਨਾ
ਕਦੀ ਕਦੀ ਮੈਨੂੰ ਆਵੇ ਖਿਆਲ
ਰਹਿ ਚੁੱਕਿਆਂ ਮੈਂ ਤੇਰੇ ਨਾਲ
ਤੇਰੀ ਮੁਰਲੀ ਦੀ ਤਾਨ ਸੁਹਾਨੀ
ਮਧੁਰ ਸੁਹਾਨੀ ਤੇ ਲਾਸਾਨੀ
ਅੱਖਾਂ ਅੱਗੇ ਆ ਜਾਣ ਨਜ਼ਾਰੇ
ਬਿੰਦਰਾ-ਬਨ ਦੇ ਪੀਂਘ ਹੁਲਾਰੇ
ਚੁੱਕ ਮਟਕੇ ਜਦੋਂ ਗੋਪੀਆਂ ਆਵਣ

ਹੱਸ ਹੱਸ ਨੱਚਣ ਅੱਖਾਂ ਮਟਕਾਵਣ
ਹੱਥ ਜੋੜ ਸਭ ਕਰਨ ਇਸ਼ਾਰੇ
ਰਾਸ ਰਚਾਓ ਮਨ ਮੋਹਨ ਪਿਆਰੇ
ਕਦੀ ਕਦੀ ਮੈਨੂੰ ਇਉਂ ਵੀ ਲਗਦਾ
ਰਥ ਤੇਰੀ ਜਿਵੇਂ ਮੈਂ ਸੀ ਹੱਕਦਾ
ਚਾਰ ਘੋੜਿਆਂ ਦੀ ਹੱਥ ਲਗਾਮ
ਜਦੋਂ ਆਉਂਦਾ ਕਰਮਾ ਪ੍ਰਣਾਮ
ਝਟਪਟ ਜਦੋਂ ਤੂੰ ਰੱਥ ਚੜ੍ਹ ਜਾਵੇਂ
ਤੁਰਨ ਲਈ ਮੈਨੂੰ ਹੱਥ ਹਿਲਾਵੇਂ
ਮੈਂ ਦੇਖਿਆ ਤੈਨੂੰ ਤੀਰ ਚਲਾਉਂਦਾ
ਦੁਸ਼ਟਾਂ ਦੇ ਤੂੰ ਆਹੂ ਲਾਹੁੰਦਾ
ਰੱਥ ਦੇ ਅੱਗੇ ਜੋ ਵੀ ਆਵੇ
ਸਿਰ ਪਰਨੇ ਉਹ ਡਿੱਗਦਾ ਜਾਵੇ
ਇੱਕੋ ਸਾਹੇ ਤੀਰ ਚਲਾਵੇਂ
ਰਣ ਵਿੱਚ ਤੂੰ ਜਿੱਤਦਾ ਜਾਵੇਂ
ਕਰਨ ਲਈ ਤੂੰ ਫਿਰ ਉਪਕਾਰ
ਆ ਜਾ ਬਣ ਕੇ ਕੋਈ ਅਵਤਾਰ
ਫਿਰ ਮਿਲ ਜਾਵੇ ਜੇ ਮੈਨੂੰ ਕ੍ਰਿਸ਼ਨਾ
ਬੁਝ ਜਾਵੇ ਮੇਰੀ ਜੀਵਨ ਤ੍ਰਿਸ਼ਨਾ

## ਵਾਟਾਂ ਲੰਮੀਆਂ

ਕਾਲੀਆਂ ਸੁੰਨੀਆਂ ਲੰਮੀਆਂ ਵਾਟਾਂ
ਕਟਦਾ ਔਖੇ ਮੋੜ ਹਜ਼ਾਰ
ਤੁਰਦਾ ਜਾਵਾਂ ਨਿੰਮੋਝੂਣਾ
ਲੱਭਣ ਲਈ ਕਿਤੋਂ ਸੁੱਚਾ ਪਿਆਰ
ਇਕ ਬੰਨੇ ਕੰਡਿਆਂ ਦੀਆਂ ਸੂਲਾਂ
ਦੂਜੇ ਪਾਸੇ ਖਿੜਦੇ ਫੁੱਲ

ਪ੍ਰੇਮ ਸੱਚਾਈ ਰੁਲਦੀ ਵੇਖਾਂ
ਕੁਫਰ ਝੂਠ ਦਾ ਪੈਂਦਾ ਮੁੱਲ
ਨਿਮਰਤਾ ਦੀ ਰਾਹ ਨੂੰ ਛੱਡ ਕੇ
ਹੁੰਦਾ ਪਿਆ ਇਨਸਾਨ ਖੁਆਰ
ਕਿਤੇ ਵਿਲਕ ਰਹੇ ਨਿਰਬਲ
ਕਿਤੇ ਸਿਰ ਕੱਢੀਂ ਬਲਵਾਨ
ਪਾਟੇ ਕੱਪੜੇ ਕਈ ਧੱੜ ਨੰਗੇ
ਸੋਹਣੇ ਸੁੰਦਰ ਕਈ ਧੰਨਵਾਨ
ਘਾਹ ਫੂਸ ਦੀਆਂ ਸੜੀਆਂ ਝੁੱਗੀਆਂ
ਮਹਿਲ ਮਾੜੀਆਂ ਆਲੀਸ਼ਾਨ
ਭਗਵੇ ਬਸਤਰ ਮੁੰਦਰਾਂ ਵਾਲੇ
ਆਦਮ ਖੋਰ ਕਈ ਸ਼ੈਤਾਨ
ਗਿਆਨ ਸਰੂਪੀ ਆਗੂ ਪਤਵੰਤੇ
ਬਦਲ ਰਹੇ ਦੇਸ ਨੁਹਾਰ
ਕਈ ਲਾਈ ਜਾਣ ਅੱਗਾਂ
ਚੁੱਕੀ ਫਿਰਨ ਬਰਛੇ ਤਲਵਾਰ
ਇਕ ਵਾਰ ਫਿਰ ਹੋ ਕੇ ਇਕੱਠੇ,
ਸਹੁੰ ਪਿਆਰ ਦੀ ਖਾ ਲਓ ਯਾਰ
ਭਾਰਤ ਦੇਸਾਂ ਦਾ ਰਾਜਾ,
ਸਭ ਕੌਮਾਂ ਦਾ ਮਹਿਰਮ ਯਾਰ
ਜਨਮ ਭੂਮੀ ਇਹ ਗੁਰੂਆਂ ਦੀ,
ਕਰੋ ਪ੍ਰੇਮ ਇਸ ਦਾ ਸਤਿਕਾਰ

## ਗੋਲ ਸਿਆਰਾ

ਧਰਤੀ ਹੈ ਇਕ ਗੋਲ ਸਿਆਰਾ
ਜਿਸ ਦਾ ਨਾ ਕੋਈ ਅੰਤ ਕਿਨਾਰਾ
ਕਿਵੇਂ ਕਦੋਂ ਇਸ ਰੂਪ 'ਚ ਆਈ

ਕਿਸ ਨੂੰ ਇਹਦੀ ਸਮਝ ਨਾ ਆਈ
ਪੈਰ ਇਹਦੇ ਤੇ ਜਦੋਂ ਆਦਮ ਰੱਖਿਆ
ਫਿਰਦੇ ਫਿਰਦੇ ਫਲ ਅਮ੍ਰਿਤ ਚਖਿਆ
ਹੋ ਗਿਆ ਝੱਟ ਹਨੇਰਾ ਦੂਰ
ਵੇਖੀ ਜਦ ਅਰਸ਼ਾਂ ਦੀ ਹੂਰ
ਜਿਉਂ ਇਸਦੀ ਸੰਗਤ ਵਿਚ ਆਇਆ
ਆ-ਤੁੱਟਵਾਂ ਪ੍ਰੇਮ-ਰੋਗ ਲਵਾਇਆ
ਹਰ ਸ਼ਾਮ ਤੇ ਨਵੀਂ ਸਵੇਰ
ਫਿਰਦੇ ਫਿਰਦੇ ਚਹੁੰ ਚੁਫੇਰ
ਐਸੀ ਸੱਟ ਪ੍ਰੀਤ ਦੀ ਖਾਈ
ਸੁੱਧ ਬੁੱਧ ਆਪਣੀ ਆਪ ਭੁਲਾਈ
ਦੋਹਾਂ ਤੋਂ ਹੋ ਗਏ ਤਿੰਨ
ਕਰਕੇ ਪੈਦਾ ਇਕ ਇਨ ਬਿਨ
ਮਾਨਵਤਾ ਦੀ ਨੀਂਹ ਚਲਾਈ
ਪੂਰਣ ਸ੍ਰਿਸ਼ਟੀ ਹੋਂਦ 'ਚ ਆਈ
ਸੁਣਿਆ ਇਸ ਸ੍ਰਿਸ਼ਟੀ ਨੂੰ ਬਣਿਆਂ
ਹੋ ਗਏ ਲੱਖ ਕਰੋੜਾਂ ਸਾਲ
ਪਿਉ ਪੁੱਤਰ ਨੂੰ ਤੇ ਪੁੱਤ ਪਿਉ ਨੂੰ
ਰਿਹਾ ਪ੍ਰੇਮ ਪਿਆਰ ਨਾਲ ਪਾਲ
ਪਤਾ ਨਹੀਂ ਕਿਸ ਨੇ ਤੇ ਕਿਉਂ
ਇਸ ਸ੍ਰਿਸ਼ਟੀ ਨੂੰ ਦੇ ਕੇ ਡੰਡ
ਮਜ਼ਬਾਂ ਜਾਤਾਂ ਦੀ ਤੇਜ ਧਾਰ ਨਾਲ
ਟੁਕੜੇ ਟੁਕੜੇ ਦਿੱਤਾ ਵੰਡ
ਪਿਉ ਪੁੱਤਰਾਂ ਤੇ ਭੈਣ ਭਰਾਵਾਂ
ਲਈ ਉਸਾਰ ਨਫਰਤ ਦੀ ਕੰਧ
ਹਰ ਸ਼ਹਿਰ, ਹਰ ਕਸਬੇ ਪਿੰਡ ਵਿਚ
ਉੱਡ ਗਿਆ ਪਿਆਰ ਲਗਾ ਕੇ ਖੰਭ
ਜਿਸ ਧਰਤੀ ਦੀ ਕੁੱਖੋਂ ਜਨਮੇ
ਕ੍ਰਿਸ਼ਨ ਮਸੀਹਾ ਤੇ ਅਵਤਾਰ
ਜਿਸ ਧਰਤੀ ਦੇ ਚੱਪੇ ਚੱਪੇ

ਵਸਦੇ ਰਾਮ ਰਹੀਮ ਪਰਿਵਾਰ
ਜਿਥੇ ਨਾਨਕ ਦੇਵ ਗੁਰੂ ਨੇ
ਸੀ ਪ੍ਰੇਮ ਪਿਆਰ ਦਾ ਸਬਕ ਸਿਖਾਇਆ
ਵਾਰ ਕੇ ਸਭ ਕੁਝ ਗੁਰੂ ਗੋਬਿੰਦ ਸਿੰਘ
ਮਾਨਵਤਾ ਦਾ ਨਾਂ ਚਮਕਾਇਆ
ਆਜ਼ਾਦੀ ਦੀ ਰੱਖਣ ਲਈ ਨੀਂਹ
ਆਪਾ ਵਾਰਿਆ ਸੀ ਰਾਣੀ ਝਾਂਸੀ
ਬਦਲਾ ਲੈਣ ਲਈ ਗੋਰੇ ਦੁਸ਼ਮਣ ਤੋਂ
ਊਧਮ ਸਿੰਘ ਸੀ ਚੜ੍ਹਿਆ ਫਾਂਸੀ
ਰਾਮ ਮੁਹੰਮਦ ਸਿੰਘ ਦੇ ਯਾਰੋ
ਹਿੰਦੂ, ਮੁਸਲਮ, ਸਿੱਖ, ਸਰਦਾਰੋ
ਭਾਰਤ ਮਾਂ ਦੀ ਸੁਣੋਂ ਪੁਕਾਰ
ਮਾਨਵਤਾ ਦਾ ਨਾਂ ਨਿਖਾਰੋ
ਇਕ ਵਾਰ ਫਿਰ ਇਕੱਠੇ ਹੋਕੇ
ਦੇਸ ਆਪਣੇ ਦਾ ਕਰਕੇ ਸਤਿਕਾਰ
ਕਰ ਦਿਉ ਸ੍ਰਿਸ਼ਟੀ ਦਾ ਸਿਰ ਉੱਚਾ
ਬਾਲਕੇ ਪ੍ਰੇਮ ਦਾ 'ਦੀਪਕ' ਸੁੱਚਾ

## ਸੁੱਚੀ ਧਰਤੀ

ਦੇਸ ਮੇਰੇ ਦੀ ਸੁੱਚੀ ਧਰਤੀ ਤੇ
ਕਿਉਂ ਹੁੰਦੇ ਨੇ ਅੱਤਿਆਚਾਰ
ਕਿਉਂ ਘਿਰਨਾ ਦੇ ਬਾਲਣ ਵਿਚ
ਸੜ ਰਿਹਾ ਹੈ ਸਾਰਾ ਸੰਸਾਰ
ਕਿਉਂ ਪਿਆਰ ਦੀ ਰਾਹ ਨੂੰ ਛੱਡਕੇ
ਚੁੱਕ ਰਹੇ ਹਾਂ ਨਫਰਤ ਦਾ ਭਾਰ
ਕਿਉਂ ਸੱਦੀਆਂ ਦੀਆਂ ਨਿੱਘੀਆਂ ਰੀਤਾਂ
ਬਣ ਰਹੀਆਂ ਬਰਛੇ ਤਲਵਾਰ

ਕਿਉਂ ਭਾਈ ਨੂੰ ਭਾਈ ਹੈ ਕੱਟਦਾ
ਬਣ ਚਾਕੂ ਦੀ ਤਿੱਖੀ ਧਾਰ
ਕਿਉਂ ਅੱਜ ਅਸੀਂ ਭੁੱਲ ਬੈਠੇ ਹਾਂ
ਰਿਸ਼ੀ ਮੁਨੀ, ਗੁਰੂ ਅਵਤਾਰ
ਕਿਉਂ ਧਰਮਾਂ ਦੀ ਲਾਜ ਗੁਆ ਕੇ
ਹੋ ਰਹੇ ਹਾਂ ਸਾਰੇ ਖੁਆਰ
ਕਿਉਂ ਅਸੀਂ ਕਰ ਖਤਮ ਰਹੇ ਹਾਂ
ਖੁਸ਼ੀਆਂ ਭਰਿਆ ਸਾਂਝਾ ਸੰਸਾਰ
ਕਿਉਂ ਪ੍ਰੇਮ ਪਿਆਰ ਦੀ ਨੀਂਹ ਤੇ
ਨਹੀਂ ਉੱਸਰ ਰਹੇ ਨਵੇਂ ਪਰਿਵਾਰ
ਕਿਉਂ ਅਸੀਂ ਗਾ ਨਹੀਂ ਸਕਦ
ਰਾਗ ਬਸੰਤ ਮੇਘ ਮਲਹਾਰ
ਕਿਉਂ ਪੁੰਗਰਦੀਆਂ ਕੋਮਲ ਕਲੀਆਂ
ਤੇ ਨਹੀਂ ਕਰਦੇ ਤੁਸੀਂ ਉਪਕਾਰ
ਕਿਉਂ ਨਹੀਂ ਸਾਰੇ ਇਕੱਠੇ ਹੋ ਕੇ
ਮਾਰਦੇ ਫਿਰ ਇੱਕ ਹੰਭਲਾ ਯਾਰ
ਕਿਉਂ ਹਰ ਘਰ ਵਿਚ ਪਿਆਰ ਦਾ ‘ਦੀਪਕ’
ਨਹੀਂ ਜਗਾਉਂਦੇ ਫਿਰ ਇਕ ਵਾਰ।

## ਆਪਣਾ ਦੇਸ

ਦੇਸ਼ ਵਾਸੀਓ ਦੇਸ਼ ਆਪਣੇ ਨੂੰ
ਸਮਝ ਲਓ ਆਪਣਾ ਦੇਸ਼
ਹਰ ਪ੍ਰਾਂਤ ਹਰ ਸ਼ਹਿਰ ਤੇ ਪਿੰਡ ਵਿਚ
ਰਲ ਮਿਲ ਕਰੋ ਪ੍ਰਵੇਸ਼
ਜਿਸ ਦੇਸ਼ ਦੀ ਧਰਤੀ ਉੱਤੇ
ਜਨਮ ਲਏ ਗੁਰੂਆਂ ਅਵਤਾਰਾਂ
ਜਿਸ ਦੀ ਅਣਖ ਦੀ ਕਰ ਗਏ ਰਾਖੀ

ਸੋਹਣੇ ਸੂਰਵੀਰ ਹਜ਼ਾਰਾਂ
ਪ੍ਰਬਤ ਜਿਸਦੇ ਛੋਂਹਦੇ ਅੰਬਰ
ਨਿਰਮਲ ਸੋਮਿਆਂ ਦੀਆਂ ਫੁਹਾਰਾਂ
ਜਿਸਦੇ ਚੱਪੇ ਚੱਪੇ ਉੱਤੇ
ਖਿੜੀਆਂ ਰਹਿਣ ਨਿੱਤ ਬਹਾਰਾਂ
ਲਾਉ ਨਾ ਇਸ ਦੇ ਨਾਂ ਨੂੰ ਠੇਸ
ਦੇਸ ਵਾਸੀਓ ਦੇਸ਼ ਆਪਣੇ ਨੂੰ
ਸਮਝ ਲਓ ਆਪਣਾ ਦੇਸ਼
ਜਿਸ ਧਰਤੀ ਦੀ ਕੋਮਲ ਹਿੱਕ ਤੇ
ਮੀਰਾ ਗਾਏ ਭਗਤੀ ਦੇ ਗੀਤ
ਜਿਥੇ ਝਾਂਸੀ ਦੀ ਰਾਣੀ ਨੇ
ਜਿੰਦ ਵਾਰਨ ਦੀ ਪਾਈ ਰੀਤ
ਜਿਥੇ ਰਿਸ਼ੀਆਂ, ਮੁਨੀਆਂ ਪੀਰਾਂ
ਸਦਾ ਅਲਾਪੇ ਪ੍ਰੇਮ ਸੰਗੀਤ
ਜਿਥੇ ਪਲ ਪਲ ਟੁੰਬਦੀ ਰਹੇ
ਦੇਸ਼ ਪਿਆਰ ਦੀ ਸੁੱਚੀ ਪ੍ਰੀਤ
ਰਲ ਕੇ ਸਾਰੇ ਇਸ ਧਰਤੀ ਨੂੰ
ਮੰਨੋ ਰਾਣੀ ਜਗਤ ਨਰੇਸ਼
ਦੇਸ਼ ਵਾਸੀਓ ਦੇਸ਼ ਆਪਣੇ ਨੂੰ
ਸਮਝ ਲਓ ਆਪਣਾ ਦੇਸ਼

## ਪਿਆਰ ਦਾ ਦੀਪਕ

ਦੇਣ ਲਈ ਜੀਵਨ ਵਰਦਾਨ
ਨਿੱਤ ਨਵਾਂ ਚੜ੍ਹਦਾ ਹੈ ਸੂਰਜ
ਕਰਨ ਲਈ ਉਸਦਾ ਸਨਮਾਨ
ਪਹਿਲੋਂ ਫੁੱਟਦੀ ਹੈ ਨਵੀਂ ਪਹੁ
ਨਿਗਲ ਜਾਂਦੀਆਂ ਨੇ ਘੁੱਪ ਹਨੇਰਾ

ਸੂਰਜ ਦੀਆਂ ਕਿਰਨਾਂ ਦੀ ਤਿੱਖੀ ਲੋ
ਸ਼ਾਂਤ ਵਿਸ਼ਾਲ ਧਰਤੀ ਦੀ ਹਿੱਕ ਤੇ
ਫਿਰ ਜਨਮ ਲੈਂਦੀ ਹੈ, ਨਵੀਂ ਸਵੇਰ
ਸੁੰਦਰ ਕਲੀਆਂ ਫੁੱਲ ਮਹਿਕਦੇ
ਖਿੜ ਪੈਂਦੇ ਨੇ ਚਾਰ ਚੁਫੇਰ
ਚਿੱਤਰਕਾਰ ਨੇ ਸਾਰੀ ਸ੍ਰਿਸ਼ਟੀ
ਸਾਜੀ ਸੀ ਸੰਸਾਰ ਲਈ
ਪਿਆਰ ਤੇ ਇਸ ਦੀ ਨੀਂਹ ਰੱਖੀ ਸੀ
ਸੁਖੀ ਜੀਵਨ ਤੇ ਸਤਿਕਾਰ ਲਈ
ਰਿਸ਼ੀਆਂ, ਮੁਨੀਆਂ, ਗੁਰੂਆਂ ਪੀਰਾਂ
ਫਿਰ ਜਨਮ ਲੈ ਕੇ ਇਸ ਧਰਤੀ ਤੇ
ਕਲਯੁੱਗ ਦੇ ਵਿਚ ਗੀਤ ਸਿਖਾਏ
ਪ੍ਰੇਮ ਪਿਆਰ ਤੇ ਭਗਤੀ ਦੇ
ਪਰ ਪਤਾ ਸੀ ਕੀ ਚਿੱਤਰਕਾਰ ਨੂੰ
ਕੀ ਬੰਦੇ ਨੂੰ ਹੋ ਜਾਏਗਾ
ਮਜ਼੍ਹਬਾਂ ਦੀ ਉਲਝਣ ਵਿਚ ਫਸ ਕੇ
ਜਣਨੀ ਦੀਆਂ ਵੰਡੀਆਂ ਪਾਵੇਗਾ
ਰਾਮ ਰਹੀਮ, ਪੁਰਾਣ, ਕੁਰਾਨ
ਦੇ ਸ਼ਬਦਾਂ ਨੂੰ ਭੁੱਲ ਜਾਵੇਗਾ
ਭਾਰਤ ਦੇ ਹਰ ਕੋਨੇ ਦੇ ਵਿਚ
ਅਣਗਿਣਤ ਸਿਵੇ ਜਲਾਏਗਾ
ਗੁਰਦਵਾਰੇ, ਮਸਜਿਦ, ਮੰਦਰ
ਗਿਰਜਾ ਘਰਾਂ ਨੂੰ ਢਾਵੇਗਾ
ਗੁਰੂ ਨਾਨਕ, ਮੁਹੰਮਦ
ਸ੍ਰੀ ਕ੍ਰਿਸ਼ਨ ਮਸੀਹਾ
ਦੀ ਇੱਜ਼ਤ ਨੂੰ ਹੱਥ ਪਾਵੇਗਾ
ਲਾਲ ਪਰਾਂਦੇ, ਸ਼ਗਨਾਂ ਦੇ ਚੂੜੇ
ਤੇ ਰੀਝਾਂ ਭਰੇ ਮੰਗਲ ਸੂਤਰ
ਪਲ ਹੀ ਪਲ ਵਿਚ ਪਿੰਘਲ ਪਿੰਘਲ ਕੇ
ਬਣ ਜਾਣਗੇ ਕੋਝੇ ਪੱਥਰ

ਗਮ ਕਰਮਾਂ ਦੇ ਬਹੂ ਬੇਟੀਆਂ ਲਈ
ਉਮਰ ਸਦੀਵੀ ਬਣ ਜਾਣਗੇ
ਕਾਲੇ ਮੋੜ, ਲੰਬੇ ਚੱਕਰ

ਕਿਉਂ ਅੱਧ ਸੜੀਆਂ ਲਾਸ਼ਾਂ
ਤੇ ਪਿੰਜਰਾਂ ਦੇ ਧੂੰਏ
ਬਣ ਕ ਕਾਲੇ ਲਾਗ
ਅੰਬਰਾਂ ਤੇ ਛਾ ਰਹੇ ਨੇ
ਕਿਉਂ ਭਾਰਤ ਮਾਂ ਦੀ ਠੰਢੀ ਹਿੱਕ ਨੂੰ
ਘਿਰਣਾ ਦੇ ਬਦਲ ਬਣ ਅੰਗਿਆਰ
ਧਕੇ ਨਾਲ ਗਰਮਾ ਰਹੇ ਨੇ
ਕਿਉਂ ਮਜ਼ਬਾਂ ਦੇ ਖੋਖਲੇ ਝਗੜੇ
ਬਰਛੇ ਤੇ ਤਲਵਾਰਾਂ ਬਣਕੇ
ਬਿਜਲੀਆਂ ਚਮਕਾ ਰਹੇ ਨੇ
ਕਿਉਂ ਅੱਜ ਭਾਰਤ ਮਾਂ ਦੇ ਜਾਏ
ਪੂਰਬ ਪੱਛਮ ਉੱਤਰ ਦੱਖਣ ਦੇ ਵਿਚ
ਮਿਲ ਕੇ ਰਹਿਣੋਂ ਵੀ ਸ਼ਰਮਾ ਰਹੇ ਨੇ

ਮੇਰੇ ਦੇਸ਼ ਦੇ ਆਗੂ ਵੀਰੋ
ਨੌਜਵਾਨੋ, ਰਾਂਝੇ ਤੇ ਹੀਰੋ
ਸੁਣ ਲਉ ਦੁੱਖ ਭਰੀ ਆਵਾਜ਼
ਨਫਰਤ ਭਰੇ ਜੇ ਬੱਦਲਾਂ ਤੋਂ ਹੁਣ
ਰਹਿਤ ਨਾ ਕੀਤਾ ਤੁਸਾਂ ਆਕਾਸ਼
ਨਵੀਂ ਪਹੁ ਫਿਰ ਕਦੀ ਨਹੀਂ ਫੁੱਟਣੀ
ਨਹੀਂ ਹੋਣਾ ਸੂਰਜ ਦਾ ਪ੍ਰਕਾਸ਼
ਨਵੀਂ ਸਵੇਰ ਫਿਰ ਕਦੀ ਨਹੀਂ ਆਉਂਣੀ
ਬਣ ਜਾਉਗੇ ਧਰਤੀ ਤੇ ਇਕ ਪਾਪ
ਜਿਸ ਮਾਂ ਦੀ ਆਣ ਦੀ ਖਾਤਰ
ਜਿੰਦ ਵਾਰੀ ਸੀ ਰਾਣੀ ਝਾਂਸੀ
ਜਿਸ ਮਾਂ ਦੀ ਸ਼ਾਨ ਦੀ ਖਾਤਰ,

ਊਧਮ ਸਿੰਘ ਸੀ ਚੜ੍ਹਿਆ ਫਾਂਸੀ
ਮੱਥਾ ਟੇਕ ਕੇ ਰੁੱਸੀ ਮਾਂ ਨੂੰ ਲਵੋ ਮਨਾ
ਹਿੰਦੂ, ਮੁਸਲਿਮ ਸਿੱਖ ਈਸਾਈਓ ਹੋ ਕੇ ਇਕੱਠੇ
ਪਿਆਰ ਦਾ 'ਦੀਪਕ' ਲਓ ਜਗਾ

## ਚਿੱਟੀ ਚਾਦਰ

ਮਨੁੱਖਤਾ ਦੀ ਚਿੱਟੀ ਚਾਦਰ ਤੇ
ਮੈਂ ਹਾਂ ਇਕ ਕਾਲਾ ਦਾਗ਼
ਕਈ ਕਹਿਣ ਸੱਪ ਦੋ ਮੂਹਾਂ
ਕਈ ਕਹਿਣ ਮੈਨੂੰ ਕਾਲਾ ਨਾਗ
ਲੈ ਕੇ ਦਾਗ਼ਾਂ ਵਾਲੀ ਚਾਦਰ
ਗਾਉਂਦਾ ਫਿਰਦਾ ਇਹੋ ਰਾਗ
ਲੱਭ ਦਿਉ ਕੋਈ ਨਿਰਮਲ ਸੋਮਾ
ਧੋਣ ਲਈ ਪਾਪਾਂ ਦੇ ਦਾਗ਼

ਭਟਕ ਰਹੇ ਇਸ ਕਲਯੁਗ ਅੰਦਰ
ਕਈ ਚਿੱਟੀਆਂ ਚਾਦਰਾਂ ਵਾਲੇ
ਕੀੜਿਆਂ ਵਾਂਗੂੰ ਖੰਭ ਖਿਲਾਰੀ
ਨਹੀਂ ਲੱਗ ਸਕੇ ਪਾਰ ਕਿਨਾਰੇ
ਤੇਰੀ ਰਹਿਮਤ ਦੇ ਹੀ ਕਾਰਣ
ਮੈਨੂੰ ਮਿਲਿਆ ਹੈ ਕੁਛ ਆਦਰ
ਤਾਹੀਓਂ ਚੁੱਕ ਕੇ ਫਿਰ ਰਿਹਾ ਹਾਂ
ਲੈ ਕੇ ਦਾਗ਼ਾਂ ਵਾਲੀ ਚਾਦਰ

ਮੇਰੇ ਕੋਲ ਜੋ ਵੀ ਆਇਆ
ਉਸਦਾ ਮੈਂ ਕੀਤਾ ਸਤਿਕਾਰ
ਦਿਨ ਰਾਤ ਉਨ੍ਹਾਂ ਸਿਰ ਤੇ ਚੁਕ ਕੇ

ਸੱਚੇ ਦਿਲ ਨਾਲ ਕੀਤਾ ਪਿਆਰ
ਸਭ ਨੇ ਮੈਨੂੰ ਦਿੱਤਾ ਧੋਖਾ
ਰਜਕੇ ਕੀਤਾ ਮੈਨੂੰ ਖੁਆਰ
ਲੱਤਾਂ ਮੇਰੀਆਂ ਰਹੇ ਖਿੱਚਦੇ
ਭੈਣ ਭਰਾ ਸਭ ਦੋਸਤ ਯਾਰ
ਹਰ ਕਦਮ ਤੇ ਕੀਤੀ ਨਿੰਦਿਆ
ਮੇਰੀ ਤੇ ਮੇਰੇ ਪਰਿਵਾਰ
ਘਰਦੀ ਲਾਜ ਸ਼ਰਮ ਦੇ ਸਦਕੇ
ਕਰਦਾ ਰਿਹਾ ਹਾਂ ਫਿਰ ਵੀ ਆਦਰ

ਮੇਰਾ ਈਸ਼ਵਰ ਹੈ ਸ਼ਕਤੀਵਾਨ
ਪਾਪਾਂ ਭਰਿਆ ਮੈਂ ਇਨਸਾਨ
ਇਸ ਦੁਨੀਆਂ 'ਚ ਆਇਆ ਤੇਰੀ
ਥੋੜ੍ਹੇ ਚਿਰ ਲਈ ਬਣ ਮਹਿਮਾਨ
ਖਾ ਖਾ ਕੇ ਮਾਰ ਕਲਯੁੱਗ ਦੀ
ਡੋਲ ਗਿਆ ਮੇਰਾ ਈਮਾਨ
ਪਲ ਪਲ ਜੋੜ ਹੱਥ ਹੁਣ ਦੋਵੇਂ
ਮੰਗਾਂ ਹੁਣ ਇਕੋ ਵਰਦਾਨ
ਕਰਦੇ ਮੇਰਾ ਚਿੱਤ ਇਕਾਗਰ
ਸਿਰ ਚੁੱਕ ਕੇ ਜੋ ਫਿਰ ਤੁਰ ਸਕਾਂ
ਲੈ ਕੇ ਦਾਗ਼ਾਂ ਵਾਲੀ ਚਾਦਰ

## ਗੂੜ੍ਹੇ ਦਾਗ਼

ਤੜਕੇ ਉੱਠ ਕਰਮਾਂ ਦੀ ਚਾਦਰ
ਮਲ ਮਲ ਅਪਣੇ ਹੱਥੀਂ ਧੋਵਾਂ
ਗੂੜ੍ਹੇ ਦਾਗ਼ ਨਾ ਮਿਟਦੇ ਮੈਥੋਂ
ਬਿੰਦ ਬਿੰਦ ਬੁੱਕ ਬੁੱਕ ਰਹਿੰਦਾ ਰੋਵਾਂ

ਜਦੋਂ ਸੀ ਮੈਂ ਚਾਦਰ ਓਹੜੀ
ਦੁੱਧੋਂ ਚਿੱਟੀ ਸੀ ਇਹ ਕੋਰੀ
ਪਹਿਲੋਂ ਰਿੜ੍ਹਦਾ, ਮਗਰੋਂ ਤੁਰਦਾ
ਲੈ ਕੇ ਚਾਦਰ ਰਿਹਾ ਫਿਰਦਾ
ਪੱਕਾ ਹੈ ਸਭ ਮੈਨੂੰ ਯਾਦ
ਨਹੀਂ ਲਗਾ ਸੀ ਕੋਈ ਦਾਗ਼
ਬਚਪਨ ਲੰਘਿਆ ਆਈ ਜਵਾਨੀ
ਹੋਣ ਲੱਗੀ ਫਿਰ ਮੇਰੀ ਹਾਨੀ
ਲੇਖਕ ਲਿਖੇ ਕੁਛ ਐਸੇ ਭਾਗ
ਦਿਸਨੋ ਹੱਟ ਗਏ ਕਾਲੇ ਦਾਗ਼
ਲੱਗੀਆਂ ਗ੍ਰਿਹਸਤ ਦੀਆਂ ਜ਼ੰਜੀਰਾਂ
ਉੱਕਰ ਦਿੱਤੀਆਂ ਨਵੀਆਂ ਲਕੀਰਾਂ
ਨਿੱਕੀ ਚਾਦਰ ਹੋ ਗਈ ਵੱਡੀ
ਢਕਿਆ ਪੈਰ ਪਰ ਨੰਗੀ ਅੱਡੀ
ਗਾਲ ਕੇ ਜੀਵਨ ਦੇ ਬਹੁ ਸਾਲ
ਬਿੰਦ ਬਿੰਦ ਆਵੇ ਇਹੋ ਖਿਆਲ
ਉੱਪਰ ਲੈ ਕੇ ਮੈਲੀ ਚਾਦਰ
ਕਿਵੇਂ ਕਰਾਂ ਮੈਂ ਚਿੱਤ ਇਕਾਗਰ
ਤੜਕੇ ਉੱਠ ਕਰਮਾਂ ਦੀ ਚਾਦਰ
ਮਨ ਮਨ ਅਪਣੇ ਹੱਥੀਂ ਧੋਵਾਂ
ਗੂੜ੍ਹੇ ਦਾਗ਼ ਨਾ ਮਿਟਦੇ ਮੈਥੋਂ
ਨਿੰਮੋ ਝੂਣਾਂ ਬੁੱਕ ਬੁੱਕ ਰੋਵਾਂ।

## ਕਿਵੇਂ ਬਲੇਗਾ ਦੀਵਾ ਰਾਤੀਂ

ਕਿਵੇਂ ਬਲੇਗਾ ਦੀਵਾ ਰਾਤੀਂ
ਸ਼ਾਮੀਂ ਤੇਲ ਨਾ ਪਾਇਆ
ਲੰਮੀ ਰਾਤ ਗੰਵਾਈ ਸੌਂ ਕੇ

ਨਵਾਂ ਸਵੇਰਾ ਆਇਆ

ਘੜੀ ਦੀ ਹਰ ਟਿਕ ਟਿਕ ਨਾਲ
ਬੀਤੇ ਦਿਨ ਮਹੀਨੇ ਸਾਲ
ਦਿਲ ਕਿਮਾਗ਼ 'ਚ ਮਨ ਦਾ ਚੋਰ
ਹਰ ਪਲ ਕਹੇ ਸੌਂ ਲੈ ਹੋਰ
ਪੁੱਛੇ ਨਾਲੇ ਇਹੋ ਸਵਾਲ
ਮਨ ਮੰਦਰ ਵਿਚ ਪਾ ਕੇ ਝਾਤੀ
ਦਸ ਕਿਵੇਂ ਬਲੇਗਾ ਦੀਵਾ ਰਾਤੀਂ
ਸ਼ਾਮੀ ਤੇਲ ਨਾ ਪਾਇਆ
ਲੰਮੀ ਰਾਤ ਗੰਵਾਈ ਸੌਂ ਕੇ
ਫਿਰ ਨਵਾਂ ਸਵੇਰਾ ਆਇਆ

ਕਈ ਨਿਕਲੀਆਂ ਪੱਤਝੜ ਰੁਤਾਂ
ਨਵੀਆਂ ਨਿਤ ਬਹਾਰਾਂ
ਰਲ ਮਿਲ ਮਿੱਠੇ ਗੀਤ ਗਾਏ
ਮਿੱਤਰਾਂ ਦੋਸਤਾਂ ਯਾਰਾਂ
ਹੋ—ਗਈ ਜਦ ਉਮਰ ਸਿਆਣੀ
ਉੱਠੇ ਇਹੋ ਸਵਾਲ
ਮਨ ਮੰਦਰ ਵਿਚ ਮਾਰਕੇ ਝਾਤੀ
ਦੱਸ ਕਿਵੇਂ ਬਲੇਗਾ ਦੀਵਾ ਰਾਤੀਂ
ਸ਼ਾਮੀ ਤੇਲ ਨਾ ਪਾਇਆ
ਲੰਬੀ ਰਾਤ ਗੰਵਾਈ 'ਦੀਪਕ'
ਨਵਾਂ ਸਵੇਰਾ ਆਇਆ

# ਸੁਆਸ

ਦੇ ਕੇ ਜੀਵਨ ਜਦੋਂ ਦਾ- ਸੁਆਸਾਂ ਭਰਿਆ
ਸੁਆਸ ਸੁਆਸ ਰਸ ਮਾਨਣ ਯੋਗ ਕੀਤਾ ਹੈ
ਅਣਗਿਣਤ ਸੁਆਸਾਂ ਦੀ ਇਕ ਅਣਮੁੱਕਵੀਂ ਲੜੀ।
ਪਲ ਪਲ ਘੰਟੇ ਘੰਟੇ, ਦਿਨ, ਰਾਤ ਮਹੀਨਿਆਂ ਤੇ
ਸਾਲਾਂ ਰੂਪੀ ਮੋਤੀਆਂ ਦੀ ਇਕ ਪੱਕੀ ਡੋਰ ਬਣ
ਤੇਰੇ ਸੁੰਦਰ ਹੱਥਾਂ ਨੂੰ ਲਪੇਟੇ ਪਾ ਕੇ ਚਿਮੜਦੀ ਜਾ ਰਹੀ ਹੈ।
ਪਲ ਪਲ ਸੁਆਸ ਲੈਂਦਾ ਹੋਇਆ
ਸੁਆਸਾਂ ਦੀ ਗੰਢ ਹਲਕੀ ਜਿਹੀ ਹੁੰਦੀ ਜਾਪਦੀ ਵੇਖ
ਸੋਚਾਂ ਵਿਚ ਪੈ ਜਾਂਦਾ ਹਾਂ
ਇਉਂ ਜਾਪਦਾ ਹੈ ਕਿਤੇ ਖਾਲੀ ਗਠੜੀ ਲੈ ਕੇ ਹੀ ਤਾਂ
ਤੇਰੇ ਵੱਲ ਨਹੀਂ ਆ ਰਿਹਾ
ਤਾਹੀਓਂ ਹੀ ਹੁਣ ਹਰ ਸੁਆਸ ਵੀ ਟੁੰਬਦਾ ਹੈ
ਪਹਿਚਾਣ ਪੱਕੀ ਕਰਨ ਲਈ
ਜਿਸਨੇ ਦੇ ਕੇ ਸੁਆਸ ਮੈਨੂੰ
ਸੁਆਸ ਸੁਆਸ ਰਸ ਮਾਨਣ ਦੇ ਯੋਗ ਕੀਤਾ
ਤੇ ਇਹ ਸੁਆਸ ਅਣਗਿਣਤ ਸੁਆਸਾਂ
ਦੀ ਪਲ ਪਲ, ਘੰਟੇ ਘੰਟੇ ਮਹੀਨਿਆਂ
ਤੇ ਸਾਲਾਂ ਰੂਪੀ ਮੋਤੀਆਂ ਦੀ ਇਕ
ਪੱਕੀ ਡੋਰੀ ਬਣਕੇ ਤੇਰੇ ਹੱਥਾਂ ਵਿਚ
ਲਪੇਟੇ ਖਾਂਦੀ ਸੁਕੜਦੀ ਜਾ ਰਹੀ ਹੈ
ਖਿਚਦੀ ਹਲਕੀ ਜਿਹੀ ਸੁਆਸਾਂ
ਦੀ ਗੱਠੜੀ ਸਿਰ ਤੇ ਚੁੱਕੇ
ਆ ਰਹੇ ਨੂੰ ਵੱਲ ਤੇਰੇ

## ਸ਼ੀਤ ਜਵਾਲਾ

ਮੇਰੇ ਹਿਰਦੇ ਅੰਦਰ ਧੁੱਖਦੀ
ਤੇਰੇ ਪ੍ਰੇਮ ਦੀ ਸ਼ੀਤ ਜਵਾਲਾ
ਚਹੁੰ ਚਫੇਰੇ ਹਨੇਰਾ ਅੰਬਰ
ਨਹੀਂ ਦਿਸਦਾ ਕਿਤੇ ਉਜਾਲਾ
ਤੇਰੇ ਪਿਆਰ ਦੇ ਗੀਤ ਮੈਂ ਗਾਵਾਂ
ਫੇਰਾਂ ਹਰ ਦਮ ਪ੍ਰੀਤ ਦੀ ਮਾਲਾ
ਤੇਰੀ ਸੁੰਦਰਤਾ ਦਾ ਪ੍ਰਛਾਵਾਂ
ਲੱਗਦਾ ਸੁੰਦਰ ਬਹੁਤ ਨਿਰਾਲਾ
ਜੇਠ ਹਾੜ ਦੇ ਲੰਘ ਗਏ ਸਾੜੇ
ਠੁਰ ਠੁਰ ਕਰਦਾ ਸਰਦ ਸਿਆਲਾ
ਤੇਰੇ ਦਰਸ਼ਨ ਪਾਉਣ ਲਈ ਤੈਨੂੰ
ਕਿੱਥੋਂ ਲੱਭਾਂ ਮੇਰੇ ਦੀਨ ਦਿਆਲਾ
ਜਦੋਂ ਕਦੀ ਆਉਂਦਾ ਮੈਨੂੰ ਖਿਆਲ
ਦਿਲ ਵਿਚ ਉੱਠਦਾ ਇੱਕ ਸਵਾਲ
ਕਿਵੇਂ ਬਣਾਇਆ ਮੈਨੂੰ ਇਨਸਾਨ
ਕਰਕੇ ਕਿਰਪਾ ਤੂੰ ਦੀਨ ਦਿਆਲ
ਨਾਂ ਬਣਿਆ ਫਿਰ ਵੀ ਮੈਂ ਬੰਦਾ
ਨਾ ਕੀਤਾ ਕੋਈ ਕੰਮ ਚੰਗਾ
ਤੂੰ ਕਿਹਾ ਸੀ ਕਰਨਾ ਹੈ ਪਿਆਰ
ਦੁੱਖ ਸੁੱਖ ਦਾ ਕਰਨਾ ਸਤਿਕਾਰ
ਸੱਚ ਦੀ ਰਾਹ ਚਲਣੋ ਨਹੀਂ ਡੋਲਣਾ
ਝੂਠ ਕੁਫਰ ਦਾ ਪਾਜ ਹਰ ਥਾਂ ਫੋਲਣਾ
ਜੋ ਕਿਛ ਤੂੰ ਕਿਹਾ ਮੈਂ ਨਹੀਂ ਕੀਤਾ
ਅੰਮ੍ਰਿਤ ਤੇਰੇ ਸਬਕ ਦਾ ਨਹੀਂ ਪੀਤਾ
ਮੈਂ ਤੇਰੇ ਕੋਲ ਜਦੋਂ ਹੁਣ ਆਊਂ
ਕਾਲਾ ਮੂੰਹ ਤੈਨੂੰ ਕਿਵੇਂ ਦਿਖਾਊਂ
ਦੇਖ ਭੱਦੀ ਮੇਰੀ ਤਸਵੀਰ

ਕਿਵੇਂ ਲਿਖੇਂਗਾ ਮੇਰੀ ਤਕਦੀਰ
ਆਦਮੀ ਬਣ ਕੇ ਵੀ ਨਾ ਬਣਿਆ ਆਦਮੀ
ਕੀਤਾ ਕਦੇ ਨਾ ਕੁਛ ਜੋ ਸੀ ਲਾਜ਼ਮੀ
ਕਹਿੰਦੇ ਨੇ ਜੂਨਾਂ ਵਿੱਚ ਪਾਉਂਦਾ ਹੈ ਤੂੰ
ਬਣਾ ਕੇ ਖੋਤੇ ਘੋੜੇ ਘੁਮਾਉਂਦਾ ਹੈਂ ਤੂੰ
ਤੂੰ ਚਾਹੇਂ ਬੱਕਰੀ ਬਣ ਜਾਵੇ ਸ਼ੇਰ
ਪਲ ਵਿਚ ਮੱਛਰਾਂ ਮੱਖੀਆਂ ਦੇ
ਲਾ ਦੇਵੇਂ ਢੇਰ
ਹੌਲੀ ਹੌਲੀ ਸਮਝ ਹੈ ਮੈਨੂੰ ਆ ਰਹੀ
ਦਿਨ ਬ-ਦਿਨ ਅਕਲ ਵੀ ਸ਼ਰਮਾ ਰਹੀ
ਲਗ ਗਿਆ ਕਰਨ ਮੈਂ ਹੁਣ ਤੈਨੂੰ ਯਾਦ
ਪਵੇ ਨਾ ਪਛਤਾਉਣਾ ਫਿਰ ਬਾਅਦ
ਕਰ ਰਿਹਾ ਕੋਸ਼ਿਸ਼ ਬਨਣ ਨੂੰ ਆਦਮੀ
ਸਿੱਖ ਰਿਹਾ ਹਾਂ ਕਰਨਾ ਜੋ ਹੈ ਲਾਜ਼ਮੀ

## ਦੇਖਣ ਦੀ ਰੀਝ

ਜਦੋਂ ਦਾ ਆਇਆ ਹਾਂ ਤੇਰੇ ਸੰਸਾਰ ਵਿਚ
ਦੇਖਦਾ ਆਇਆ ਹਾਂ ਤੇਰੀ ਹੋਂਦ ਨੂੰ
ਸੂਰਜ ਦੀਆਂ ਕਿਰਨਾ ਦੀ ਤੱਪਸ਼ ਨੂੰ
ਆਸਮਾਨ ਦੇ ਰੰਗ ਬਰੰਗੇ ਅੱਕਸ ਨੂੰ
ਚੰਨ ਚੌਧਵੀਂ ਦੀ ਚਾਨਣੀ
ਹੱਸ ਹੱਸ ਦਸੇ ਤੇਰਾ ਕਮਾਲ
ਆਕਾਸ਼ ਵਿਚ ਚਮਕਦੇ ਤਾਰਿਆਂ ਦਾ ਜਾਲ
ਹੈ ਨਜ਼ਾਰਾ ਹੋਂਦ ਤੇਰੀ ਦਾ ਬੇਮਿਸਾਲ
ਸ਼ਾਂਤ ਪਰਬਤਾਂ ਦੀ ਉੱਭਰੀ ਦੀਵਾਰ
ਉੱਚੇ ਬਿਰਛ ਫਲਾਂ ਫੁੱਲਾਂ ਦੀ ਬਹਾਰ

ਸ਼ੀਤਲ ਸੋਮਿਆਂ ਚੋਂ ਵਗਦਾ ਨਿਰਮਲ ਜਲ
ਵਿਸ਼ਾਲ ਨਦੀ ਨਾਲਿਆਂ ਦੀ ਲੰਬੀ ਕਤਾਰ
ਗਰਮ, ਸਰਦ ਹਵਾਵਾਂ ਵੀ ਨੇ ਤੇਰੀ ਹੋਂਦ
ਇਹ ਸਾਰਾ ਸੰਸਾਰ ਤੇਰੀ ਗੁੱਝੀ ਗੋਂਦ
ਪਸ਼ੂ, ਪੰਛੀ ਗਾ ਰਹੇ ਨੇ ਤੇਰੇ ਗੀਤ
ਕਿਸ ਤਰ੍ਹਾਂ ਚਲਾਈ ਸ੍ਰਿਸ਼ਟੀ ਦੀ ਰੀਤ
ਤੂੰ ਹੀ ਪੈਦਾ ਕੀਤਾ ਹੈ ਇਨਸਾਨ ਨੂੰ
ਮੇਰੇ ਦਿਲ ਵਿਚ ਪੁੰਗਰ ਪਈ ਹੈ
ਤੈਨੂੰ ਦੇਖਣ ਦੀ ਰੀਝ
ਵੇਖਣ ਲਈ ਤੇਰਾ ਦੀਦਾਰ
ਸਿਖ ਰਿਹਾ ਹਾਂ ਮੈਂ ਤਮੀਜ਼
ਭੁੱਲ ਕੇ ਸਭ ਕੀਤੇ ਮੈਂ ਵਾਅਦੇ
ਜਦੋਂ ਸੀ ਮੈਨੂੰ ਪੈਦਾ ਕੀਤਾ
ਫਸ ਕੇ ਗ੍ਰਿਹਸਤ ਜੰਜਾਲ ਦੇ ਵਿਚ
ਭਰ ਭਰ ਘੁੱਟ ਜਵਾਨੀ ਦਾ ਪੀਤਾ
ਕਦੇ ਨਾ ਕੀਤਾ ਯਾਦ ਮੈਂ ਤੈਨੂੰ
ਬਣ ਬੈਠਾ ਮੈਂ ਤੇਰਾ ਸ਼ਰੀਕ
ਮਹਿਰਮ ਮੇਰੇ ਪਰਵਰਦਗਾਰ
ਪਲ ਲਈ ਦੇ ਦੇ ਦੀਦਾਰ

## ਤੇਰੇ ਦਰਸ਼ਨ

ਅੱਜ ਤੜਕੇ ਆਪ ਨੂੰ
ਸੋਨੇ ਦੇ ਹਰਿਮੰਦਰ ਵਿੱਚ
ਦੀਵਾਨ ਲਾਈ ਵੇਖਿਆ ਮੈਂ ਆਪ
ਚਿਲਕਦੇ ਸੁੰਦਰ ਪੁਸ਼ਾਕੇ
ਤੁਹਾਡੇ ਨੂਰਾਨੀ ਮੁੱਖੜੇ ਦੀ ਲੋ
ਨਾਲ ਵਧੇਰੇ ਸੋਹਣੇ ਲਗਦੇ ਸੀ

ਸਰੋਵਰ ਦੇ ਅੰਮ੍ਰਿਤ ਤੋਂ
ਉਡਾਰੀਆ ਮਾਰਦੀ ਸ਼ੀਤਲ ਹਵਾ
ਸਾਰੇ ਦਰਵਾਜ਼ਿਆਂ ਵਿਚ ਬੈਠੇ
ਸ਼ਰਧਾਲੂਆਂ ਦੇ ਪਿੰਡਿਆਂ ਨੂੰ ਠਾਰਦੀ
ਤਾਰੀਆਂ ਲਾ ਆਉਂਦੀ ਤੇ ਜਾਂਦੀ
ਵੇਖੀ ਹੈ ਮੈਂ ਅੱਜ ਆਪ
ਆਪ ਜੀ ਦੇ ਨੂਰਾਨੀ ਮੁੱਖੜੇ ’ਚੋਂ
ਅੱਜ ਦਾ ਹੁਕਮ ਸੁਨਣ ਲਈ ਸਾਰੇ ਯਾਤਰੀ
ਅੱਖਾਂ ਮੀਟ ਕੇ ਤੁਹਾਡੀ ਗੋਦ ਦਾ ਨਿੱਘ
ਰਸ ਮਾਣਦੇ ਵੀ ਵੇਖੇ ਮੈਂ ਅੱਜ
ਕਿੰਨਾ ਸੁੰਦਰ ਹੁਕਮ ਸੀ ਸੋਰਠ ਰਾਗ ਵਿਚ
ਸਾਹਿਬ ਤੂੰ ਹੈ ਮਿਹਰਬਾਨ
ਤੂੰ ਦਿੰਦਾ ਸਭਨਾਂ ਨੂੰ ਦਾਨ
ਤੇਰੇ ਘਰੋਂ ਕੋਈ ਖਾਲੀ ਨਹੀਂ ਆਇਆ
ਸਭ ਦੀਆਂ ਝੋਲੀਆਂ ਭਰੀਆਂ ਵੇਖੀਆਂ
ਮੈਂ ਅੱਜ ਸਵੇਰੇ ਹਰਿਮੰਦਰ ਵਿਚ
ਤੇ ਮੈਂ ਕਿਵੇਂ ਕਹਾਂ ਮੈਂ ਹਾਂ ਸੱਖਣਾ
ਤੇਰੀ ਓਟ ਸਦਕੇ ਹੀ ਤਾਂ
ਮੈਂ ਆਪਣੇ ਅਵਗੁਣ
ਲੁਕਾਈ ਫਿਰਦਾ ਹਾਂ ਇਸ ਕਲਯੁੱਗ ਵਿਚ
ਮੈਨੂੰ ਤੇਰਾ ਸ਼ੁਕਰ ਕਰਨ ਦੀ
ਸ਼ਕਤੀ ਦੀ ਲੋੜ ਹੈ
ਦੇ ਦੇ ਮੈਨੂੰ ਇਹ ਸ਼ਕਤੀ
ਐਨੀ ਸ਼ਕਤੀ
ਕਿ ਤੇਰੇ ਕੋਲ ਆ ਕੇ ਮੈਂ
ਹੋ ਜਾਵਾਂ ਤੇਰੇ ਚਰਨਾਂ ਦੀ
ਛੋਹ ਮਾਨਣ ਯੋਗ

ਉਪਕਾਰ

ਕਦੇ ਕਦੇ ਡੁੱਬਿਆ ਸੋਚਾਂ ਵਿਚ
ਜਦ ਕਰਦਾ ਹਾਂ ਧਿਆਨ ਤੇਰਾ
ਉਸ ਵੇਲੇ ਇਕ ਪਲ ਵਿਚ
ਲੈਣ ਲਗਦਾ ਹਾਂ ਨਾਮ ਤੇਰਾ
ਕਿਸ ਵੇਲੇ ਤੇ ਕਿਸ ਤਰ੍ਹਾਂ ਸੀ
ਤੈਨੂੰ ਮੇਰਾ ਆਇਆ ਖਿਆਲ
ਆਦਮ ਜ਼ਾਤ ਦੀ ਜੂਨ ਬਖਸ਼ ਕੇ
ਮੈਨੂੰ ਕੀਤਾ ਕਿਵੇਂ ਨਿਹਾਲ
ਮੈਨੂੰ ਮੇਰੀ ਮਾਂ ਨੂੰ ਦੇਣ ਦਾ
ਕਿਵੇਂ ਕੀਤਾ ਸੀ ਤੂੰ ਨਿਰਣਾ
ਵਿਚ ਹਨੇਰ੍ਹਿਓਂ ਕੱਢ ਕੇ ਦਾਤਾ
ਲਿਆਂਦਾ ਸੂਰਜ ਦੀਆਂ ਵਿਚ ਕਿਰਨਾਂ
ਮੇਰੀ ਮਾਂ ਤੇ ਪਿਉ ਨੇ ਰਲ ਕੇ
ਕਰਨ ਲਈ ਤੇਰਾ ਸਤਿਕਾਰ
ਸਵਾ ਮਹੀਨੇ ਪਿਛੋਂ ਹੀ
ਰੱਖਿਆ ਨਾਉਂ ਮੇਰਾ ਅਵਤਾਰ
ਪਾਲ ਪੋਸ ਕੇ ਵੱਡਾ ਕੀਤਾ
ਕਰਨ ਲਈ ਕੋਈ ਚੰਗਾ ਕੰਮ
ਉਮਰ ਸਾਰੀ ਹੀ ਬੀਤ ਗਈ ਹੈ
ਨਹੀਂ ਮਿਲਿਆ ਜੀ ਭਰਕੇ ਦਮ
ਤੇਰੇ ਹੁਕਮ ਦਾ ਆਸਰਾ ਲੈ ਕੇ
ਕਰਦਾ ਰਿਹਾ ਹਾਂ ਯਤਨ ਹਜ਼ਾਰ
ਆਵਾਂ ਤੁਰਦਾ ਵੱਲ ਤੇਰੇ ਮੈਂ
ਤੇਰੀ ਲੀਹ ਤੇ ਸਤਿ ਕਰਤਾਰ

ਕਲਯੁੱਗ ਦੇ ਬੇਦਰਦ ਹਿਲੂਣੇ
ਥੋੜੇ ਮਿੱਠੇ ਬਹੁਤ ਸਲੂਣੇ
ਪੈਰ ਪਿੱਛੇ ਨੂੰ ਖਿੱਚਦੇ ਰਹਿਣ

ਤੂੰ ਹੀ ਦਸ ਹੁਣ ਮੇਰੇ ਦਾਤਾ
ਕਰਾਂ ਕੀ ਤੇ ਕੀ ਨਾ ਕਰਾਂ
ਕਿਹੜਾ ਰਸਤਾ ਚੰਗਾ ਪ੍ਰੀਤਮ
ਚੱਲਣ ਤੋਂ ਮੈਂ ਨਾ ਡਰਾਂ
ਜੋ ਕੁੱਝ ਮੰਗਿਆ ਉਹ ਤੂੰ ਦਿੱਤਾ
ਕਰਕੇ ਮੇਰੇ ਤੇ ਉਪਕਾਰ
ਖ਼ੁਸ਼ੀਆਂ ਭਰਿਆ ਜੀਵਨ ਦਿੱਤਾ
ਸੂਰਜ ਵੀ ਬਖਸ਼ਿਸ਼ ਤੇਰੀ ਨਿੰਰਕਾਰ
ਰਾਹ ਸਿੱਧੀ ਤੇ ਰੱਖਣ ਲਈ
ਦਿੱਤੀ ਧੀ ਨੀਰੂ ਦਾਤਾਰ
ਕਰਕੇ ਰਹਿਮਤ ਫਿਰ ਇਕ ਵਾਰ
ਮੇਰੇ ਮੀਤ ਮੇਰੇ ਮਹਿਰਮ ਯਾਰ
ਡੁੱਬਦੀ ਕਿਸ਼ਤੀ ਭਵਸਾਗਰ ਤੋਂ
ਮਾਰਕੇ ਹੰਭਲਾ ਲਾ ਦੇ ਪਾਰ
ਤੇਰੀ ਸੰਗਤ ਦੇ ਵਿਚ ਆ ਕੇ
ਦੇਖਾਂ ਚਿੱਤਰ ਨਿਰੋਲ ਤੇਰਾ
ਤੇਰੀ ਛੋਹ ਦੇ ਨਾਲ ਪਾਤਸ਼ਾਹ
ਬਣਾਂ ਖਿਲੌਣਾ ਅਨਮੋਲ ਤੇਰਾ

## ਬਖ਼ਸ਼ਿਸ਼

ਜਾਓਂ ਪ੍ਰੀਤਮ ਦੇ ਬਲਿਹਾਰੇ
ਜਿਸ ਦੇ ਚੋਜ ਸਦਾ ਨਿਆਰੇ
ਉਸਦੀ ਬਾਣੀ ਹੈ ਅਨਮੋਲ
ਗਾਓ ਸੁਣੋ ਰਹੋ ਸਦਾ ਅਡੋਲ
ਨਿੱਤ ਗਾਓ ਸਤਿਗੁਰੂ ਦੀ ਬਾਣੀ
ਉਠਦੇ ਬਹਿੰਦੇ ਸਦਾ ਪਰਾਨੀ

ਕਰੋ ਯਾਦ ਉਹਨੂੰ ਰੱਖ ਕੇ ਸ਼ਰਧਾ
ਨੀਚੋਂ ਊਚ ਹੈ ਜੋ ਕਰਦਾ
ਕਰੇ ਆਪ ਸਭ ਦੀ ਰਖਵਾਲੀ
ਦੋ ਜਹਾਨਾਂ ਦਾ ਮੇਰਾ ਵਾਲੀ
ਹਰ ਪਿੰਡ, ਹਰ ਕਸਬੇ, ਸ਼ਹਿਰ
ਹਰ ਫੁੱਲ ਪੱਤੇ ਉਸ ਦੀ ਮਿਹਰ
ਸਭ ਸੁੱਚੇ ਜੋ ਕਰਦਾ ਕਰਮ
ਇਹੋ ਦੀਨ ਈਮਾਨ ਤੇ ਧਰਮ
ਉੱਚੇ ਮਾਰਗ ਦੀ ਰੱਖ ਆਸ਼ਾ
ਖ਼ੁਸ਼ੀ ਖ਼ੁਸੀ ਦੇਖ ਜਗਤ ਤਮਾਸ਼ਾ
ਉਸ ਤੋਂ ਜਾਓ ਸਭ ਬਲਿਹਾਰ
ਮੇਰਾ ਪ੍ਰੀਤਮ ਉਹ ਨਿਰੰਕਾਰ
ਸੱਚੇ ਮਾਰਗ ਟੁਰਦਾ ਚੱਲ
ਰਹਿ ਨਿਰਵੈਰ ਸਦਾ ਅਟੱਲ
ਉਸਦੀ ਬਖ਼ਸ਼ਿਸ਼ ਦੇ ਸਹਾਰੇ
ਲੱਗ ਜਾਏਗਾ ਪਾਰ ਕਿਨਾਰੇ
ਉਸ ਦੀ ਬਾਣੀ ਚਿੱਤ ਵਸਾ
ਉਸ ਦੀ ਮਹਿਮਾ ਹਰ ਪਲ ਗਾ
ਰੱਖ ਯਾਦ ਸਦਾ ਤੂੰ ਪਰਾਣੀ

## ਸਤਿਕਰਤਾਰ

ਜੋ ਲਵੇ ਸਤਿਨਾਮ ਦਾ ਨਾ
ਉੱਠ ਸਵੇਰੇ ਕਰੇ ਪ੍ਰਣਾਮ
ਭਲਾ ਹਮੇਸ਼ਾ ਜੋ ਸਭ ਦਾ ਮੰਗੇ
ਕਰਦਾ ਰਹੇ ਸਦਾ ਕੰਮ ਚੰਗੇ
ਵਿੰਗਾ ਨਾ ਹੋਵੇ ਉਸ ਦਾ ਵਲਾ
ਮੇਰੇ ਸਤਿਗੁਰ ਦਾ ਇਕਬਾਲ

ਬਤਿਗੁਰੂ ਅੱਗੇ ਜੋ ਸ਼ੀਸ਼ ਨਿਵਾਵੇ
ਉਸਦੀ ਮਹਿਮਾ ਹਰ ਪਲ ਗਾਵੇ
ਕਦੇ ਨਾ ਵਿਆਪੇ ਉਸ ਨੂੰ ਦੁੱਖ
ਮਿਲ ਜਾਵਣ ਸਾਰੇ ਹੀ ਸੁੱਖ
ਜੋ ਗਾਵੇ ਪ੍ਰੀਤਮ ਦੇ ਗੀਤ
ਰਹੇ ਸੁਰਤ ਉਹਦੀ ਸੁਰਜੀਤ
ਗਾਵੇ ਜੋ ਗੁਰੂ ਦੀ ਬਾਣੀ
ਉਹ ਉੱਚਾ ਸਤਿਪੁਰਖ ਪਰਾਣੀ
ਗਾਵੇ ਸੁਣੇ ਉਹ ਨੂੰ ਰੱਖੇ ਚਿੱਤ
ਉਸ ਪਰਾਣੀ ਦੀ ਹਰ ਥਾਂ ਜਿੱਤ
ਕੂੜੇ ਕੰਮੀਂ ਨਾ ਮੋਹ ਪਾਵੇ
ਮਹਾਂ ਗਿਆਨੀ ਉਹ ਕਹਿਲਾਵੇ
ਬਾਲ ਦੇ 'ਦੀਪਕ' ਤੂੰ ਅਵਤਾਰ
ਸਤਿਨਾਮ ਜਪ ਸਤਿਕਰਤਾਰ

## ਸ਼ਕਤੀਮਾਨ

ਹੈ ਈਸ਼ਵਰ ਹੈ ਸ਼ਕਤੀਮਾਨ
ਦੀਨ ਦਿਆਲ ਤੂੰ ਮਿਹਰਬਾਨ
ਹੈ ਕਿਰਪਾਲੂ ਮੇਰੇ ਭਗਵਾਨ
ਕਰਨ ਲਈ ਤੇਰੀ ਸੱਚੀ ਭਗਤੀ
ਦੇ ਦੇ ਮਾਲਕ ਪੂਰੀ ਸ਼ਕਤੀ
ਤੇਰੀ ਮਹਿਮਾ ਅਪਰ ਅਪਾਰ
ਤੇਰਾ ਸੱਚਾ ਉੱਚਾ ਦਰਬਾਰ
ਤੇਰੇ ਘਰੋਂ ਕੋਈ ਗਿਆ ਨਾ ਖਾਲੀ
ਸੁੱਚੀਆਂ ਮਿਹਰਾਂ ਦਾ ਤੂੰ ਵਾਲੀ
ਤੇਰੇ ਦਰ ਤੇ ਜੋ ਵੀ ਆਇਆ
ਉਹਨੂੰ ਨਾ ਕੋਈ ਦਿਸੇ ਪਰਾਇਆ

ਦਰ ਤੇਰੇ ਜੋ ਆਏ ਹੱਥ ਜੋੜ
ਦੁੱਖ ਉਸਦੇ ਤੂੰ ਦੇਵੇਂ ਤੋੜ
ਤੂੰ ਕਰਦਾ ਸਭ ਦੀ ਰਖਵਾਲੀ
ਪ੍ਰਭੂ ਦੀਨ ਦੁਨੀਆਂ ਦੇ ਵਾਲੀ
ਲੈ ਆਇਆ ਸ਼ਰਧਾ ਦੇ ਫੁੱਲ
ਬਖਸ਼ ਦੇ ਮੇਰੀ ਤੂੰ ਹਰ ਭੁੱਲ
ਮੇਰੇ ਪ੍ਰੀਤਮ ਮੇਰੇ ਗ਼ਰੀਬ ਨਿਵਾਜ਼
ਪੂਰੇ ਕੀਤੇ ਮੇਰੇ ਸਭ ਕਾਜ
ਦੇ ਬਣਾਂ ਮੇਰੇ ਦਿਲ ਦੇ ਅੰਦਰ
ਲੋਕ-ਪਿਆਰ ਦਾ ਸੁੱਚਾ ਮੰਦਰ
ਜੇ ਕੋਈ ਆਏ ਮੇਰੇ ਕੋਲ
ਸੁਣੇ ਹਮੇਸ਼ਾ ਮਿੱਠੇ ਬੋਲ
ਤੇਰੇ ਅੱਗੇ ਮੈਂ ਸ਼ੀਸ਼ ਨਿਵਾਵਾਂ
ਹਰਦਮ ਮਹਿਮਾ ਤੇਰੀ ਗਾਵਾਂ
ਸਦਕੇ ਮਿਹਰ ਦੇ ਪ੍ਰੀਤਮ ਪਿਆਰੇ
ਲਗ ਜਾਵਾਂ ਮੈਂ ਕਿਸੇ ਕਿਨਾਰੇ
ਤੇਰੀ ਬਾਣੀ ਦੀ ਇਹ ਸ਼ਕਤੀ
ਦੇ ਦੇਵੇ ਮੈਨੂੰ ਵੀ ਮੁਕਤੀ
ਕਿਰਪਾ ਕਰਕੇ ਕਰੋ ਨਿਹਾਲ
ਪਿਆਰ ਦਾ 'ਦੀਪਕ' ਕਿਓ ਹੁਣ ਬਾਲ

## ਪੰਜਾਬੀਅਤ

ਚੀਖਦੀ, ਕੂਕਦੀ ਪੰਜਾਬੀ ਦੀ ਪੰਜਾਬੀਅਤ।
ਪੜਕਦੀ, ਤੱੜਪਦੀ ਅੱਣਖਾਂ ਭਰੀ ਇਨਸਾਨੀਅਤ।
ਸਦੀਆਂ ਤੋਂ ਗੁਲਾਮ ਜ਼ਮੀਰ ਦੀ
ਜ਼ੰਜ਼ੀਰ ਅਜੇ ਟੁੱਟੀ ਨਹੀਂ
ਫੱਟੜ ਹੋਈ ਵਿਲਕਦੀ ਨਾਨਕ ਦੀ ਰੂਹਾਨੀਅਤ

ਭੱਟਕਦੇ ਕਲਯੁਗੀਆਂ ਨੂੰ ਪਾਇਆ ਸੀ ਸਿੱਧੇ ਰਾਹ
ਬੈਂਈ ਦੇ ਖਾਮੋਸ਼ ਕੰਡੇ ਅੱਜ ਵੀ ਨੇ ਪਕੇ ਗਵਾਹ
ਗੁਰਦੁਆਰੇ, ਮੰਦਰਾਂ ਦੀ ਬਦਲ ਗਈ ਹੈ ਹੁਣ ਆਵਾਜ਼
ਬੰਦ ਹੋ ਗਏ ਕੰਨ ਸੁਣਨੋ ਅੱਲਾ ਦੀ ਸ਼ੀਹੀ ਨਵਾਜ਼
ਦੇਖਦੇ ਹੀ ਦੇਖਦੇ, ਕੀ ਹੋਇਆ ਤੇਰੇ ਪੰਜਾਬ ਨੂੰ
ਸਾਂਝੀਵਾਲਤਾ ਦੇ ਪਵਿੱਤਰ ਅਸੂਲਾਂ ਦੀ ਕਿਤਾਬ ਨੂੰ
ਅੱਧ ਮੋਈ, ਸਿਸਕਦੀ ਪੰਜਾਬ ਦੀ ਪੰਜਾਬੀਅਤ
ਮਾਰ ਖਾ ਖਾ ਮੁੱਕ ਰਹੀ ਅੱਣਖਾਂ ਭਰੀ ਇਨਸਾਨੀਅਤ
ਸੱਚੇ ਸੁੱਚੇ ਪਿਆ ਦੀਆਂ ਆਸਾਂ ਮੁਰਾਦਾਂ ਮੁੱਕੀਆਂ
ਸਿਰ ਪੋਲੇ ਹੋ ਗਏ ਖਾ ਖਾ ਹਾਕਮਾਂ ਦੀਆਂ ਜੁੱਤੀਆਂ
ਨਿਕਲ ਗਈਆਂ ਖ਼ੂਨ ਚੋਂ ਤੇਰੇ ਸਬਕਾਂ ਦੀਆਂ ਮਸਤੀਆਂ
ਪੱਗਾਂ ਰੁਲਦੀਆਂ ਵਿਚ ਚੌਰਾਹੇ, ਅੱਣਖਾਂ ਭਰੀਆਂ ਹਸਤੀਆਂ
ਕੀਰਨੇ ਪਾ ਰਹੀ ਪੰਜਾਬੀ ਦੀ ਪੰਜਾਬੀਅਤ
ਟੁਕੜੇ ਟੁਕੜੇ ਹੋ ਰਹੀ ਅੱਣਖਾਂ ਭਰੀ ਇਨਸਾਨੀਅਤ
ਸਬਕ ਜੋ ਸਿਖਾਏ ਸੀ, ਤੁਰ ਤੁਰ ਕੇ ਪੈਦਲ ਕਦੀ
ਅਕਸ ਜੋ ਦਿਖਾਏ ਸੀ ਤੁਰ ਤੁਰ ਕੇ ਪੈਦਲ ਕਦੀ
ਸੱਚੇ ਸੁੱਚੇ ਪਿਆਰ ਦੀ ਅੱਣਖਾਂ ਭਰੀ ਗੋਦ ਦੇ
ਚੱਪੇ ਚੱਪੇ ਪੰਜਾਬੀਆਂ ਨੂੰ ਪੰਜਾਬੀਅਤ ਦੀ ਹੌਂਦ ਦੇ
ਸਿਸਕ ਸਿਸਕ ਮੁੱਕ ਰਹੀ ਪੰਜਾਬੀ ਦੀ ਪੰਜਾਬੀਅਤ
ਤੜਪਦੀ ਦਮ ਤੋੜਦੀ ਦੀਪਕ ਤੇਰੀ ਇਨਸਾਨੀਅਤ

## ਗੀਤਾਂਜਲੀ

ਸੱਜਰੇ ਫੁਲ ਸ਼ਰਧਾ ਦੇ ਸਤਰੰਗੇ
ਸੁੰਦਰ ਦੀਵਿਆਂ ਦੀ ਬਾਲ ਦੀਪਾਵਲੀ
ਬੋਲਦੇ ਅੱਖਰਾਂ ਦੀ ਮਾਲਾ ਬਣਾਇਆ ਤੈਨੂੰ
ਮੇਰੇ ਗੀਤਾਂ ਦੀ ਗਾਤੀ ਗੀਤਾਂਜਲੀ
ਤੇਰੇ ਨੈਣਾਂ 'ਚ ਲੋ ਹੈ ਤਾਰਿਆਂ ਦੀ

ਤੇਰੇ ਮਸਤਕ 'ਚ ਚੌਂਦਵੀਂ ਦਾ ਚੰਨ ਦਮਕੇ
ਤੇਰੇ ਬੁੱਲਾਂ 'ਚੋਂ ਖ਼ੁਸ਼ਬੂ ਕਲੀਆਂ ਦੀ
ਤੇਰੇ ਹਾਸਿਆਂ 'ਚੋਂ ਨਵਾਂ ਨੂਰ ਚਮਕੇ
ਤੂੰ ਸੋਹਲ ਹੈ ਸਚੇ ਖਿਆਲਾਂ ਵਾਲੀ
ਜਿਵੇਂ ਹੀਰ ਸੀ ਝੱਗ ਸਿਆਲਾਂ ਵਾਲੀ
ਪੋਹ ਫੁੱਟਦੀ ਵਾਂਗ ਜਦੋਂ ਹੱਸਦੀ ਹੈ
ਗੁਝਾ ਪਿਆਰ ਦਿਲ ਦਾ ਦੱਸਦੀ ਹੈ
ਕਿੰਨੀ ਸ਼ਾਂਤ ਸਲੌਨੀ ਤੇ ਸਾਂਵਲੀ
ਬੋਲਦੇ ਅੱਖਰਾਂ ਦੀ ਬਣਾਇਆ ਤੈਨੂੰ ਮਾਲਾ
ਸੁੱਚੇ ਪਿਆਰ ਦੀ ਗੀਤਾ ਗੀਤਾਂਜਲੀ
ਤੇਰੇ ਕੋਮਲ ਜਿਹੇ ਹਿਰਦੇ 'ਚ ਸੱਚ ਵੱਸਦਾ
ਤੇਰੇ ਦਿਲ ਦਿਮਾਗ 'ਚ ਰੱਬ ਵੱਸਦਾ
ਤੇਰੇ ਚਿਹਰੇ ਤੇ ਲਾਲੀ ਹੈ ਅੰਬਰਾਂ ਦੀ
ਮਿੱਠੇ ਬੋਲਾਂ 'ਚ ਗੂੰਜ ਹੈ ਮੰਦਰਾਂ ਦੀ
ਜਗਦਾ ਦੀਪਕ ਤੇਰਾ ਸਤਿਕਾਰ ਕਰਦਾ
ਤੇਰੀ ਸੁੱਚੀ ਹੋਂਦ ਨੂੰ ਪਿਆਰ ਕਰਦਾ

## ਫਿਰ ਬੋਲ ਪਏ ਅੱਖਰ

ਅੱਖਰ ਬੋਲਦੇ ਭਗਵੰਤ ਤੇਰਾ ਨਾਂ ਬੋਲਣ
ਤੇਰੀ ਸੱਚੀ ਹੋਂਦ ਦਾ ਰਾਜ਼ ਫੋਲਣ
ਦੱਸਦੇ ਕੀਤੇ ਉਪਕਾਰ ਸੰਸਾਰ ਲਈ
ਸੁੱਚੀ ਲਗਨ ਨਾਲ ਦੀਪਕ ਪਰਿਵਾਰ ਲਈ
ਅੱਖਰ ਬੋਲਦੇ ਤੇਰਾ ਹੈ ਪਿਆਰ ਸੱਚਾ
ਇਸ਼ਵਰ ਭਗਤੀ ਲਈ ਸਤਿਕਾਰ ਉੱਚਾ
ਤੂੰ ਮੰਗਦੀ ਹੈ ਸਦਾ ਸਭ ਦਾ ਭਲਾ
ਰੱਖਣ ਲਈ ਵਿੱਚ ਚੜ੍ਹਦੀਕਲਾ
ਤੇਰੀ ਰੂਹ ਹੈ ਉੱਚੇ ਵਿਚਾਰ ਵਾਲੀ

ਪੂਰੇ ਕਰਨ ਲਈ ਕੌਲ ਕਰਾਰ ਵਾਲੀ
ਤੇਰੇ ਦਿਲ ਵਿਚ ਮਾਨ ਧਰਮ ਦਾ ਹੈ
ਕਰਦੇ ਰਹਿਣਾ ਸੱਚੇ ਕਰਮ ਦਾ ਹੈ
ਤੂੰ ਨਿਭ੍ਹੀਂ ਹੈ, ਮਾਂ, ਦਾਦੀ, ਨਾਨੀ ਮਾਂ ਬਣਕੇ
'ਦੀਪਕ' ਪਰਿਵਾਰ ਲਈ ਠੰਡੀ ਛਾਂ ਬਣਕੇ
'ਦੀਪਕ ਸੁਨਾਮੀ' ਹੈ ਤੈਨੂੰ ਪਿਆਰ ਕਰਦਾ
ਆਦਰਸ਼ ਜੀਵਨ ਤੇਰਾ ਸਤਿਕਾਰ ਕਰਦਾ

## ਜੀਵਨ ਜੋਤੀ

ਯਾਦਾਂ ਦੇ ਸਮੁੰਦਰ ਵਿੱਚੋਂ
ਬੀਤੇ ਦਿਨਾਂ ਦੇ ਨਿੱਖਰੇ ਮੋਤੀ
ਚੁੱਗ ਚੁੱਗ ਪਾਵਾਂ ਵਿੱਚ ਪਟਾਰੀ
ਸਵਾਰਣ ਲਈ ਮੈਂ ਜੀਵਨ ਜੋਤੀ
ਜੀਵਨ ਦੀਪਕ ਬਾਲ ਕੇ ਫਿਰ ਮੈਂ
ਕੱਡਾਂ ਜਿਗਰ 'ਚ ਲੁਕਿਆ ਨ੍ਹੇਰਾ
ਆਸਾਂ ਭਰੀ ਪੋਹ ਦੀ ਪੈਂੜੈ
ਤੁਰਿਆ ਆਵੇ ਨਵਾਂ ਸਵੇਰਾ
ਸੱਧਰਾਂ, ਰੀਝਾਂ ਰੰਗਲੇ ਜੀਵਨ ਦੀਆਂ
ਖਿੜ ਜਾਵਣ ਫੁੱਲਾਂ ਦੇ ਵਾਂਗੂੰ
ਜਕੜ ਲੈਣ ਅੰਗ ਅੰਗ ਫਰਕਦਾ
ਟੁੰਬ ਟੁੰਬ ਮੇਰੇ ਸਬਰ ਦਾ ਘੇਰਾ
ਸਜਰੀ ਪੈੜ ਦੀ ਮਿੱਟੀ ਤੇਰੀ
ਚੁੱਕਣ ਲਈ ਮੈਂ ਰਹਾਂ ਖਲੌਤੀ
ਚੁੱਗ ਚੁੱਗ ਪਾਵਾਂ ਵਿੱਚ ਪਟਾਰੀ
ਬੀਤੇ ਦਿਨਾਂ ਦੇ ਨਿੱਖਰੇ ਮੋਤੀ
ਸੁਣਨ ਲਈ ਤੇਰੇ ਮਿੱਠੇ ਬੋਲ
ਕਦੇ ਨਾਂ ਹੋਣ ਦਿਆਂ ਤੈਨੂੰ ਪਾਸੇ

ਅੱਖੋਂ ਓਹਲੇ ਹੋਣ ਦਿਆਂ ਨਾਂ
ਮਾਣਨ ਲਈ ਤੇਰੇ ਮਿੱਠੇ ਹਾਸੇ
ਸਦਾ ਲਈ ਤੂੰ ਬਣਕੇ ਮੇਰਾ
ਰਹੇ ਹਰਦਮ ਅੱਖਾਂ ’ਚ ਵੱਸਦਾ
ਖਿੜੀਆਂ ਚਾਨਣੀਆਂ ਰਾਤਾਂ ਦੇ ਵਿੱਚ
ਕਲੀਆਂ ਵਾਂਗੂੰ ਹੱਸਦਾ ਹੱਸਦਾ
ਦੀਪਕ ਤੂੰ ਹੈਂ ਮੇਰਾ ਮੀਤ
ਪ੍ਰੇਮ ਕਹਾਣੀ, ਮੱਧੁਰ ਸੰਗੀਤ
ਤੇਰੀ ਨਿੱਗੀ ਲੋਅ ਦੇ ਸਦਕੇ
ਖਿੜਿਆ ਰਹੇ ਤਨ ਮਨ ਨੂਰ
ਤੇਰੇ ਪਿਆਰ ਦੀ ਮਿੱਠੀ ਛੋਹ ਦਾ
ਮਾਣਾਂ ਪਲ ਪਲ ਮੱਧੁਰ ਸਰੂਰ

## ਨਿੱਖਰੀਆਂ ਯਾਦਾਂ

ਚਾਂਦ ਦੀਆਂ ਕਿਰਨਾਂ ਵਾਂਗੂੰ, ਗੁਲਾਬੀ ਬੁੱਲਾਂ ’ਚੋਂ
ਖਿਲਰ ਜਾਂਦੇ ਨੇ ਮਿੱਠੇ ਹਾਸੇ ਤੇਰੇ
ਜਦੋਂ ਮੈਂ ਯਾਦਾਂ ਦੀ ਕਿਤਾਬ ਫੋਲਦਾ ਹਾਂ,
ਵੇਖਦਾ ਹਾਂ, ਪੰਨੇ ਪਰਤਦਾ ਹੋਇਆ
ਆਪਣੀ ਸਾਂਝ ਦੇ ਛਪੇ ਹੋਏ ਨਕਸ਼, ਤੇ
ਦਿਮਾਗ ਤੋਂ ਉਕਰੇ ਹੋਏ ਸ਼ਬਦ,
ਜੋ ਬਹਾਰਾਂ ਦੇ ਗੀਤ ਬਣ ਕੇ,
ਮੱਧੁਰ ਲੈ ਵਿੱਚ ਉਛਾਲੇ ਮਾਰਦੇ ਨੇ
ਚਾਂਦਨੀਆਂ ਰਾਤਾਂ ਵਿਚ ਸਮੁੰਦਰ ਦੀਆਂ ਲਹਿਰਾਂ ਵਾਂਗੂੰ
ਜੋ ਚਿਰਾਂ ਤੋਂ ਵਿੱਛੜੇ ਸਾਹਿਲ ਦੀ ਲਿਸ਼ਕਦੀ ਰੇਤ ਨਾਲ
ਲੁਕਣਮਚਾਈ ਖੇਡਣ ਦੇ ਚਾਅ ਵਿੱਚ ਉਤਾਵਲੀਆਂ ਹੋਕੇ
ਸ਼ੋਰ ਮਚਾਉਂਦੀਆਂ ਤੇ ਪਾਗਲਾਂ ਵਾਂਗੂੰ
ਪਟਕ ਪਟਕ ਸਿਰ ਮਾਰਦੀਆਂ ਨੇ

ਸ਼ਾਂਤ ਇਕਾਂਤ ਧਰਤੀ ਦੀ ਅਡੋਲ ਹਿੱਕ ਨਾਲ
ਜੋ ਚਿਰਾਂ ਤੋਂ ਇੰਤਜ਼ਾਰ ਕਰਦੀ ਹੈ
ਤੇਰੇ ਮੁੜਕੇ ਆਉਣ ਲਈ ਮੇਰੇ ਖਿਆਲਾਂ ਵਿੱਚ ਸੁਪਨਿਆਂ ਵਾਂਗੂੰ
ਲਹਿਰਾਂ ਤੋਂ ਯਾਦਾਂ ਦੀ ਕਿਤਾਬ ਬਣਕੇ
ਹਰ ਪਲ, ਹਰ ਮਿੰਟ, ਹਰ ਸ਼ਾਮ ਤੇ ਹਰ ਸਵੇਰੇ
ਯਾਦਾਂ ਦੀ ਗਿਣਤੀ ਕਰਦੀ ਇਹ ਕਿਤਾਬ ਭਾਰੀ ਹੁੰਦੀ ਜਾਂਦੀ ਹੈ
ਮੈਂ ਇਸ ਨੂੰ ਆਪਣਾ ਸਰਾਹਣਾ ਬਣਾ ਕੇ,
ਇਸ ਦੀ ਛੋਹ ਨਾਲ ਇਕਸੁਰ ਹੋ ਕੇ
ਤੇਰੇ ਗੁਲਾਬੀ ਬੁੱਲਾਂ 'ਚੋਂ ਕਿਰਦੇ ਹਾਸਿਆਂ ਨੂੰ ਗਿਣਦਾ ਰਹਿੰਦਾ ਹਾਂ
ਰਾਤ ਦੇ ਸਨਾਂਟਿਆਂ ਵਿੱਚ
ਤੈਨੂੰ ਹਮੇਸ਼ਾ ਯਾਦ ਰੱਖਣ ਦੀ ਰੀਝ ਨਾਲ
ਆਪਣੀ ਉਦਾਸੀ ਦਾ ਇੱਕ ਅਨਮੋਲ ਸਹਾਰਾ ਬਣਾਕੇ
ਸ਼ਾਇਦ ਇਨ੍ਹਾਂ ਨਿੱਖਰੀਆਂ ਯਾਦਾਂ ਸਹਾਰੇ ਹੀ ਤਾਂ ਮੈਂ ਤੁਰਦਾ ਆ ਰਿਹਾ ਹਾਂ
ਤੈਨੂੰ ਅਪਣਾਂ ਲੈਣ ਦੀ ਸਿੱਕ ਨਾਲ

## ਸ਼ਕਤੀਵਾਨ-ਨਿਰਬਲ-"ਮੇਰੀ-ਮੈਂ"

ਕਿੰਨੀਆਂ, ਮਾਰਾਂ ਖਾ ਚੁੱਕਿਆ ਹੈ, ਮੇਰਾ ਨਿਰਬਲ,
ਕਮਜ਼ੋਰ ਹੱਡੀਆਂ ਦਾ - ਬੇਸਮਝ, ਬੇਸੁੱਧ, ਨਿਰਾਸ਼ ਪਿੰਡਾ
ਵੇਖਦਾ ਹਾਂ ਹੁਣ ਜਦੋਂ ਦੋ ਕੌਡੀਆਂ ਵਰਗੀਆਂ,
ਡੂੰਗੇ ਭਰਵੱਟਿਆਂ ਦੇ ਟੋਟਿਆਂ ਵਿੱਚ ਲੁੱਕੀਆਂ
ਅਜੇ ਭੀ ਚਮਕਦੀਆਂ ਦੋਨੋਂ ਅੱਖਾਂ ਰਾਹੀਂ
ਸੁੱਕੇ ਮਾਸ ਦੀ ਪੇਪੜੀ ਤੇ ਖੜੇ ਡਰਦੇ ਲੂਆਂ ਵਿੱਚੋਂ
ਰੰਗ ਬਿਰੰਗੇ ਚਟਾਕ, ਇਉਂ ਜਾਪਦਾ ਹੈ,
ਤਾਰਿਆਂ ਨਾਲ ਸੱਜਿਆ ਆਸਮਾਨ ਦਾ ਟੁਕੜਾ
ਹੀ ਤਾਂ ਨਹੀਂ ਸਾਹ ਲੈਂਦਾ ਅਜੇ ਭੀ ਧਰਤੀ ਤੇ ਦੀਪਕ ਸੁਨਾਮੀ
ਬੀਤੇ ਦਿਨਾਂ ਦੀਆਂ ਯਾਦਾਂ ਨੇ
ਮੇਰੇ ਉੱਚੜੇ ਹੋਏ ਜ਼ਖ਼ਮਾਂ ਨੂੰ ਅਜੇ ਵੀ

ਸੁੱਖ ਲੱਭਣ ਦਾ ਆਦੀ ਬਣਾ ਦਿੱਤਾ ਹੈ
ਪਰ ਜਦੋਂ ਅੱਧਮੀਟੀਆਂ ਕਮਜ਼ੋਰ ਪੱਲਕਾਂ ਨੂੰ
ਹਿਲਾ ਕੇ ਆਪਣੇ, ਖੱਬੇ, ਸੱਜੇ, ਜਾਬਰ ਹੱਥਾਂ
ਵਿੱਚ ਨੱਚਦੇ ਕੋਰੜਿਆਂ ਵਲ ਗੋਹ ਨਾਲ ਦੇਖਦਾ ਹਾਂ
ਤਾਂ ਮੇਰੇ ਅਧਮੋਏ, ਫੜਕਦੇ ਬੁੱਲ ਚਾਹੁੰਦੇ ਨੇ ਕੁਝ ਕਹਿਣਾ
ਤੇ ਅੱਧੇ ਬੰਦ ਸੁੰਨਸਾਨ ਕੰਨ, ਸੁਣਨ ਲਗਦੇ ਨੇ ਸੰਗੀਤ ਕੌੜੇ ਸ਼ਬਦਾਂ ਦਾ
ਇਹ ਕੌੜੇ ਬੋਲ ਹੀ ਤਾਂ ਨੇ ਮੇਰੇ ਜ਼ਖ਼ਮਾਂ ਦੀ ਮਰੱਹਮ
ਜਿਸ ਦੇ ਸਦਕੇ, ਮੈਂ ਹੁਣ ਤੱਕ ਆਪਣੀਆਂ
ਮੁੱਕ ਰਹੀਆਂ ਰੀਝਾਂ ਤੇ ਲੋੜਾਂ ਦੀ ਗੱਠੜੀ
ਹਲਦੀ ਹੁੰਦੀ ਵੇਖਦਾ ਬਿਰਦ ਤੇ ਕਮਜ਼ੋਰ,
ਪਰ ਸ਼ਕਤੀਵਾਨ ਉੱਚਾ ਸਿਰ, ਚੁੱਕੇ ਟੁਰੀ ਜਾਣ ਦਾ
ਹੰਭਲਾ ਮਾਰਨ ਦਾ ਹੌਂਸਲਾ ਕਰਦਾ ਹਾਂ
ਲੰਬੀ ਮੰਜ਼ਲ ਤੇ ਆਸਾਂ ਭਰੀ ਸਵੇਰ ਦੀ ਪੈੜ ਦੱਬਦਾ
ਹਰ ਨਓਂ ਫੁੱਟਦੀ ਪੋਹ ਦੀ ਭਾਲ ਵਿਚ।
ਮਿਠਾਸ ਮੇਰੇ ਜ਼ਖ਼ਮਾਂ ਨੂੰ ਰਾਜ਼ੀ ਹੋਣ ਵਿਚ ਖੁਸ਼ ਨਹੀਂ ਜਾਪਦੀ
ਤੇ ਹੱਡੀਆਂ ਨਾਲ ਚਿੰਬੜੇ ਮਾਸ ਨੂੰ ਉਚੇੜ ਉਚੇੜ ਕੇ ਟਿਪ ਟਿਪ ਵਗਦੀ ਹੈ
ਮੇਰੇ ਚੰਦਨ ਦੇ ਸਰੀਰ ਤੇ ਪੈ ਚੁੱਕੀਆਂ ਨੀਲੇ ਰੰਗ ਦੀਆਂ
ਮੋਟੀਆਂ ਨਾੜਾਂ ਦੀਆਂ ਖਾਲੀਆਂ ਵਿਚੋਂ ਦੀ ਤੇ ਖਿੱਚਦੀ ਹੈ ਮੇਰੇ ਪੈਰ ਪਛੋਕੜ ਵੱਲ।
ਪਛੋਕੜ ਜੋ ਇੱਕ ਕਾਲੇ ਡਰਾਉਣੇ ਡੂੰਗੇ ਸਮੁੰਦਰ ਦੀ ਤਰ੍ਹਾਂ
ਅਜੇ ਵੀ ਮੈਨੂੰ ਆਪਣੀਆਂ ਲਹਿਰਾਂ ਦਾ ਮਿਹਮਾਨ ਬਣਾਉਣਾ ਚਾਹੁੰਦਾ ਹੈ
ਤੇ ਹੁਲਾਰੇ ਦੇਣਾ ਚਾਹੁੰਦਾ ਹੈ ਆਪਣੀ ਨਿੱਘੀ ਗੋਦ ਦੇ
ਪਤਾ ਨਹੀਂ ਕਿਉਂ ਮੈਂ ਐਵੇਂ ਹੁਣ ਵੀ ਹੋਰ ਜਿਉਣ ਦੀ
ਰੀਝਾਂ ਦਾ ਹਾਰ ਗੱਲ ਪਾ ਕੇ ਅਜੇ ਵੀ ਕੌੜੇ ਸ਼ਬਦਾਂ ਦਾ ਸੰਗੀਤ
ਸੁਣਨ ਨਾਲ ਸ਼ਰਮਿੰਦਾ ਨਹੀਂ ਹੁੰਦਾ
ਪਤਾ ਨਹੀਂ ਕੌੜੇ ਅੱਖਰ ਬੋਲਦੇ ਸਾਰੇ ਹੀ
ਮੈਨੂੰ ਬਹੁਤ ਚੰਗੇ ਕਿਉਂ ਲੱਗਦੇ ਹਨ
ਤੇ ਮੈਂ ਦੋਨੋਂ ਕੰਬਦੀਆਂ ਬਾਵਾਂ ਵਿੱਚ
ਘੁੱਟ ਕੇ ਪਿਆਰ ਕਰਨਾ ਚਾਹੁੰਦਾ ਹਾਂ
ਤੇ ਸਤਿਕਾਰ ਵੀ ਉਨ੍ਹਾਂ ਦਾ
ਸ਼ਾਇਦ ਮੈਂ ਜਾਣਦਾ ਹਾਂ ਕਿ ਮੈਂ ਹੁਣ ਇਨ੍ਹਾਂ ਤੋਂ ਬਿਨਾਂ ਕੁੱਝ ਵੀ ਨਹੀਂ

ਇਨ੍ਹਾਂ ਨੇ ਹੀ ਤਾਂ ਮਾਰ ਮਾਰ ਕੇ
ਮੇਰੀ ਸ਼ਕਤੀਵਾਨ 'ਮੈਂ' ਨੂੰ ਰਾਹੇ ਪਾਇਆ ਹੈ
ਰਾਹ ਜੋ ਜਾਂਦਾ ਹੈ ਮੁਕਤੀ ਦੀ ਮੰਜ਼ਲ ਵੱਲ
ਜਿੱਥੇ ਪਹੁੰਚਦੇ ਹੀ 'ਦੀਪਕ ਸੁਨਾਮੀ' ਦੇ
ਰਿਸਦੇ ਜ਼ਖ਼ਮ ਰਾਜ਼ੀ ਹੋਣ ਜਾਣਗੇ
ਤੇ ਆਸਮਾਨ ਵਿੱਚ ਚਮਕਦੇ ਤਾਰੇ ਹੀ ਲੱਗਣਗੇ
ਜਦੋਂ ਸਾਰੇ ਫਿਰ ਇੱਕ ਵਾਰ, ਹੱਥੋਂ ਕੋਰੜੇ ਸਿੱਟ ਕ
ਆਪਣੇ ਹੱਥ ਫੇਰਣਗੇ
ਮੇਰੀ ਇਨਸਾਨੀਅਤ ਦੇ ਰੰਗ ਵਿੱਚ ਰੰਗੇ ਹੋਏ
ਹੱਡਾਂ ਤੇ ਸਿਰ ਚੁੱਕੀ ਖੜੇ ਲੂਆਂ 'ਚ ਲੁਕੇ ਜ਼ਖਮਾਂ ਤੇ ਪਿਆਰ ਨਾਲ

## ਮੈਂ ਜਾਣਦਾ ਹਾਂ

ਘੜੀ ਦੀ ਟਿਕ ਟਿਕ
ਪਲ ਪਲ ਪੈਂਡਾ ਕੱਟਦੀ ਜਾ ਰਹੀ ਹੈ ਵਧਦੀ
ਗਿਣਦੀ ਜਾਂਦੀ ਇਕ ਤੋਂ ਚੌਵੀ
ਪਲ ਪਲ ਕਰਕੇ ਚੌਵੀ ਘੰਟੇ
ਫੁੱਟਦੀ ਹੈ ਪਹੁ ਤੇ ਪ੍ਰਭਾਤ, ਫਿਰ ਨਵੀਂ ਸਵੇਰ
ਹਰ ਸਵੇਰੇ
ਲੱਖਾਂ ਪਹਿਰ, ਦੁਪਹਿਰ ਤੇ ਸ਼ਾਮਾਂ
ਢਲ ਗਈਆਂ ਨੇ ਸੁਣਦੇ
ਪਲ ਪਲ ਚਲਦੀ ਘੜੀ ਦੀ ਟਿਕ ਟਿਕ
ਲੰਘ ਜਾਣੀਆਂ ਨੇ ਕਾਲੀਆਂ ਰਾਤਾਂ
ਬਣਕੇ ਪਲ ਪਲ ਘੜੀ ਦੀ ਟਿਕ ਟਿਕ
ਬਚਪਨ, ਜਵਾਨੀ ਤੇ ਬੁਢਾਪੇ ਵੀ
ਨਿਕਲ ਗਏ ਨੇ ਲੱਖਾਂ ਸੁਣਦੇ
ਪਲ ਪਲ ਘੜੀ ਦੀ ਟਿਕ ਟਿਕ

ਜਦੋਂ ਵੇਖਦਾ ਹਾਂ ਟਿਕ ਟਿਕ  ਕਰਦੀ
ਘੜੀ ਵਲ ਗਹੁ ਨਾਲ
ਜਾਪਦਾ ਹੈ, ਪਤਾ ਨਹੀਂ ਕਿਸ ਪਲ
ਕਿਸ ਟਿਕ ਤੇ ਟਿਕ ਜਾਣੀ ਹੈ
ਪਲ ਪਲ ਕਰਦੀ ਟਿਕ ਟਿਕ
ਪਲ ਪਲ ਕਰਦੀ ਚਲੀ ਜਾਂਦੀ ਹੈ
ਇਹ ਜੀਵਨ ਘੜੀ ਜਦੋਂ ਤੱਕ
ਇਸ ਨੂੰ ਦਿੱਤੀ ਹੋਈ, ਸ਼ਕਤੀ ਮੁੱਕ ਨਹੀਂ ਜਾਂਦੀ
ਕਿਸੇ ਵੀ ਪਲ, ਕਿਸੇ ਵੀ ਟਿਕ ਤੇ
ਮੈਂ ਜਾਣਦਾ ਹਾਂ

## ਕਾਫਲਾ

ਜ਼ਿੰਦਗੀ ਦਾ ਕਾਫਲਾ, ਚਲਣ ਲਗਦਾ
ਹੈ ਜਦੋਂ ਮਾਂ ਦੇ ਗਰਭ ਚੋਂ ਮੁਕਤੀ
ਪਾ ਕੇ ਉਸ ਦੀ ਗੋਦੀ ਦਾ ਸ਼ਿੰਗਾਰ ਬਣ
ਜਾਂਦਾ ਹੈ ਬੱਚਾ
ਜ਼ਿੰਦਗੀ ਦੀ ਹਰ ਸਵੇਰ ਇਕ ਨਵੇਂ
ਸੱਜਰੇ ਫੁੱਲ ਵਾਂਗੂ ਖਿਲਦੀ ਹੈ, ਹਰ ਪਹੁ ਪਿਹਲੋਂ
ਇਸ ਵਿਚ ਇਕ ਨਵਾਂ ਖੁਸ਼ੀਆਂ ਭਰਿਆ
ਰੰਗ ਭਰ ਦਿੰਦੀ ਹੈ
ਹਰ ਸਵੇਰ, ਹਰ ਰੋਜ਼, ਦੁਪਹਿਰ ਤੇ
ਸ਼ਾਮ ਪੜਾਵਾਂ ਨੂੰ ਪਾਰ ਕਰਦੀ ਹੋਈ
ਰਾਤ ਦੀ ਕਾਲੀ ਚਾਦਰ ਲੈ ਕੇ
ਸੌਂ ਜਾਂਦੀ ਹੈ ਤੇ ਉਡੀਕਦੀ ਹੈ
ਫਿਰ ਨਵੀਂ ਪੋਹ ਨੂੰ
ਪਤਾ ਨਹੀਂ ਇਸ ਛੋਟੀ ਜਿਹੀ
ਜ਼ਿੰਦਗੀ ਨੇ ਕਿੰਨੀਆਂ ਨਵੀਆਂ ਸਵੇਰਾਂ

ਦੁਪਹਿਰਾਂ, ਸ਼ਾਮਾਂ ਪਾਰ ਕਰਕੇ, ਕਾਲੀਆਂ
ਡਰਾਉਣੀਆਂ ਰਾਤਾਂ ਦਾ ਢਿੱਡ ਪਾੜ ਕੇ
ਆਪਣੀ ਮੰਜ਼ਲ ਵਲ ਵਧੀ ਜਾਣ
ਦਾ ਉਪਰਾਲਾ ਕੀਤਾ ਹੈ
ਮੈਂ ਜਦੋਂ ਸੋਚਦਾ ਹੈ ਕਿ ਇਹ
ਸਭ ਕੁਛ ਕਿਵੇਂ ਹੋਇਆ ਤਾਂ ਮਹਿਸੂਸ
ਕਰਦਾ ਹਾਂ ਕਿ ਮੇਰੀ ਜ਼ਿੰਦਗੀ
ਦੇ ਕਾਫਲੇ ਵਿਚ ਮੇਰੇ ਨਾਲ ਹੋਰ ਵੀ
ਜੁੜੇ ਹੋਏ ਨੇ ਜਿਨ੍ਹਾਂ ਨੇ ਮੈਨੂੰ ਪਿਉ ਦੀ
ਪਦਵੀ ਦੇ ਕੇ ਇਸ ਕਾਫਲੇ ਨੂੰ
ਬਿਨਾਂ ਰੋਕ ਟੋਕ ਤੁਰੇ ਜਾਣ ਦੀ
ਚੁਣੌਤੀ ਦਿੱਤੀ, ਭਾਵੇਂ ਭੈੜੀ ਨਜ਼ਰ
ਵਾਲੇ ਕਈ ਕੋਝੇ ਇਨਸਾਨਾਂ, ਨੇ
ਰੋਕਣ ਦੇ ਲੱਖ ਯਤਨ ਕੀਤੇ
ਇਹ ਕਾਫਲਾ ਹੁਣ ਆਪਣੇ ਆਖਰੀ
ਪੜਾਉ ਤੇ ਪਹੁੰਚਣ ਵਾਲਾ ਹੀ ਹੈ
ਮੈਨੂੰ ਪਤਾ ਹੈ ਕਿ ਕਿਸੇ ਸਵੇਰ
ਕਿਸੇ ਦੁਪਹਿਰ, ਕਿਸੇ ਸੁਨਹਿਰੀ ਸ਼ਾਮ
ਸਾਹ ਲੈਣਦੇ ਬਹਾਨੇ ਹੀ ਰੁੱਕ ਜਾਵੇ
ਪਹਿਚਾਣ ਕੇ ਹੋ ਸਕਦਾ ਹੈ
ਰੌਲਾ ਪਵੇ, ਮੇਰਾ ਪਿਉ, ਸਾਡਾ
ਬਾਬਾ, ਨਾਨਾ ਤਾਂ ਹੀ ਹੈ
ਹੋ ਸਕਦਾ ਹੈ, ਇਹ ਵੀ ਕਿ ਕੋਈ
ਕਹੇ ਇਹ ਅੰਤ ਹੈ ਇੱਕ ਕਲਯੁੱਗੀ
ਜੀਵ ਦਾ ਜਾਂ ਅੰਤਿਮ ਪੜਾਉ
ਜਾਂ ਸੰਸਕਾਰ
ਅਵਤਾਰ ਸਿੰਘ 'ਦੀਪਕ' ਸੁਨਾਮੀ ਦਾ

## ਭਾਗ ਦੂਜਾ

## ਹਿੰਦੀ ਗੀਤ

ਮਨਮੋਹਣੇ ਕ੍ਰਿਸ਼ਨ ਗੋਪਾਲ ਕੋ 'ਦੀਪਕ' ਪ੍ਰਣਾਮ

ਮੇਰੇ ਸੁੰਦਰ ਕ੍ਰਿਸ਼ਨ ਗੋਪਾਲਾ
ਤੁਮ੍ਹਾਰੀ ਮੂਰਤ ਕਾ ਮੈਂ ਮਤਵਾਲਾ
ਬਿੰਦਰਾਬਨ ਕੀ ਹਰ ਸੁੰਦਰ ਸ਼ਾਮ
ਦੇਤੀ ਸਭ ਕੋ ਗੀਤਾ ਪੈਗਾਮ

# ਕਾਲੀ ਕੋਇਲੀਆ

ਕਾਲੀ ਕੋਇਲੀਆ ਕੂ ਕੂ ਕਰਤੀ
ਦੁਖੀਆ ਮਨ ਤੜਪਾਏ
ਸ਼ਾਂਤ ਰਿਦਯ ਕੀ ਹਰ ਨੱਸ ਨੱਸ ਮੇਂ
ਗਹਿਰੇ ਘਾਓ ਲਗਾਏ
ਕੋਈ ਨਾ ਪਰਖੇ ਉਸ ਦੀ ਪੀੜਾ
ਨਾ ਕੋਈ ਧੀਰ ਬੰਧਾਏ

ਡਾਲੀ ਡਾਲੀ ਹਰ ਪੇੜ ਕੀ
ਉੜਤੀ ਗਿਣਤੀ ਜਾਏ
ਅਗਨੀ ਬਿਰਹਾ ਕੀ ਕਮ ਨਹੀਂ ਪੜਤੀ
ਪਲ ਪਲ ਜਲੇ ਜਲਾਏ

ਮੈਂ ਕਾਲੀ ਬਿਰਹਾ ਕੀ ਜਾਲੀ
ਮੇਰੀ ਪ੍ਰੀਤ ਪਿਆਰ ਸੇ ਖਾਲੀ
ਮਨ ਅਪਨੇ ਕੀ ਅਸ਼ਾਂਤ ਗੁਫਾ ਮੇਂ
ਰੱਖੂੰ ਯਾਦ ਛੁਪਾਏ
ਕੋਈ ਬਤਾ ਦੇ ਪਿਆਰ ਕਿਆ ਹੋਤਾ
ਰਾਤ ਦਿਨ ਹੈ ਦਿਲ ਕਿਉਂ ਰੋਤਾ
ਚੁਪਕੇ ਚੁਪਕੇ ਨੈਨੋਂ ਸੇ ਮੇਰੇ
ਬਣ ਨੀਰ ਬਹਿ ਜਾਏ

ਬਿਨ ਪੀਆ ਕੇ ਰਹਿ ਨਹੀ ਸਕਤੀ
ਗਮ ਬਿਰਹਾ ਕੇ ਸਹਿ ਨਹੀ ਸਕਤੀ
ਵਣ ਕੇ ਵਿਸ਼ਾਲ ਸ਼ਾਂਤ ਰਿਦਯ ਮੇਂ
ਰਹਿਤੀ ਸ਼ੋਰ ਮਚਾਏ

ਕੋਈ ਉਨਕੋ ਯਹ ਜਾ ਕੇ ਕਹਿ ਦੇ

ਲੂਟਾ ਚੈਨ ਮੇਰਾ ਵਾਪਸ ਦੇ ਦੋ
ਛੋੜ ਦੇ ਰੂਠ ਜਾਨੇ ਕੀ ਆਦਤ
ਸੱਚੀ ਪ੍ਰੀਤ ਨਿਭਾਏ
ਮੇਰੀ ਐਸੀ ਪ੍ਰੀਤ ਸੁਹਾਨੀ
ਮੇਰੇ ਜੀਵਨ ਕੀ ਪ੍ਰੇਮ ਕਹਾਨੀ
ਛੁਪੀ ਨਹੀਂ ਕਿਸੇ ਸੇ 'ਦੀਪਕ'
ਚੰਚਲ ਮਨ ਘੱਬਰਾਏ।

ਮੀਤ ਹਮਾਰੇ

ਤਰਸ ਰਹੇਂ ਹੈਂ ਨੈਣ ਹਮਾਰੇ
ਆ ਜਾ ਆ ਜਾ ਮੀਤ ਹਮਾਰੇ
ਦਿਲ ਕੀ ਹਰ ਧੜਕਨ ਹਰ ਪਲ
ਗਾ ਰਹੀ ਹੈ ਗੀਤ ਤੁਮ੍ਹਾਰੇ
ਬਿਨ ਤੇਰੇ ਹੈ ਫੀਕਾ ਜੀਵਨ
ਕਛੂ ਨਾ ਮਨ ਕੋ ਭਾਏ
ਨਾ ਮਾਨੇ ਯਹ ਪਾਪੀ ਮੰਨਵਾ
ਲਾਖ ਲਿਉ ਸਮਝਾਏ

ਘਿਰ ਘਿਰ ਆਈ ਬਦਰਿ-ਯਾ ਕਾਲੀ
ਬਨ ਮੇਂ ਨਾਚੇ ਮੋਰ
ਆ ਕੇ ਧੀਰ ਬੰਧਾ ਦੇ ਮੋਰੀ
ਮੇਰੇ ਸ਼ਾਮ ਮੋਹਨ ਚਿੱਤ ਚੋਰ
ਬੀਚ ਭੰਵਰ ਮੇਂ ਨਯੀਆ ਮੋਰੀ
ਮਿਲਤੇ ਨਹੀਂ ਕਿਨਾਰੇ

ਕਿਤਨੀ ਸੁੰਦਰ ਔਰ ਸੁਹਾਨੀ
ਤੇਰੀ ਮੇਰੀ ਪ੍ਰੀਤ ਕਹਾਨੀ
ਜੋਬਨ ਮੇਰਾ ਔਰ ਜਵਾਨੀ

ਜੈਸੇ ਨਿਰਮਲ ਝਰਨੋਂ ਕਾ ਪਾਨੀ
ਖਿਲ ਜਾਏ ਬਨ ਕੇ ਫੂਲ
ਤੇਰੇ ਏਕ ਇਸ਼ਾਰੇ

ਬਨ ਕੇ ਮਹਿਕ ਸੁੰਦਰ ਕਲਿਯੋਂ ਕੀ
ਦਿਲ ਮੇਂ ਮੇਰੇ ਸਮਾ ਜਾ
ਬਨ ਗੋਪਾਲ, ਕ੍ਰਿਸ਼ਨ ਕਨ੍ਹਈਆ
ਮੇਰੇ ਮਨ ਮੰਦਰ ਮੇਂ ਆ ਜਾ
ਮੀਠੀ ਸੀ ਫਿਰ ਧੁਨ ਅਪਨੀ ਪਰ
ਪ੍ਰੀਤ ਕਾ ਰਾਗ ਸੁਨਾ ਜਾ

ਮਿਤੱਰਵਾ

ਜਬ ਸੇ ਗਏ ਪਰਦੇਸ ਮਿਤੱਰਵਾ
ਕਛੂ ਨਾ ਮਨ ਕੋ ਭਾਏ
ਪੰਖ ਲਗਾ ਕੇ ਉੜ ਗਈ ਨਿੰਦੀਆ
ਮਨ ਇਕ ਪਲ ਚੈਨ ਨਾ ਪਾਏ
ਹਰ ਪਲ ਯਾਦ ਸਤਾਏ ਉਨਕੀ
ਪਾਪੀ ਮਨ ਤੜਪਾਏ

ਚਾਰੋਂ ਔਰ ਅੰਧੇਰਾ ਛਾਇਆ
ਦਿਲ ਰਹੇ ਨਾ ਮੇਰਾ ਕਾਬੂ
ਐਸੀ ਪ੍ਰੀਤ ਸੁਹਾਨੀ ਉਨਕੀ
ਕਰ ਗਈ ਕੁਛ ਐਸਾ ਜਾਦੂ
ਹਰ ਪਲ ਯਾਦ ਸਤਾਏ ਉਨਕੀ
ਪਾਪੀ ਮਨ ਘਬਰਾਏ

ਹਰ ਰਾਤ ਹਰ ਨਯਾ ਸਵੇਰਾ
ਖਾਤਾ ਜਾਏ ਚੈਨ ਅਬ ਮੇਰਾ

ਦਿਲ ਕੀ ਧੜਕਣ ਹਰ ਨਸ ਨਸ ਮੇਂ
ਬਸਤਾ ਜਾਏ ਪਿਆਰ ਯਹ ਤੇਰਾ
ਕਾਲੀ ਘਟਾ ਸਾਵਨ ਕੀ ਬਨ ਕੇ
ਵਿਆਕੁਲ ਮਨ ਤੜਪਾਏ

ਅਬ ਸੁਹਾਨੀ ਯਾਦੇਂ ਤੇਰੀ
ਵਸ ਗਈ ਆਖੋਂ ਮੇਂ ਮੇਰੀ
ਗਿਰਤੀ ਜਾਏਂ ਬਨ ਸੁੰਦਰ ਮੋਤੀ
ਟਪਕ ਟਪਕ ਪਲਕੋਂ ਸੇ ਮੋਰੀ
ਬਹਿਤੀ ਜਾਏ ਬਨ ਕੇ ਨਦੀਆ
ਕੋਈ ਨਾ ਧੀਰ ਬੰਧਾਏ

ਚਲੇ ਪਵਨ

ਚਲੇ ਪਵਨ ਧੀਰੇ ਧੀਰੇ
ਸਬ ਕਾ ਮਨ ਬਹਿਲਾਤੀ
ਮੈਂ ਹੀ ਹੂੰ ਕਿਆ ਦੋਸ਼ੀ ਉਸਕਾ
ਰਹੇ ਮੁਝੇ ਤੜਪਾਤੀ

ਚਲੇ ਜਬ ਯਿਹ ਮਸਤੀ ਮੇਂ ਅਪਨੀ
ਬਾਂਟੇ ਸਭ ਕੋ ਪਿਆਰ
ਲੇਕਿਨ ਹੈ ਯਹ ਚੰਚਲ ਇਤਨੀ
ਮੁਝੇ ਕਰੇ ਇਨਕਾਰ
ਆਸਮਾਨ ਕੀ ਰੂਪਵਤੀ ਹੈ
ਹੈ ਕਿਤਨੇ ਰੰਗ ਦਿਖਾਲਤੀ

ਜੋਬਨ ਉਸਕਾ ਹੈ ਸਤ-ਰੰਗਾ
ਹੈ ਰੂਪ ਪੇ ਨਯਾ ਨਿਖਾਰ
ਫੂਲੋਂ ਕੇ ਸੰਗ ਜਬ ਯਹ ਨਾਚੇ

ਨਿਤ ਲਾਏ ਨਈ ਬਹਾਰ
ਕੋਮਲ ਹਿਰਦੇ ਕੀ ਖ਼ੁਸ਼ਬੂ ਸੇ
ਹਰ ਗੋਸ਼ਾ ਰਹੇ ਮਹਿਕਾਤੀ

ਇਸਕੋ ਛੂਨੇ ਮੇਂ ਮਨ ਲਗਤਾ
ਜੀ ਭਰ ਕੇ ਕਰੂੰ ਪਿਆਰ
ਬਨਕੇ ਰਹੇ ਯਹ ਹਰਦਮ ਮੇਰੀ
ਜਬ ਆਵੇ ਹਰ ਬਾਰ
ਮੇਰੇ ਦਿਲ ਕੀ ਹਰ ਧੜਕਨ ਕੋ
ਰਹੇ ਸਦਾ ਬਹਿਲਾਤੀ

ਕੋਈ ਉਸਕੋ ਕਹਿਦੇ ਜਾ ਕਰ
ਫਿਰ ਗੁਲਸ਼ਨ ਮੇਂ ਆਏ
ਅਪਣੇ ਜੋਬਨ ਕੀ ਮਸਤੀ ਕਾ
ਮੁਝੇ ਵੀ ਰੰਗ ਦਿਖਲਾਏ
ਮੁਝੇ ਬਨਾ ਲੇ ਸਾਥੀ ਅਪਨਾ
ਕਿਉਂ ਰਹੇ ਸ਼ਰਮਾਤੀ

## ਜੋਬਨ ਢਲਤਾ ਜਾਏ

ਸਾਵਣ ਆਇਆ ਤੁਮ ਨਹੀਂ ਆਏ
ਜੋਬਨ ਢਲਤਾ ਜਾਏ
ਰਿਮ ਝਿਮ ਰਿਮ ਝਿਮ ਨੈਨਾਂ ਬਰਸੇਂ
ਬਿਰਹਾ ਅਗਨ ਜਲਾਏ

ਆਖੋਂ ਮੇਂ ਕਾਟੂ ਲੰਬੀ ਰੱਤੀਆਂ
ਰੋ ਰੋ ਨੀਰ ਬਹਾਏ
ਮਾਨੇ ਨਾਹੀ ਯੇ ਪਾਪੀ ਮਨਵਾ

ਲਾਖ ਲੀਉ ਸਮਝਾਏ
ਸਾਵਣ ਆਇਆ ਤੁਮ ਨਹੀਂ ਆਏ
ਜੋਬਨ ਢਲਤਾ ਜਾਏ
ਰਿਮਝਿਮ ਰਿਮਝਿਮ ਨੈਨਾਂ ਬਰਸੇਂ
ਬਿਰਹਾ ਅਗਨ ਜਲਾਏ

ਕਾਲੀ ਕੋਇਲੀਆ ਕੂ ਕੂ ਕਰਤੀ
ਤੜਪੇ ਔਰ ਤੱੜਪਾਏ
ਕਿਸਮਤ ਰੂਠੀ ਪ੍ਰੀਤ ਤੋਰੀ ਝੂਟੀ
ਪੀ ਪਰਦੇਸ ਸਿਧਾਏ
ਸਾਵਣ ਆਇਆ ਤੁਮ ਨਹੀਂ ਆਏ
ਜੋਬਨ ਢਲਤਾ ਜਾਏ
ਰਿਮਝਿਮ ਰਿਮਝਿਮ ਨੈਨਾਂ ਬਰਸੇਂ
ਬਿਰਹਾ ਅਗਨ ਜਲਾਏ

ਤੋਰੇ ਬਿਨ ਰਸੀਆ ਫੀਕਾ ਜੀਵਨ
ਪਲ ਪਲ ਘਟਤਾ ਜਾਏ
ਕੋਈ ਨਾ ਪਰਖੇ ਪੀਰ ਪਰਾਈ
ਨਾ ਕੋਈ ਧੀਰ ਬੰਧਾਏ
ਸਾਵਣ ਆਇਆ ਤੁਮ ਨਹੀਂ ਆਏ
ਜੋਬਨ ਢਲਤਾ ਜਾਏ
ਰਿਮਝਿਮ ਰਿਮਝਿਮ ਨੈਨਾਂ ਬਰਸੇਂ
ਬਿਰਹਾ ਅਗਨ ਜਲਾਏ

ਬਸ ਗਿਆ ਸਾਵਣ

ਆਂਖੋਂ ਮੇਂ ਬਸ ਗਿਆ ਸਾਵਣ
ਕਿਉਂ ਨਾ ਲਗੇ ਬਰਸਾਤ
ਉੜ ਗਈ ਨੀਂਦ ਹਮਾਰੀ ਬਲਮਾ

ਜਾਗੂੰ ਮੈਂ ਸਾਰੀ ਰਾਤ

ਕਈ ਬਹਾਰੇਂ ਨਿਕਲ ਗਈ ਹੈਂ
ਪੀਯਾ ਨਾ ਲੌਟੇ ਦੇਸ਼
ਹਮਾਰੇ ਨੀਏ ਯਹ ਘਰ ਤੁਮਾਰਾ
ਬਨ ਗਿਆ ਪਰਦੇਸ
ਕੋਈ ਨਾ ਪੂਛੇ ਹਾਲ ਹਮਾਰਾ
ਨਾ ਕੋਈ ਕਰਤਾ ਬਾਤ

ਮੋਰ ਮਚਾਏ ਸ਼ੋਰ ਬਨ ਮੇਂ
ਕੋਇਲ ਕੂਕ ਸੁਨਾਏ
ਫੂਕ ਕੇ ਰੱਖਦੇ ਹਿਰਦਾ ਮੇਰਾ
ਮੰਨਵਾ ਰਹੇ ਘਬਰਾਏ
ਹਰਦਮ ਤਾਕੂੰ ਬਾਟ ਤੁਮ੍ਹਾਰੀ
ਲੌਟ ਕੇ ਤੁਮ ਨਾ ਆਏ

ਬਿਨ ਤੇਰੇ ਤੜਪਤ ਹੈ ਨੈਨਾ
ਬੀਤੇ ਨਾ ਕਾਲੀ ਰਾਤ
ਜਬ ਸੇ ਤੁਮ ਬਿਛੜੇ ਹੋ ਸਾਜਨ
ਫੀਕੀ ਲਗੇ ਪ੍ਭਾਤ

ਢਲਤੀ ਜਾਏ ਸ਼ੋਖ ਜਵਾਨੀ
ਲੌਟ ਕੇ ਆ ਜਾ ਦਿਲਬਰ ਜਾਨੀ
ਤੜਪ ਰਹਾ ਹੈ ਰੂਪ ਕੰਵਾਰਾ
ਪਿਆਰ ਕੀ ਅਨਮੋਲ ਨਿਸ਼ਾਨੀ
ਹਰਦਮ ਨਾਪੂੰ ਬਾਟ ਤੁਮ੍ਹਾਰੀ
ਤੁਮਰੀ ਪਿਆਰ ਸੌਗਾਤ
ਆਂਖੋਂ ਮੇਂ ਬਸ ਗਿਆ ਸਾਵਨ
ਕਿਉਂ ਨਾ ਲਗੇ ਬਰਸਾਤ

## ਮਨ ਮੇਰਾ

ਮਨ ਮੇਰਾ ਯਹ ਤਨ ਮੇਰਾ
ਯਹ ਪਿਆਰ ਵੀ ਮੇਰਾ ਤੇਰਾ ਹੈ
ਦਿਲ ਮੇਰੇ ਕੀ ਹਰ ਧੜਕਨ
ਔਰ ਸੱਭ ਕੁਛ ਮੇਰਾ ਤੇਰਾ ਹੈ

ਅਪਨੇ ਪਿਆਰ ਕੇ ਬਦਲੇ ਮੇਂ
ਹਮਨੇ ਲੀਆ ਹੈ ਗ਼ਮ ਤੁਮਸੇ
ਹਰ ਪਲ ਠੋਕਰ ਖਾਈ ਹੈ
ਮਿਲਾ ਕੇ ਕਦਮ ਕਦਮ ਤੁਮ ਸੇ
ਗਹਿਰਾ ਜ਼ਖ਼ਮ ਜੋ ਹੈ ਦਿਲ ਮੇਂ
ਵਹ ਵੀ ਸਨਮ ਅਬ ਤੇਰਾ ਹੈ
ਮਨ ਮੇਰਾ ਯਹ ਤਨ ਮੇਰਾ
ਯਹ ਪਿਆਰ ਵੀ ਮੇਰਾ ਤੇਰਾ ਹੈ
ਮੇਰੇ ਦਿਲ ਕੀ ਹਰ ਧੜਕਨ
ਸਭ ਕੁਛ ਮੇਰਾ ਤੇਰਾ ਹੈ

ਹਮ ਨੇ ਕੀ ਵਫਾ ਤੁਮ ਸੇ
ਵਫਾ ਨਾ ਤੁਮ ਕੋ ਰਾਸ ਹੁਈ
ਹਰ ਸੁਬਾਹ ਤੋ ਥੀ ਉਦਾਸ ਮੇਰੀ
ਹਰ ਸ਼ਾਮ ਵੀ ਮੇਰੀ ਉਦਾਸ ਰਹੀ
ਕਾਲੇ ਅੰਧੇਰੇ ਸਾਏ ਨੇ
ਫਿਰ ਅਬ ਹਮਕੋ ਘੇਰਾ ਹੈ
ਮਨ ਮੇਰਾ ਯਹ ਤਨ ਮੇਰਾ
ਯਹ ਪਿਆਰ ਭੀ ਅਬ ਤੇਰਾ ਹੈ
ਮੇਰੇ ਦਿਲ ਕੀ ਹਰ ਧੜਕਨ
ਸਭ ਕੁਛ ਮੇਰਾ ਤੇਰਾ ਹੈ।

ਔਰ ਕਿਸੀ ਕੇ

ਨਾ ਕਭੀ ਸੋਚਾ ਥਾ ਐਸੇ
ਐਸਾ ਕਭੀ ਨਾ ਸਮਝਾ ਥਾ
ਪਲ ਹੀ ਪਲ ਮੇਂ ਤੁਮ ਸਨਮ
ਸਪਨੋਂ ਮੇਂ ਖੋ ਜਾਓਗੇ
ਔਰ ਕਿਸੇ ਕੇ ਹੋ ਜਾਓਗੇ
ਹਮ ਪੇ ਗੁਜਰਤੀ ਹੈ ਅਬ ਕਿਆ
ਕੈਸੇ ਤੁਮ੍ਹੇ ਹਮ ਬਤਲਾਏਂ
ਕਿਉਂ ਪਿਆਰ ਆਸ਼ਾਏ ਖਤਮ ਹੂਈਂ
ਦਿਲ ਸੇ ਨਿਕਲਤੀ ਹੈਂ ਕਿਉਂ ਆਹੇਂ
ਐਸਾ ਕਭ੍ਰੀ ਨਾ ਸੋਚਾ ਥਾ
ਛੋੜ ਕੇ ਨੱਈਆ ਬੀਚ ਭੰਵਰ ਮੇਂ
ਲਹਿਰੋਂ ਮੇਂ ਖੋ ਜਾਓਗੇ
ਪਲ ਹੀ ਪਲ ਮੇਂ ਤੁਮ ਸਨਮ
ਔਰ ਕਿਸੀ ਕੇ ਹੋ ਜਾਓਗੇ

ਯਹ ਦਿਲ ਅਬ ਹਰ ਪਲ ਰੋਤਾ ਹੈ
ਰੋ ਰੋ ਕੇ ਯਹ ਕਹਿਤਾ ਹੈ
ਪ੍ਰੀਤ ਲਗਾ ਕੇ ਤੁਮ ਸਨਮ
ਮੂੰਦ ਕੇ ਆਂਖੇ ਸੋ ਜਾਓਗੇ
ਨਾ ਕਭੀ ਸੋਚਾ ਥਾ ਐਸਾ
ਐਸਾ ਕਭੀ ਨਾ ਸੋਚਾ ਥਾ
ਪਲ ਹੀ ਪਲ ਮੇਂ ਤੁਮ ਸਨਮ
ਸਪਨੋ ਮੇਂ ਖੋ ਜਾਓਗੇ
ਔਰ ਕਿਸੀ ਕੇ ਹੋ ਜਾਓਗੇ।

## ਬਨ ਜੋਗਨ ਤੇਰੀ ਸ਼ਾਮ

ਬਨ ਜੋਗਨ ਮੈਂ ਤੇਰੀ ਸ਼ਾਮ
ਲੇਤੀ ਰਹੁੱ ਸਦਾ ਤੇਰਾ ਨਾਮ
ਭਰ ਭਰ ਤੇਰੇ ਪਿਆਰ ਕੇ ਜਾਮ
ਪੀਤੀ ਰਹੂੰ ਸੁਬਾਹ ਔਰ ਸ਼ਾਮ
ਹਰ ਫੂਲ ਹਰ ਕੋਮਲ ਡਾਲੀ
ਆਏ ਨਜ਼ਰ ਤੇਰੀ ਸ਼ਾਨ ਨਿਰਾਲੀ
ਹਰ ਸ਼ਾਮ, ਹਰ ਰਾਤ ਸਵੇਰੇ
ਮਿਲ ਕਰ ਗਾਏਂ ਸਭ ਗੁਣ ਤੇਰੇ
ਤੁਮ ਅਵਗੁਣ ਕੋ ਗੁਣ ਦੇਤਾ ਹੈ
ਛਿਣ ਮੇਂ ਦੁੱਖ ਸਭਕੇ ਹਰ ਦੇਤਾ ਹੈ
ਤੁਮ ਦੇਤਾ ਹੈ ਸਬਕੋ ਪਿਆਰ
ਸੱਚੇ ਜੀਵਨ ਕਾ ਇਕਰਾਰ
ਸੱਚਾ ਦੋਤ ਤੂੰ ਹੈਂ ਮਿਹਰਬਾਨ
ਤੇਰੇ ਦਰ ਪੇ ਸਭ ਕੁਛ ਕੁਰਬਾਨ
ਦੀਨ ਦੁਖੀਓਂ ਕਾ ਤੂੰ ਰਖਵਾਲਾ
ਤੂੰ ਮੇਰੇ ਸ਼ਾਮ ਕਿਸ਼ਨ ਗੋਪਾਲਾ
ਕਿਰਪਾ ਕਰਦੇ ਮੇਰੇ ਹਜੂਰ
'ਦੀਪਕ' ਜੀਵਨ ਹੈ ਮਜਬੂਰ
ਦੁੱਖ ਦਰਦ ਮੇਰਾ ਕਰਦੇ ਦੂਰ

## ਕਭੀ ਨਾ ਕਭੀ

ਕਭੀ ਨਾ ਕਭੀ ਕਹੀਂ ਨਾ ਕਹੀਂ
ਸਾਮ੍ਹਨੇ ਅਪਨੇ ਆਏਂਗੇ
ਰੂਠੇ ਹੁਏ ਦੇਖ ਕੇ ਹਮ ਕੋ
ਖ਼ੁਦ ਹੀ ਆਪ ਮਨਾਏਂਗੇ

ਅਰਮਾਨੋ ਕੋ ਆਗ ਲਗੀ ਹੈ
ਉਨਕੋ ਬਤਾਏਂ ਹਮ ਕੈਸੇ
ਦਿਲ ਕੀ ਕਲੀ ਮੁਰਝਾਈ ਹੈ
ਉਨਕੋ ਦਿਖਾਏਂ ਹਮ ਕੈਸੇ
ਹਮ ਪੇ ਗੁਜ਼ਰੇ ਜੋ ਚਾਹੇ
ਉਫ ਨਾ ਜ਼ਬਾਂ ਪੇਂ ਲਾਏਂਗੇ
ਕਭੀ ਨਾ ਕਭੀ ਕਹੀਂ ਨਾ ਕਹੀਂ
ਸਾਮ੍ਹਨੇ ਅਪਨੇ ਆਏਂਗੇ
ਰੂਠੇ ਹੂਏ ਦੇਖ ਕੇ ਹਮ ਕੋ
ਖ਼ੁਦ ਹੀ ਆਪ ਮਨਾਏਂਗੇ

ਹਮਾਰੀ ਵਫਾ ਕਾ ਗਹਿਰਾ ਅਸਰ
ਜਬ ਉਨ ਪਰ ਹੋ ਜਾਏਗਾ
ਫਿਰ ਯਾਦ ਹਮਾਰੀ ਆਏਗੀ
ਔਰ ਨਸ਼ਾ ਪਿਆਰ ਕਾ ਆਏਗਾ
ਖੋਜ ਹਮਾਰੀ ਕਰਨੇ ਕੋ
ਫਿਰ ਗਾਉਂ ਹਮਾਰੇ ਆਏਂਗੇ
ਕਭੀ ਨਾ ਕਭੀ ਕਹੀਂ ਨਾ ਕਹੀਂ
ਸਾਮ੍ਹਨੇ ਅਪਨੇ ਆਏਂਗੇ
ਰੂਠੇ ਹੁਏ ਦੇਖ ਕੇ ਹਮਕੋ
ਖ਼ੁਦ ਹੀ ਹਮੇਂ ਮਨਾਏਂਗੇ।

## ਸ਼ੇਰਾਂ ਵਾਲੀ ਮਾਤਾ

ਮੇਰੀ ਸ਼ੇਰਾਂ ਵਾਲੀ ਮਾਤਾ
ਮੈਂ ਕਰੂੰ ਤੇਰਾ ਜਗਰਾਤਾ
ਮੇਰੀ ਖਾਲੀ ਝੋਲੀ ਭਰਦੇ
ਤੂੰ ਅਪਨੀ ਰਹਿਮਤ ਕਰਦੇ

ਤੇਰਾ ਮਾਤਾ ਨੂਰ ਨਿਰਾਲਾ
ਦੇ ਅੰਮ੍ਰਿਤ ਭਰਾ ਪਿਆਲਾ
ਤੇਰੇ ਦੋ ਨੈਨੋਂ ਕੀ ਜੋਤੀ
ਹੈ ਸੂਚੇ ਹੀਰੇ ਮੋਤੀ
ਮੇਰੇ ਮਨ ਮੇਂ ਪ੍ਰੇਮ ਜਵਾਲਾ
ਤੇਰਾ ਰੂਪ ਹੈ ਮਸਤ ਨਿਰਾਲਾ
ਹਾਥ ਰਖ ਦੇ ਸਰ ਪਰ ਮਾਤਾ
ਮੈਂ ਕਰੂੰ ਤੇਰਾ ਜਗਰਾਤਾ
ਭਗਤ ਆਏ ਤੇਰੇ ਦਰ ਪੇ
ਤੂੰ ਅਪਨੀ ਰਹਿਮਤ ਕਰਦੇ
ਮੇਰੇ ਮਨ ਮੇਂ ਸ਼ੀਤ ਜਵਾਲਾ
ਤੂੰ ਕਰਦੇ ਮਾਂ ਉਜਾਲਾ
ਜਬ ਵੀ ਮੈਂ ਫਿਰ ਚਾਹੂੰ
ਤੇਰੇ ਸੁੰਦਰ ਦਰਸ਼ਨ ਪਾਊਂ
ਤੂੰ ਊਚੇ ਪ੍ਰਬਤ ਵਾਲੀ
ਮਾਤਾ ਦੁਖੀਓਂ ਕੀ ਰਖਵਾਲੀ
ਤੇਰੀ ਸ਼ਾਨ ਬਹੁਤ ਨਿਰਾਲੀ
ਕੋਈ ਦਰ ਸੇ ਜਾਏ ਨਾ ਖਾਲੀ
ਤੇਰਾ ਦਰਸ਼ਨ ਜੋ ਵੀ ਪਾਏ
ਨਾ ਦੁੱਖ ਉਸੇ ਸਤਾਏ
ਤੇਰੇ ਪ੍ਰੇਮ ਕੇ ਗੀਤ ਹੀ ਗਾਏ
ਤੇਰੇ ਦਰ ਪੇ ਦੀਪ ਜਲਾਏ
ਮੇਰੀ ਸ਼ੇਰੋਂ ਵਾਲੀ ਮਾਤਾ
ਮੈਂ ਕਰੂੰ ਤੇਰਾ ਜਗਰਾਤਾ
ਮੇਰੀ ਖਾਲੀ ਝੋਲੀ ਭਰਦੇ
ਤੂੰ ਅਪਨੀ ਰਹਿਮਤ ਕਰਦੇ।

ਮਿਲਾ ਨਾ ਤੇਰਾ ਸਾਥ

ਕਿਤਨੇ ਸਾਵਨ ਬੀਤ ਗਏ ਹੈਂ
ਕਿਤਨੇ ਚੇਤ ਬੇਸਾਖ
ਕਿਤਨੇ ਅਸੂ, ਕਾਤਕ ਫਾਗਨ
ਮਿਲਾ ਨਾ ਤੇਰਾ ਸਾਥ
ਬੀਤੀ ਜਾਏ ਅਨਮੋਲ ਜਵਾਨੀ
ਆ ਜਾ ਮੇਰੇ ਦਿਲਬਰ ਜਾਨੀ

ਸੁੰਦਰ ਜੀਵਨ ਔਰ ਜ਼ਿੰਦਗਾਨੀ
ਕਿਤਨੀ ਸੂਨੀ ਔਰ ਬੇਗਾਨੀ
ਮਨ ਮੇਰੇ ਕਾ ਉੱਖੜਾ ਚੈਨ
ਕਰੇ ਵਿਆਕੁਲ ਦਿਨ ਔਰ ਰੈਨ
ਕਿਤਨੀ ਸੂੰਨੀ ਰਹੀਂ ਬਹਾਰੇਂ
ਫੀਕੀ ਬਰਖਾ ਔਰ ਫਹਾਰੇਂ

ਨਾ ਆਇਆ ਫੂਲੋਂ ਪੇ ਰੰਗ
ਜਬ ਸੇ ਛੂਟਾ ਤੇਰਾ ਸੰਗ
ਜਬ ਸੇ ਤੂਨੇ ਹੈ ਮੁੱਖ ਮੋੜਾ
ਦਿਲ ਯਹ ਮੇਰਾ ਯੂੰ ਹੀ ਤੋੜਾ
ਕਭੀ ਨਾ ਦੇਖੀ ਬਦਰਿਯਾ ਕਾਲੀ
ਰੁੱਤ ਬਰਖਾ ਕੀ ਮੋਹਨੀ ਮਤਵਾਲੀ

ਕਾਲੀ ਕੋਇਲੀਆ ਗਾਏ ਗੀਤ
ਆ ਜਾ ਮੇਰੇ ਮਨ ਕੇ ਮੀਤ
ਇਸ ਬਾਰ ਸਾਵਨ ਜੋ ਆਏ
ਮੇਘਾ ਕੇ ਸੰਗ ਖੁਸ਼ੀਆਂ ਲਾਏ
ਫੂਲੋਂ ਪਰ ਆ ਜਾਏ ਨਿਖਾਰ
ਆ ਜਾਏ ਜੋ ਤੂੰ ਇਸ ਬਾਰ
ਮੇਰੇ ਜੀਵਨ ਕੀ ਬਗੀਆ ਮੇਂ

ਆ ਜਾਏ ਨਈ ਬਹਾਰ
ਲਗ ਕੇ ਗਲੇ ਤੁਮ੍ਹਾਰੇ ਸਈਆਂ
ਜੀ ਭਰ ਕੇ ਕਰੂੰ ਪਿਆਰ

## ਭਾਗ ਤੀਜਾ

## ਹਰਿਆਣਵੀ ਰੰਗ

### ਹਰਿਆਣਾ ਤੇਰੀ ਊਂਚੀ ਸ਼ਾਨ, ਦੀਪਕ ਕਰੇ ਤੁਮ੍ਹੇਂ ਪ੍ਰਣਾਮ

ਹਰਿਆਣੇ ਕੀ ਸ਼ੀਤਲ ਪਵਨ
ਔਰ ਖੇਤੋਂ ਕੀ ਸ਼ਾਨ ਨਿਆਰੀ
ਚਮਕੇ ਬਣਕੇ ਭਾਰਤ ਮੇਂ
ਕੇਸਰ ਕੀ ਸੁੰਦਰ ਕਿਆਰੀ

## ਬਸੰਤੀ ਘਾਗਰਾ

ਬਸੰਤੀ ਘਾਗਰਾ ਚੋਲੀ ਲਾਲ
ਗੋਰੀ ਚਲੇ ਮੋਰ ਕੀ ਚਾਲ
ਸੁੰਦਰ ਮੁੱਖੜਾ ਮਿਰਗਾ ਸੇ ਨੈਨ
ਲੇ ਜਾਏਂ ਮੇਰੇ ਦਿਲ ਕਾ ਚੈਨ
ਤੇਰੇ ਜੋਬਨ ਕੀ ਹਰਯਾਲੀ
ਖਿਲੇ ਫੂਲ ਦੋ ਉਪਰ ਡਾਲੀ
ਪਹਿਨ ਕੇ ਜਿਦੂਵਾਂ ਰੰਗ ਬਰੰਗ
ਚਲ ਗੋਰੀ ਤੂੰ ਮੇਰੇ ਸੰਗ
ਛੋੜ ਨਾ ਰੱਖੂ ਕੋਈ ਕਸਰ
ਨਾ ਛੂਐ ਤੁਮ੍ਹੇਂ  ਬੁਰੀ ਨਜ਼ਰ
ਸੁੰਦਰਤਾ ਅਨਮੋਲ ਹੈ ਗਹਿਣਾ
ਛੋਰੀ ਹਰਦਮ ਚੌਕਸ ਰਹਨਾ
ਤੇਰੇ ਜੋਬਨ ਕੀ ਰਖਵਾਲੀ
ਕਰੂੰਗਾ ਹਰਦਮ ਬਨਕੇ ਮਾਲੀ
ਤੇਰਾ ਜੋਬਨ ਘਨਾ ਨਿਰਾਲਾ
ਤੇਰੇ ਰੂਪ ਕਾ ਮੈਂ ਮਤਵਾਲਾ
ਤੇਰੀ ਆਂਖੇਂ ਤੇਜ਼ ਬਲੌਰੀ
ਕਰ ਜਾਏਂ ਜੋ ਦਿਨ ਮੇਂ ਚੋਰੀ
ਪਕੜ ਕੇ ਗੋਰੀ ਤੇਰਾ ਹਾਥ
ਸਦਾ ਰਹੂੰਗਾ ਤੇਰੇ ਸਾਥ

## ਕਾਟੇ ਤੋਰੀ ਪਾਇਲ

ਛੈਲ ਛਬੀਲੀ ਬਾਂਕੀ ਛੋਰੀ
ਕਾਟੇ ਤੋਰੀ ਪਾਇਲ
ਜਬ ਭੀ ਆਏ ਗਾਉਨ ਹਮਾਰੇ

ਕਰ ਜਾਏ ਤੂੰ ਘਾਇਲ
ਬਿਨ ਦੇਖੇ ਤੋਹੇ ਦਿਲ ਨਾ ਮਾਨੇ
ਤੜਪਤ ਮੋਰੇ ਨੈਨ
ਮਨ ਮੇਰਾ ਰਹੇ ਵਿਆਕੁਲ
ਉੜ ਗਿਆ ਦਿਲ ਸੇ ਚੈਨ
ਜੋਬਨ ਤੇਰਾ ਕੇਸਰ ਕੀ ਕਿਆਰੀ
ਮਿਰਗ ਜੈਸੇ ਤੇਰੇ ਨੈਨ
ਰਾਹ ਤੋਰੀ ਮੇਂ ਹਰਦਮ ਨਾਪੂੰ
ਸੁਬਾਹ, ਸ਼ਾਮ ਔਰ ਰੈਨ
ਰੂਪ ਤੇਰੇ ਕੋ ਸੁਬਾਹ ਕੀ ਲਾਲੀ
ਜੋਬਨ ਮੇਂ ਭਰ ਦੇ ਹਰਯਾਲੀ
ਤੂੰ ਸੁੰਦਰ ਮਨਮੋਹਨ ਛੋਰੀ
ਹਰਿਆਨੇ ਕੀ ਸ਼ਹਿਦ ਕਟੋਰੀ
ਭਰ ਕੇ ਅਪਨੇ ਪਿਆਰ ਕਾ ਪਿਆਲਾ
ਜੀ ਭਰ ਕੇ ਮੁਝੇ ਪਿਲਾ ਦੇ
ਦਿਲ ਕੇ ਸੂਨੇ ਆਂਗਨ ਮੇਂ
ਕੋਈ ਨਯਾਂ ਦੀਪ ਜਲਾ ਦੇ

## ਤੋਰੀ ਗੋਲੀ ਬਣਕੇ

ਕਰੂੰ ਬਾਜਰੇ ਕੀ ਰਾਖੀ, ਬਲਮ ਤੇਰੀ ਗੋਲੀ ਬਣਕੇ
ਦਿਲ ਪਰ ਹਾਥ ਰਖਕੇ, ਸੁਣ ਧੜਕਨ ਜੀਵਨ ਸਾਥੀ
ਜਬ ਤਕ ਜ਼ਿੰਦਾ ਰਹੂੰ, ਛੂਟੇ ਨਾ ਹਾਥ ਤੁਮ੍ਹਾਰਾ
ਤੇਰਾ ਮੇਰਾ ਪਿਆਰ ਚਮਕੇ, ਬਨ ਆਸਮਾਨ ਕਾ ਤਾਰਾ
ਰਾਤ ਦਿਨ ਗਾਤੀ ਰਹੂੰ, ਪਿਆਰ ਕੇ ਗੀਤ ਤੁਹਾਰੇ
ਖੇਤੋਂ ਮੇਂ ਨਾਚਤੀ ਫਿਰੂੰ ਤੋਰੇ ਪਿਆਰ ਸਹਾਰੇ
ਮਨ ਮੇਰਾ ਮਚਲ ਜਾਏ, ਜਬ ਆਤੀ ਹੈ ਚਾਂਦਨੀ ਰਾਤੇਂ
ਸਾਰੀ ਰਾਤ ਜਾਗਤੀ ਰਹੂੰ, ਕਰਤੀ ਤੁਹਾਰੀ ਬਾਤੇਂ

ਮਨ ਤੜਪਾਤੀ ਰਹੇ, ਪਿਆਰ ਕੀ ਯਾਦ ਸੁਹਾਨੀ
ਕਬ ਘਰ ਲੌਟੋਗੇ, ਮੇਰੇ ਦਿਲਬਰ ਜਾਨੀ
ਤੋਰੇ ਮੋਰੇ ਖੇਤੋਂ ਮੇਂ, ਆ ਜਾਏਂਗੀ ਫਿਰ ਗੁਲਜ਼ਾਰੇ
ਜਬ ਤੁਮ ਆਓਗੇ ਲੇਕਰ ਨਈ ਬਹਾਰੇਂ
ਹਾਥੋਂ ਮੇਂ ਹਾਥ ਲੇਕਰ
ਜਬ ਚਲੂੰਗੀ ਤੋਰੇ ਸੰਗ ਸਾਥੀ
'ਦੀਪਕ' ਤੋਰੀ ਗੋਲੀ ਬਨਕੇ
ਕਰੂੰ ਬਾਜਰੇ ਕੀ ਰਾਖੀ

## ਘੂੰਗਟ ਕੇ ਨੀਚੇ

ਤੇਰੇ ਘੂੰਗਟ ਕੇ ਨੀਚੇ ਛੁਪਾ ਹੈ ਕਿਹਾ ਗੋਰੀ
ਦੇਖ ਚਾਹੇ ਛੋਹਰੇ ਕਰਨਾ ਮਤ ਚੋਰੀ
ਮੁੱਖੜਾ ਚਾਂਦ ਸਾ ਰਖੇ ਕਿਉਂ ਛੁਪਾਏ ਗੋਰੀ
ਪਾਪੀ ਨਜ਼ਰ ਨਾ ਖਾ ਜਾਏ ਤੋਰੀ
ਆਂਖੋਂ ਕੀ ਆਤਸ਼ ਤੇਰੀ ਗਿਰਾਤੀ ਹੈ ਬਿਜਲੀ
ਦੇਖ ਦੇਖ ਜਾਨ ਮੇਰੀ ਜਾਤੀ ਹੈ ਨਿਕਲੀ
ਹੋਟੋਂ ਕੀ ਖੁਸ਼ਬੂ ਕਾ ਹਰ ਕੋਈ ਦੀਵਾਨਾ
ਢੂੰਡੇ ਤੇਰੇ ਰਾਹੋਂ ਮੇਂ ਜੀਨੇ ਕਾ ਬਹਾਨਾ
ਪਾਇਲ ਤੇਰੇ ਪਾਉਂ ਕੀ ਗਾਏ ਮਧੁਰ ਗੀਤ
ਮੀਠਾ ਲਗੇ ਪਿਆਰ ਤੇਰਾ ਸੁਹਾਨੀ ਤੇਰੀ ਪ੍ਰੀਤ
ਚੋਲੀ ਮੇਂ ਛੁਪਾ ਤੇਰੀ ਜੋਬਨ ਬੜਾ ਜ਼ਾਲਮ
ਦੇਖ ਦੇਖ ਪਾਗਲ ਹੂਆ ਸਾਰਾ ਆਲਮ
ਕਰਤੀ ਹੈ ਜਬ ਤੂ ਮਸਤ ਨੈਨੋਂ ਕਾ ਇਸ਼ਾਰਾ
ਭਟਕਤੇ ਦੀਵਾਨੋਂ ਕੋ ਮਿਲ ਜਾਏ ਸਹਾਰਾ
ਸੁਹਾਨੀ ਰਾਤ ਗੋਰੀ ਦੀਪਕ ਜਲਾ ਕੇ
ਘੂੰਗਟ ਵਾਲੇ ਚਾਂਦੀ ਕੀ ਝਲਕ ਦਿਖਾ ਕੇ

## ਬੋਲੇ ਕੋਇਲੀਆ

ਬਰਖਾ ਕੀ ਆਈ ਰੁੱਤ
ਬੋਲੇ ਕੋਇਲੀਆ
ਮੀਠੇ ਮੀਠੇ ਬੋਲ ਤੇਰੇ
ਮਨ ਮੋਰਾ ਮੋਹ-ਲੀਆ
ਤਾਕ ਰਹੀ ਰਾਹ ਤੇਰੀ
ਬਾਦਲੋਂ ਕੀ ਛਾਉਂ ਮੇਂ
ਹਾਰ ਗਈ ਅਕੇਲੀ ਰਹਿ ਕੇ
ਪੀਯਾ ਤੋਰੇ ਗਾਉਂ ਮੇਂ
ਆਂਸੂਉਂ ਸੇ ਮਨ ਅਪਨਾ
ਮਲ ਮਲ ਧੋਏ ਲੀਆ
ਆ ਜਾ ਬਲਮ ਧੋਰੇ ਕਰੂੰ ਫਰਯਾਦ ਮੇਂ
ਦਿਲ ਇਹ ਉਦਾਸ ਰਹੇ ਛੋਰੇ ਤੋਰੀ ਯਾਦ ਮੇਂ
ਲਾਖ ਯਤਨ ਕਰੂੰ ਧੀਰੇ ਧੀਰੇ ਰੋਏ-ਲੀਆ
ਬਿਨ ਤੋਰੇ ਸਾਜਨਾ ਲਗਤਾ ਨਹੀਂ ਮਨ ਮੋਰਾ
ਲੂਟ ਨਾ ਜਾਏ ਕੋਈ ਅਨਮੋਲ ਧਨ ਤੋਰਾ
ਬਿਰਹਾ ਕੀ ਪੀੜ ਨੇ ਚੈਨ ਮੋਰਾ ਖੋਏ-ਲਿਆ
ਲਿਖਤੇ ਨਹੀਂ ਖਤ ਮੋਹੇ ਕਬ ਤੁਮ ਆਉਗੇ
ਇਤਨਾ ਬਤਾ ਦੋ ਮੁਝੇ ਕਿਤਨਾ ਸਤਾਉਗੇ
ਬੁਰਾ ਹਾਲ ਹੋਨਾ ਥਾ ਜੋ
ਦੇਖ ਲੇ ਤੂੰ ਹੋਏ-ਲੀਆ
ਬਰਖਾ ਕੀ ਰੁੱਤ ਆਈ
ਬੋਲੇ ਕੋਇਲੀਆ

## ਨਈ ਬਹਾਰ

ਖਿਲੀ ਖੇਤੋਂ ਮੇਂ ਨਈ ਬਹਾਰ
ਸੁੰਦਰ ਸਲੋਨੀ, ਚੰਚਲ ਨਾਰ
ਘੱਘਰਾ ਲਾਲ, ਬਸੰਤੀ ਚੋਲੀ
ਕਰਤੀ ਰਹਿਤੀ ਆਂਖ ਮਚੋਲੀ
ਤੇਰੀ ਪਾਇਲ ਕੀ ਝਨਕਾਰ
ਪਾਸ ਬੁਲਾਏ ਬਾਰ ਬਾਰ
ਤੇਰੇ ਮਾਥੇ ਕਾ ਸੁੰਦਰ ਚੰਦੂਆ
ਮੁੱਖੜਾ ਖ਼ੂਬ ਸਜਾਏ
ਪਿਆਰ ਕੇ ਪਿਆਸੇ
ਪਰਦੇਸੀ ਕੋ
ਅਪਨੀ ਔਰ ਬੁਲਾਏ
ਦਿਲ ਕੀ ਹਰ ਨੱਸ ਨੱਸ ਮੇਂ ਬਸ ਕੇ
ਦੇ ਦੇ ਐਸਾ ਪਿਆਰ
ਜੀਵਨ ਕੇ ਸੂੰਨੇ ਆਂਗਨ ਮੇਂ
ਆ ਜਾਏ ਨਈ ਬਹਾਰ
ਤੇਰੀ ਸੁੰਦਰ ਆਂਖੋਂ ਕਾ ਜਾਦੂ
ਕਰ ਲੀਆ ਚੈਨ ਮੋਰਾ ਕਾਬੂ
ਤੜਪਤ ਹਰ ਪਲ ਮੋਰੇ ਨੈਣ
ਨਾ ਬੀਤੇ ਅਬ ਕਾਲੀ ਰੈਨ
ਮੀਠਾ ਪਿਆਰ ਕਾ ਗੀਤ ਸੁਨਾ ਦੇ
ਆਸ਼ਾਓਂ ਕਾ ਦੀਪ ਜਲਾ ਦੇ

## ਖਿਲੀ ਨਈ ਬਹਾਰ

ਖਿਲੀ ਨਈ ਬਹਾਰ ਗੋਰੀ ਤੇਰੇ ਗਾਉਂ ਮੇਂ
ਨਏ ਫੂਲ ਗੁਲਜ਼ਾਰ ਛੋਹਰੀ ਤੇਰੇ ਗਾਉਂ ਮੇਂ
ਦੇਖ ਕੇ ਰੂਪ ਤੇਰਾ ਚੰਦਾ ਭੀ ਸ਼ਰਮਾਏ

ਕਰੇ ਅੰਧੇਰਾ ਘੂਪ ਤੋਰੇ ਬਾਲੋਂ ਕੇ ਸਾਏ
ਪਿਆਰ ਤੇਰੇ ਕੇ ਗੀਤ ਗਾਏ ਹਰ ਛੋਹਰਾ
ਜਬ ਸੇ ਲਗੀ ਹੈ ਪ੍ਰੀਤ ਨਾਚੇ ਮਨ ਮੋਰਾ
ਦੇਖ ਕੇ ਜੋਬਨ ਚੰਚਨ, ਤੇਰਾ ਮਸਤਾਨਾ
ਬਣ ਗਿਆ ਤੋਰੀ ਸੁੰਦਰਤਾ ਕਾ ਦੀਵਾਨਾ
ਧਰਕੇ ਮਟਕਾ ਸਰ ਪੇ, ਜਬ ਜਾਏ ਪਾਣੀ ਕੋ
ਦੇਖ ਕੇ ਰੂਪ ਤੋਰਾ, ਹੋ ਨਸ਼ਾ ਜਵਾਨੀ ਕੋ
ਖੈਂਚ ਕੇ ਡੋਲਾ ਕੁਏਂ ਸੇ ਭਰਤੀ ਹੈ ਜਬ ਪਾਨੀ
ਲਗੇ ਪੰਜਾਬੀ ਹੀਰ, ਤੂੰ ਹਰਿਆਨੇ ਕੀ ਰਾਨੀ
ਪਾਨੀਪਤ, ਕਰਨਾਲ ਛੋਹਰੀ ਥਨੇਸਰ ਕੀ
ਭਰਦੇ ਦਿਲ ਮੇਂ ਪਿਆਰ, ਤੂੰ ਕਿਆਰੀ ਕੇਸਰ ਕੀ
ਗੀਤ ਤੋਰੇ ਪਿਆਰ ਕੇ ਮੈਂ ਹਰਦਮ ਗਾਤਾ ਰਹੂੰ
'ਦੀਪਕ' ਤੋਰੇ ਪਿਆਰ ਕੇ ਸਦਾ ਜਲਾਤਾ ਰਹੂੰ

## ਗਾਉਂ ਕੀ ਗੋਰੀ

ਤੂੰ ਗਾਉਂ ਕੀ ਗੋਰੀ, ਸ਼ਹਿਰ ਕਾ ਮੈਂ ਬਾਬੂ
ਤੋਰੇ ਨੈਨਾਂ ਕੀ ਡੋਰੀ, ਕਰ ਲੀਆ ਦਿਲ ਕਾਬੂ
ਪਾਉਂ ਤੋਰੇ ਕੀ ਪਾਇਲ, ਕਰਤੀ ਜਬ ਛੱਨ ਛੱਨ
ਖੈਂਚ ਲੈ ਮੇਰੀ ਜਨ, ਔਰ ਮੇਰਾ ਤਨ ਮਨ
ਸ਼ੋਰ ਤੋਰੇ ਰੂਪ ਕਾ ਸੁਨ ਕੇ ਗਾਉਂ ਮੇ
ਨਾਚੇ ਮੇਰਾ ਮਨ ਮੋਰ, ਪੀਪਲ ਕੀ ਛਾਉਂ ਮੇਂ
ਹਰ ਸੁਬਾਹ ਔਰ ਸ਼ਾਮ ਮੇਂ ਦੇਖੂੰ ਰਾਹ ਤੋਰਾ
ਰਹੇ ਨਾ ਕਾਬੂ ਛੋਰੀ, ਚੰਚਲ ਮਨ ਮੋਰਾ
ਪਿਆਰ ਤੇਰੇ ਕੇ ਗੀਤ ਗਾਏ ਦੀਵਾਨਾ
ਤੂੰ ਸਮ੍ਹਾਂ ਮਹਿਫਲ ਕੀ ਮੈਂ ਹੂੰ ਪਰਵਾਨਾ
ਦਿਲ ਮੇਂ ਉੱਤਰੀ ਜਾਏ ਜੋ ਤਸਵੀਰ ਤੋਰੀ
ਬਦਲ ਕੇ ਰਖਦੇਗੀ ਯੇਹ ਤਕਦੀਰ ਮੋਰੀ
ਸਾਥੀ ਬਚਪਨ ਕੇ ਦੋਨੋ, ਜਬ ਮਿਲ ਜਾਏਂਗੇ

ਲਗੀ ਨਿਆਰੀ ਪ੍ਰੀਤ ਸਦਾ ਨਿਭਾਏਂਗੇ
ਛੋਟਾ ਸਾ ਘਰ ਅਪਨਾ ਨਯਾ ਬਨਾਏਂਗੇ
'ਦੀਪਕ' ਰੂਪ ਕਾ ਤੋਰਾ ਗੋਰੀ ਜਲਾਏਂਗੇ।

## ਚਾਂਦ ਚਕੋਰੀ

ਆ ਜਾ ਮਿਲ ਕੇ ਪ੍ਰੀਤ ਨਿਭਾਏਂ
ਜੈਸੇ ਚਾਂਦ ਚਕੋਰੀ
ਦੂਰ ਬਾਟ ਸੇ ਮਿਲਨੇ ਆਊਂ
ਚੰਚਲ ਨਾਰ ਤੂੰ ਸੁੰਦਰ ਛੋਰੀ
ਮਨ ਕੋ ਚੈਨ ਨਾ ਆਏ ਇਕ ਪਲ
ਜਬ ਸੇ ਮਿਲੀ ਹੈ ਯਹ ਆਂਖੇਂ
ਸੁਨਨੇ ਕੋ ਦਿਲ ਤਰਸ ਰਹਾ ਹੈ
ਗੋਰੀ ਤੋਰੀ ਮੀਠੀ ਬਾਤੇਂ
ਚਲਤੇ ਚਲਤੇ ਥੱਕ ਜਾਤੇ ਹੈਂ
ਯਹ ਦੁਸ਼ਮਨ ਪਾਉਂ ਹਮਾਰੇ
ਰਾਤ ਅੰਧੇਰੀ ਬਾਟ ਕਟੇ ਨਾ
ਕੈਸੇ ਆਉਂ ਗਾਉਂ ਤੁਮ੍ਹਾਰੇ
ਖ਼ੂਨ ਜਿਗਰ ਕਾ ਪੀ ਲੇਤੀ ਹੈ
ਥਾਨੇਸਰ ਕੀ ਛੋਰੀ
ਕਬ ਸੇ ਦੇਖੂੰ ਰਾਹ ਤੋਰੀ ਮੈਂ
ਬਨ ਕੇ ਏਕ ਸਵਾਲੀ
ਯਹ ਨਖਰੇ ਕਬ ਛੋੜੇਗੀ ਤੂੰ
ਖਿਲੇ ਫੂਲ ਕੀ ਡਾਲੀ
ਦਿਲ ਕੀ ਹਰ ਧੜਕਨ
ਹਰ ਟਿਕ ਟਿਕ
ਲਿਏ ਜਾਤੀ ਹੈ ਤੇਰਾ ਨਾਮ
ਤੇਰਾ ਪਿਆਰ ਸਤਾਏ ਹਰ ਪਲ
ਬਿਨ ਸੋਚੇ ਅਨਜਾਮ

ਏਕ ਬਾਰ ਫਿਰ ਮਿਲ ਜਾ ਆ ਕੇ
ਮੇਰੀ ਸ਼ਹਿਦ ਕਟੋਰੀ
ਆ ਜਾ ਮਿਲ ਕੇ ਪ੍ਰੀਤ ਨਿਭਾਏਂ
ਜੈਸੇ ਚਾਂਦ ਚਕੋਰੀ

## ਮੇਰੇ ਗਾਉਂ ਮੇਂ

ਜਬ ਸੇ ਆਈ ਹੈ ਤੂ ਮੇਰੇ ਗਾਉਂ ਮੇਂ
ਚੁਭਤੀ ਰਹੇ ਬਣ ਕਾਂਟਾ ਮੇਰੇ ਪਾਉਂ ਮੇਂ
ਸੁਬਾਹ, ਦੁਪਹਿਰ ਔਰ ਸ਼ਾਮ ਢਲੇ
ਬੂਝੂੰ ਰਾਹ ਤੋਰਾ ਕੂਏਂ ਪੇ ਆਮ ਤਲੇ
ਤੂੰ ਕਿਤਨੀ ਨਿਰਮੋਹੀ ਔਰ ਹੈ ਜ਼ਾਲਮ
ਤੂੰ ਬਦਲੀ ਨਹੀਂ ਅਬ ਤੱਕ, ਬਦਲ ਗਿਆ ਆਲਮ
ਤੇਰੇ ਦਿਲ ਮੇਂ ਪਿਆਰ ਕੀ ਚਾਹੈ ਨਹੀ ਕਦਰ
ਸੁਣ ਲੇ ਇਤਨੀ ਬਾਤ ਛੋਹਰੀ ਤੂੰ ਮਗਰ
ਬਿਨਾਂ ਪਿਆਰ ਕੇ ਨਹੀਂ ਜੀ ਸਕਤਾ ਕੋਈ
ਕਿਤਨਾ ਸ਼ਕਤੀਸ਼ੀਲ ਬਨ ਜਾਏ ਕੋਈ
ਪਿਆਰ ਹੈ ਭਰੋਸਾ, ਔਰ ਈਮਾਨ ਹੈ
ਬਿਨਾ ਪਿਆਰ ਕੇ ਆਦਮੀ ਸ਼ੈਤਾਨ ਹੈ
ਤੂੰ ਹੈ ਔਰਤ ਤੋਰੀ ਸੁੰਦਰਤਾ ਪਿਆਰ ਹੈ
ਤੇਰੇ ਚੰਚਲ ਜੋਬਨ ਮੇਂ ਇਕਰਾਰ ਹੈ
ਜਿਸ ਸ਼ਕਤੀ ਕੇ ਸਾਏ ਮੇਂ ਹੈ ਤੂੰ ਖੜੀ
ਪਿਆਰ ਕਰਨੇ ਵਾਲੋ ਸੇ ਨਾਂ ਕਰ ਅੜੀ
ਇਕ ਦਿਨ ਤੋਰੇ ਜੀਵਨ ਮੇਂ ਨਾਂ ਆਏ ਘੜੀ
ਨਾ ਤੁਮੇਂ ਕੋਈ ਚਾਹੈ ਤੂੰ ਰਹੇ ਖੜੀ
ਕੋਈ ਨਹੀਂ ਆਵੇਗਾ ਫਿਰ ਤੇਰੇ ਗਾਉਂ ਮੇਂ
ਕਾਲਾ ਅੰਧੇਰਾ ਚਾਰੋਂ ਔਰ ਛਾ ਜਾਏਗਾ
ਤੇਰੇ ਲੀਏ ਨਾ 'ਦੀਪਕ' ਕੋਈ ਜਲਾਏਗਾ

ਘਟਾ ਫਿਰ ਸਾਵਣ ਕੀ

ਆਈ ਘਟਾ ਫਿਰ ਸਾਵਣ ਕੀ
ਤੋਰੇ ਲੌਟ ਕੇ ਗਾਉਂ ਆਵਨ ਕੀ
ਫਾਗਨ ਚੇਤ ਰਹੈ ਅਧੂਰੇ
ਜੇਠ ਹਾੜ ਨਾ ਹੋਏ ਸਪਨੇ ਪੂਰੇ
ਕਾਲੀ ਬਦਰੀਯਾ ਘਿਰ ਘਿਰ ਆਈ
ਪਿਆਰ ਸੰਦੇਸ਼ਾ ਲੇ ਕਰ ਆਈ
ਆਉਂਗਾ ਗਾਉਂ ਤੋਰੇ ਗੋਰੀ
ਮਤ ਘਬਰਾ ਜੀਂਦ ਦੀ ਛੋਰੀ
ਭਰ ਦੂੰਗਾ ਤੇਰੀ ਮਾਂਗ ਮੇਂ ਲਾਲੀ
ਹਾਥ ਮੇਂ ਕੰਗਨ ਔਰ ਗੁਲਾਲੀ
ਤੇਰੇ ਜੀਵਨ ਕੇ ਹਰ ਅੰਗ ਮੇਂ ਛੋਰੀ
ਖਿਲੇਂਗੇ ਫੂਲ ਔਰ ਹਰਯਾਲੀ
ਘਘਰਾ ਬਸੰਤੀ ਚੋਲੀ ਲਾਲ
ਰਹੂੰ ਮੈਂ ਹਰ ਪਲ ਤੋਰੇ ਨਾਲ
ਤੋਰਾ ਪਿਆਰ ਔਰ ਸੁਹਾਨੀ ਪ੍ਰੀਤ
ਤੇਰੇ ਮਿਲਨੇ ਕੀ ਮੀਠੀ ਗੀਤ
ਛੱਨ ਛੱਨ ਪਾਉਂ ਕੀ ਪਾਇਲ ਤੋਰੀ
ਕਰਤੀ ਜਾਏ ਗਾਉਂ ਮੇਂ ਸ਼ੋਰ
ਚੁਪਕੇ ਚੁਪਕੇ ਪਾਉਂ ਧਰਾ ਕਰ
ਸੁੰਦਰ ਸ਼ਾਂਤੀ ਮਨ ਮੋਹਨੀ ਚਿੱਤ ਚੋਰ
ਦਿਲ ਮੇਰੇ ਕਾ ਆਂਗਨ ਸੂਨਾ
ਪਿਆਰ ਕੇ ਫੂਲ ਖਿਲਾ ਦੇ
ਅਪਨੇ ਸੁੰਦਰ ਜੋਬਨ ਕਾ
ਇੱਕ ਨਯਾ ਰੂਪ ਦਿਖਾ ਦੇ

ਨੰਗਲ ਸਰੋਈ ਕੀ ਸੁੰਦਰ ਛੋਰੀ

ਜਬ ਕੁਏਂ ਪੇ ਸ਼ਾਮ ਸਵੇਰੇ
ਖੈਚੇਂ ਡੋਲ ਕੀ ਡੋਰੀ
ਜੋਬਨ ਤੋਰਾ ਸੌ ਬਲ ਖਾਏ
ਨੰਗਲ ਸਰੋਈ ਕੀ ਸੁੰਦਰ ਛੋਰੀ
ਛਨ ਛਨ ਕਰਤੇ ਹਾਥੋਂ ਕੇ ਕੰਗਨ
ਝੱਨਕ ਝੱਨਕ ਪਾਇਲ ਝਨਕਾਰ
ਮਟਕ ਮਟਕ ਜਬ ਪਾਉਂ ਧਰੇ ਤੂੰ
ਚੋਪਾਲ ਕੇ ਉਸ ਪਾਰ
ਦਿਲ ਕੀ ਹਰ ਧੜਕਨ ਮੇਂ ਬਸ ਗਿਆ
ਗੋਰੀ ਤੋਰਾ ਚੰਚਲ ਪਿਆਰ
ਬਨ ਗਿਆ ਦੀਵਾਨਾ ਤੋਰਾ
ਦੇਖ ਤੁਮ੍ਹੇਂ ਇਕ ਵਾਰ
ਕਿਤਨੀ ਸੁੰਦਰ ਕੋਮਲ ਔਰ ਨਿਆਰੀ
ਮਹਿਕ ਰਹੀ ਕੇਸਰ ਕੀ ਕਿਆਰੀ
ਚਮਕ ਚਮਕ ਤੋਰੇ ਨੈਣ ਬਲੌਰੀ
ਕਰ ਜਾਏ ਦਿਲ ਮੋਰਾ ਚੋਰੀ
ਜਬ ਵੀ ਆਉਂ ਗਾਉਂ ਤੇਰੇ
ਤੋਰਾ ਪਿਆਰ ਰਸਤਾ ਘੇਰੇ
ਤੋਰੀ ਯਾਦੋਂ ਕੇ ਗੀਤ ਮੈਂ ਗਾਉਂ
ਰਾਹ ਤੋਰੀ ਮੇਂ ਦੀਪ ਜਲਾਉਂ

## ਭਾਗ ਚੌਥਾ

## ਉਰਦੂ ਸ਼ਾਇਰੀ

ਇਨਸਾਨ ਹੂੰ ਇਨਸਾਨੀਅਤ ਹੈ ਮੇਰਾ ਇਮਾਨ,
ਹਰ ਮਜ਼ਹਬ ਦੀਨ ਧਰਮ ਕੋ 'ਦੀਪਕ' ਸਲਾਮ

ਹਿੰਦੂ ਮੁਸਲਿਮ ਸਿੱਖ ਈਸਾਈ
ਕਰੋ ਇਬਾਦਤ ਬਣ ਕੇ ਸਭ ਭਾਈ
ਭਾਰਤ ਹੈ ਤੁਮ ਸਭ ਕਾ ਦੇਸ਼
ਸਮਝੋ ਨਾ ਇਸ ਕੋ ਪ੍ਰਦੇਸ

ਟਿਮ ਟਿਮਾਤਾ ਰਹਿਣੇ ਦੋ ਦੀਪਕ

ਦਿਲ ਦੁਖਾਨੇ ਕੀ ਬਾਤਂ ਕਰਤੇ ਹੋ
ਆ ਕੇ ਜਾਨੇ ਕੀ ਬਾਤ ਕਰਤੇ ਹੋ
ਹਿਜਰ ਮੇਂ ਬੇਕਰਾਰ ਰਹਿਤਾ ਹੂੰ
ਰੂਠ ਜਾਨੇ ਕੀ ਬਾਤ ਕਰਤੇ ਹੋ
ਭੀਗੀ ਭੀਗੀ ਸੀ ਰਾਤ ਸੁਬਹ ਉਦਾਸ
ਕਿਉਂ ਨਾ ਆਨੇ ਕੀ ਬਾਤ ਕਰਤੇ ਹੋ

ਯੇਹ ਨਜ਼ਾਰੇ ਯੇਹ ਕੈਫ ਯੇਹ ਮਸਤੀ
ਕਿਉਂ ਰੁਲਾਨੇ ਕੀ ਬਾਤ ਕਰਤੇ ਹੋ
ਉਮਰ ਭਰ ਕੇ ਲੀਏ ਥੇ ਵਾਇਦੇ ਤੇਰੇ
ਭੂਲ ਜਾਨੇ ਕੀ ਬਾਤ ਕਰਤੇ ਹੋ
ਬੇਕਰਾਰੀ ਸੇ ਬੇਜ਼ਾਰੀ ਹੈ
ਕਿਉਂ ਸਤਾਨੇ ਕੀ ਬਾਤ ਕਰਤੇ ਹੋ
ਇਕ ਮੁੱਦਤ ਸੇ ਹੂੰ ਸ਼ਹੀਦੇ-ਵਫਾ
ਆਜ਼ਮਾਨੇ ਕੀ ਬਾਤ ਕਰਤੇ ਹੋ
ਮੇਰੀ ਦੁਨੀਆ ਪੇ ਛਾ ਚੁੱਕੇ ਹੋ ਤੁਮ
ਭੂਲ ਜਾਨੇ ਕੀ ਬਾਤ ਕਰਤੇ ਹੋ
ਟਿਮ ਟਿਮਾਤਾ ਰਹਿਨੇ ਦੋ 'ਦੀਪਕ'
ਕਿਉਂ ਬੁਝਾਨੇ ਕੀ ਬਾਤ ਕਰਤੇ ਹੋ।

## ਸ਼ਮਾਅ

ਵਫੂਰੇ-ਸ਼ੌਕ ਸੇ ਮਹਿਫਲ ਮੇਂ ਸ਼ਮਾ ਜਲਤੀ ਰਹੀ ਸਾਰੀ ਰਾਤ
ਪੁਰਜ਼ੋਰ ਰਕਸੇ-ਵਫਾ, ਹੋਤਾ ਰਹਾ ਪਰਵਾਨੋਂ ਕਾ ਸਾਰੀ ਰਾਤ
ਖਿੜਕੀਆਂ ਤੋਂ ਖੁਲੀ ਹੀ ਥੀਂ, ਦਰੀਚੇ ਵੀ ਖੁਲੇ ਰਹੇ
ਕੁਛ ਅਜਬ ਸਾ ਮਾਹੌਲ ਥਾ ਮਹਿਖਾਨੇ ਕਾ ਸਾਰੀ ਰਾਤ
ਰਿੰਦ ਤੋ ਬੇਹੋਸ਼ ਥੇ ਸਾਕੀ ਵੀ ਥਾ ਮਦਹੋਸ਼,
ਟਕਰਾਤੇ ਰਹੇ ਫਿਰ ਵੀ ਪੈਮਾਨੇ ਸਾਰੀ ਰਾਤ
ਆਸਮਾਂ ਪੇ ਛਾ ਰਹੀ ਥੀ ਯੂੰ ਧੁੰਧ ਧੂਏਂ ਕੀ ਧਾਰ ਕੀ
ਲਿਖਤੀ ਰਹੀ ਹੋ ਦਾਸਤਾਨ ਦੀਵਾਨੋਂ ਕੀ ਸਾਰੀ ਰਾਤ
ਗ਼ਮਜ਼ਦਾ ਦਿਲ ਸ਼ਮਾ ਕਾ ਨਾ ਹੋ ਜਾਏ ਕਹੀਂ 'ਦੀਪਕ'
ਨਾ ਲਾ ਸਕੇ ਲਬੋ ਪੇ ਹਮ
ਇਕ ਆਹ ਵੀ ਸਾਰੀ ਰਾਤ

## ਨਿਗਾਹੇ ਸ਼ੌਂਕ

ਨਿਗਾਹੇ-ਸ਼ੌਂਕ ਸੇ ਦੇਖੋ
ਕਰਕੇ ਸੀਧੀ ਨਿਗਾਹ ਅਪਨੀ
ਨਿਗਾਹ ਸੀਧੀ ਗਰ ਹੋ ਜਾਏ
ਤੋ ਸ਼ੌਂਕੇ-ਦੀਦਾਰ ਬੜ੍ਹਤਾ ਹੈ
ਨਿਗਾਹ ਲੇ ਆਤੀ ਹੈ ਬਹੁਤ ਕਰੀਬ
ਅਕਸਰ ਪਿਆਰ ਕਰਨੇ ਵਾਲੋਂ ਕੋ
ਕਰੀਬ ਆਨੇ ਸੇ ਅੰਦਾਜ਼ਾਏ ਪਿਆਰ ਬੜ੍ਹਤਾ ਹੈ
ਹਕੀਕੀ ਪਿਆਰ ਕੀ ਬਦੌਲਤ
ਤੋ ਹੋ ਜਾਤਾ ਹੈ ਮਿਹਰਬਾਨ ਸਾਕੀ
ਰਿੰਦ ਝੂਮ ਕਰ ਨਿਕਲੇਂ
ਉਸਕਾ ਵਕਾਰ ਬੜ੍ਹਤਾ ਹੈ
ਪਿਲਾਨੇ ਲਗ ਜਾਏ ਯਕਸਾਂ
ਨਜ਼ਰੋਂ ਕੇ ਪੈਮਾਨੇ ਸੇ
ਕਰੀਬ ਰਹਿਨੇ ਕਾ ਇਸਰਾਰ ਬੜ੍ਹਤਾ ਹੈ
ਰੋਸ਼ਨ ਹੋ ਜਾਏ ਹਰ ਗੋਸ਼ਾ
ਤੇਰੇ ਮਹਿਖਾਨੇ ਦਾ ਐ ਸਾਕੀ
ਬਾ-ਵੱਕਤੇ ਸ਼ੱਬ 'ਦੀਪਕ' ਜਲਾਨੇ ਕਾ
ਇਕਰਾਰ ਬੜ੍ਹਤਾ ਹੈ।

## ਘਟਾ ਸਾਵਣ ਕੀ

ਬਹੁਤ ਯਾਦ ਆਤੇ ਹੋ ਤੁਮ
ਜਬ ਘਟਾ ਸਾਵਣ ਕੀ ਆਤੀ ਹੈ
ਫਿਰ ਖ਼ੁਸ਼ਨੁਮਾ ਤਸਵੀਰ ਤੇਰੀ
ਮੇਰੀ ਆਂਖੋਂ ਮੇਂ ਸਮਾ ਜਾਤੀ ਹੈ
ਤੁਮ੍ਹਾਰਾ ਆਨਾ, ਮਿਲਨਾ ਮੁਸਕਰਾਨਾ

ਬਣ ਚੁੱਕਾ ਹੈ ਹਿੱਸਾ ਜ਼ਿੰਦਗੀ ਕਾ
ਹਰ ਰਾਤ ਤਨਹਾਈਓਂ ਮੇਂ
ਤੇਰੀ ਯਾਦ ਸਤਾਤੀ ਹੈ
ਤੇਰੇ ਚਾਂਦ ਸੀ ਪੇਸ਼ਾਨੀ ਪੇ
ਯੂੰ ਜ਼ੁਲਫੋਂ ਕਾ ਬਿਖਰ ਜਾਨਾ
ਲਗਤੀ ਹੈਂ ਕਾਲੀ ਘਟਾ
ਦਿਲਫਰੇਬ ਮੰਜ਼ਰ ਅਬ ਤਕ ਭੂਲੇ ਨਹੀਂ
ਪਹਿਰੋਂ ਕਰਤੇ ਥੇ ਬਾਤੇਂ ਹਮ ਦੋਨੋਂ
ਫੁਰਕਤ ਕੀ ਹਰ ਘੜੀ ਤੜਪਾਤੀ ਹੈ
ਹਾਥੋਂ ਕੇ ਕੰਗਣ ਔਰ ਪਾਉਂ ਕੀ ਪਾਇਲ
ਸੁਨਾਤੀ ਥੀ ਤੇਰੇ ਗੀਤ ਸੁਹਾਣੇ
ਪੁਰ-ਸਕੂੰ ਦਿਲ ਮੇਂ ਹਲਚਲ ਮਚਾ ਜਾਤੀ ਹੈ
ਯਾਦ ਕਰੂੰ ਯਾਦ ਰਖੂੰ ਯਾ ਨਾ ਤੁਮ੍ਹੇਂ
ਸੋਚਤੇ ਯਿਹ ਮਾਜਰਾ 'ਦੀਪਕ'
ਹਰ ਰਾਤ ਨਿਕਲ ਜਾਤੀ ਹੈ।

ਸ਼ਿੱਕਵਾ

ਨਹੀਂ ਕੋਈ ਸ਼ਿੱਕਵਾ ਨਾ ਤੁਮ ਸੇ ਸ਼ਿਕਾਇਤ
ਤੇਰੀ ਬੇ ਰੁਖੀ ਕੀ ਹੈ ਹਮ ਪੇ ਇਨਾਇਤ
ਤੇਰੀ ਅਦਾਓਂ ਕੇ ਚੰਚਲ ਇਸ਼ਾਰੇ
ਬਨ ਗਏ ਹੈਂ ਮਹਿਮਾਨ ਹਮਾਰੇ
ਕੀਆ ਅਰਮਾਨੋਂ ਕਾ ਖ਼ੂਨ ਤੂ ਨੇ
ਜਲਾਏ ਰੱਖਾ ਦੀਪਕ ਉਸਕੀ ਖ਼ੁਸ਼ਬੂ ਨੇ
ਸਹਾਰੇ ਯਾਦੋਂ ਕੇ ਅਬ ਜੀ ਰਹੇ ਹੈਂ
ਅਫਸੁਰਦਾ ਦਿਲ ਕਾ ਦਾਮਨ ਕਾਂਟੋਂ ਸੇ ਸੀ ਰਹੇ ਹੈਂ
ਤੇਰਾ ਪਿਆਰ ਰਖਤੇ ਹੈ ਹਮ ਬਿਲ-ਮੁਕਾਬਲ

ਨਾ ਮਾਨਾਂ ਜਿਸੇ ਤੂ ਨੇ ਕਭੀ ਅਪਨੇ ਕਾਬਿਲ
ਭੂਲੇ ਨਹੀਂ ਅਭੀ ਖ਼ੁਸ਼-ਨੁਮਾ ਨਜ਼ਾਰੇ
ਛੂਤੇ ਥੇ ਹਾਥ ਤੇਰੇ ਧੀਰੇ ਸੇ ਜਬ ਹਮਾਰੇ
ਕਰ ਦੀਆ ਬਰਬਾਦ ਮੇਰੀ ਖ਼ੁਸ਼ੀਉਂਕਾ ਆਲਮ
ਕਰਕੇ ਨਿਗਾਹ ਟੇਹੜੀ ਦਿਲ ਫਰੇਬ ਜ਼ਾਲਮ
ਦਿਲ ਤੋੜਨੇ ਕੀ ਨਾ ਬਦਲੀ ਰਿਵਾਇਤ
ਤੇਰੀ ਬੇ-ਰੁਖੀ ਕੀ ਹੈ ਹਮ ਪੇ ਇਨਾਇਤ

## ਵੋਹ ਰਾਤ

ਯਾਦ ਆਤੀ ਹੈ ਹਰ ਰਾਤ ਵੋਹ ਰਾਤ
ਉਨਸੇ ਹੁਸੀਨ ਮੁਲਾਕਾਤ ਕੀ ਰਾਤ
ਪਾਕ, ਓ ਮੁਕੱਦਸ ਦਾਸਤਾਨ ਕੀ ਰਾਤ
ਇਸ਼ਕੋ ਮੁਹਬੱਤ ਕੇ ਇਮਤਿਹਾਨ ਕੀ ਰਾਤ
ਰੰਗੀਨ ਔਰ ਜਵਾਨ ਥੀ ਸਿਤਾਰੋਂ ਭਰੀ ਰਾਤ
ਚਾਂਦ ਔਰ ਚਾਂਦਨੀ ਕੀ ਮੁਰਾਦੋਂ ਭਰੀ ਰਾਤ
ਵਲਾ ਉਨਕੇ ਹੁਸਲੋ ਜਮਾਲ ਕੀ ਰਾਤ
ਤੜਪਾਤੀ ਰਹੀ ਹਮੇਂ ਹਰ ਲਮ੍ਹਾ ਸਾਰੀ ਰਾਤ
ਗੁਲਾਬੀ ਹੋਟੋਂ ਕੀ ਖ਼ੁਸ਼ਬੂ ਔਰ ਆਤਸ਼ ਭਰੀ ਆਂਖੇਂ
ਕਰਤੀ ਰਹੀ ਬਰਪਾ ਕਿਆਮਤ ਸਾਰੀ ਰਾਤ
ਮੁੱਦਤ ਹੂਈ ਉਨਸੇ ਮੁਲਾਕਾਤ ਹੂਏ
ਤਕਤੇ ਹੀ ਰਾਹ ਗੁਜ਼ਰ ਜਾਤੀ ਹੈ ਸਾਰੀ ਰਾਤ
ਸਾਥ ਰਹਨੇ ਕਾ ਜ਼ਿਕਰ ਕਰਤੇ ਥੇ
ਖਾ ਜਾਤੀ ਹੈ ਜੁਦਾਈ ਕੀ ਹਰ ਕਾਲੀ ਰਾਤ
ਅਰਮਾਨੋਂ ਕਾ ਜਨਾਜ਼ਾ ਉਠਤਾ ਹੈ ਹਰ ਸੁਬਹ
ਕਰਤੇ ਥੇ ਹਮ ਸਜਦੇ ਉਨਕੇ ਸਾਰੀ ਰਾਤ
ਉਨਕੇ ਆਨੇ ਔਰ ਜਾਨੇ ਮੇਂ ਕੋਈ ਫ਼ਰਕ ਨਹੀਂ
ਦਿਖਾਤੇ ਨਹੀਂ ਹੈਂ ਸੂਰਤ ਅਬ ਤੋ ਸਾਰੀ ਰਾਤ
ਯਿਹ ਇਸ਼ਕ ਔਰ ਮੁਹਬੱਤ ਆਖਿਰ ਸ਼ੈ ਕਿਆ ਹੈ

ਸੋਚਤੇ ਯਿਹ ਮਾਜਰਾ ਨਿਕਲ ਜਾਤੀ ਹੈ ਸਾਰੀ ਰਾਤ
ਬਾਰ ਬਾਰ ਅਬ ਉਨਕੋ ਕਿਆ ਯਾਦ ਦਿਲਾਏਂ
ਦਿਲ ਕਰਤਾ ਜੋ ਸ਼ਿੱਕਵੇ ਚਾਹੇ ਸਾਰੀ ਰਾਤ
ਮਾਜ਼ੀ ਕੇ ਸਭ ਕਿੱਸੇ ਤੁਮ ਭੁਨ ਜਾਓ 'ਦੀਪਕ'
ਉਨਸੇ ਮਿਲਨੇ ਮਿਲਾਨੇ ਕੀ ਚਾਹਤ ਭਰੀ ਰਾਤ

## ਦਿਲਕਸ਼ ਇਸ਼ਾਰੇ

ਉਨਕੀ ਜ਼ੁਲਫੋਂ ਕੇ ਸਾਏ ਤਲੇ
ਦੇਖੇ ਹੈਂ ਹਮ ਨੇ ਨਜ਼ਾਰੇ ਕਈ
ਮਸਤ ਆਂਖੋਂ ਕੀ ਪਲਕੋਂ ਮੇਂ
ਛੁਪੇ ਦਿਲਕਸ਼ ਇਸ਼ਾਰੇ ਕਈ
ਮਿਲਾ ਨਹੀਂ ਅਬ ਤੱਕ ਹਮੇਂ
ਗੋ ਅਪਨੀ ਵਫਾਉਂ ਕਾ ਸਿਲਾ
ਮਿਲ ਗਏ ਗੈਰੋਂ ਕੋ ਫਿਰ ਭੀ
ਪੁਰ-ਸਕੂੰ ਸਹਾਰੇ ਕਈ
ਉਨਕੀ ਅਦਾਉਂ ਪੇ ਹਰਦਮ
ਰਹੇ ਕਰਤੇ ਹਮ ਨਾਜ਼
ਬੇ ਨਿਆਜ਼ੀ ਬੇ ਰੁਖੀ ਨੇ
ਜੀ ਭਰ ਕੇ ਦੀਏ ਅੰਗਾਰੇ ਕਈ
ਸਿਤਮ ਜੋ ਢਾਏ ਆਪ ਨੇ
ਹੈ ਜ਼ੱਰਾ ਨਿਵਾਜ਼ੀ ਆਪ ਕੀ
ਮਹਿਫਲ ਮੇਂ ਦੇਖੋ ਆਪ ਕੀ
ਬੈਠੇ ਹੈਂ ਰਕੀਬ ਹਮਾਰੇ ਕਈ
ਬੁਲਾ ਲੀਆ ਪੂਛਾ ਨਹੀਂ
ਕਿਆ ਹਮਾਰਾ ਹਾਲ ਹੈ
ਕਰਤੇ ਰਹੇ ਦਾਏਂ ਬਾਏਂ
ਗ਼ੈਰੋਂ ਸੇ ਇਸ਼ਾਰੇ ਕਈ
'ਦੀਪਕ' ਕੀ ਦੋਸਤੀ ਸੇ

ਉਨਕੋ ਅਬ ਕਿਆ ਹੈ ਵਾਸਤਾ
ਘੇਰ ਕਰ ਚਾਰੋਂ ਤਰਫ
ਬੈਠੇ ਹੈਂ ਪਿਆਰੇ ਕਈ

ਵਫਾ

ਦਿਲ ਮੇਂ ਉਤਰ ਜਾਏ ਨਾ
ਵੁਹ ਬਾਤ ਕਿਆ
ਹੋ ਨਾ ਸੁਬਹਾ ਜਿਸਕੀ
ਵੁਹ ਰਾਤ ਕਿਆ

ਚਰਚਾ ਵਫਾ ਕੀ ਆਪਦਾ
ਸੁਣਤੇ ਹੈਂ ਰਾਤ ਦਿਨ
ਜ਼ਿਕਰੇ-ਵਫਾ ਹਮਨੇ ਕੀਆ
ਤੋ ਹਮ ਕਿਆ ਔਰ ਆਪ ਕਿਆ
ਲਾਖ ਬਾਰ ਹੈਂ ਕਹਿ ਚੁਕੇ
ਕਿ ਹਮਕੋ ਹੈਂ ਤੁਮਸੇ ਪਿਆਰ
ਜੀ ਨਹੀਂ ਸਕਤੇ ਹੈਂ ਅਬ
ਦਿਲ ਕੋ ਨਹੀਂ ਆਤਾ ਕਰਾਰ
ਜ਼ੁਲਮੋ ਸਿਤਮ ਕੀ ਹੱਦ ਹੈ ਕੋਈ
ਕੁਛ ਤੋ ਸਮਝੋ ਮੇਰੇ ਯਾਰ
ਦਿਲ ਮੇਂ ਉਤਰ ਜਾਏ ਨਾ
ਵੋ ਬਾਤ ਕਿਆ
ਹੋ ਨਾ ਸੁਬਾਹ ਜਿਸਕੀ
ਵੁਹ ਰਾਤ ਕਿਆ

ਪਰੇਸ਼ਾਨੀਆਂ ਮੇਰੇ ਸਨਮ
ਯੂੰਹੀ ਨਾ ਬੜ੍ਹਾਇਆ ਕਰੋ
ਕਭੀ ਤੋ ਪਾਸ ਅਪਨੇ ਬੁਲਾ ਕਰ

'ਦੀਪਕ' ਕੋ ਅਪਨਾਇਆ ਕਰੋ
ਦਿਲ ਕੋ ਹੋਤੀ ਹੈ ਦਿਲ ਸੇ ਰਾਹ
ਸਮਝ ਤੋ ਲੋ ਏਕ ਬਾਰ
ਦਿਲ ਮੇਂ ਉਤਰ ਜਾਏ ਨਾ
ਵੋ ਬਾਤ ਕਿਆ
ਹੋ ਨਾ ਸੁਬਾਹ ਜਿਸ ਕੀ
ਵੋ ਰਾਤ ਕਿਆ

## ਸੂਖੀ ਆਂਖੋਂ ਸੇ

ਹਰ ਸੁਬਾਹ ਹਰ ਰਾਤ ਹੋਤੀ ਹੈ
ਬਿਨ ਬਾਦਲ ਸੂਖੀ ਆਂਖੋ ਸੇ
ਬਰਸਾਤ ਹੋਤੀ ਹੈ
ਉਮਡ ਉਮਡ ਕਰ ਮੀਠੀ ਯਾਦੋਂ ਕੇ ਬਾਦਲ
ਜਬ ਛਾ ਜਾਤੇ ਹੈਂ
ਚੁਪਕੇ ਚੁਪਕੇ ਖਿਆਲੋਂ ਮੇਂ
ਯਹੀ ਬਾਤ ਹਰ ਬਾਰ ਹੋਤੀ ਹੈ
ਕਬ ਆਏ ਹੋ, ਕਹਾਂ ਗਏ ਥੇ
ਕਰਤਾ ਹੂੰ ਮੈਂ ਯਹੀ ਸਵਾਲ
